Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
RE/MAX
Gurjatinder S. Randhawa
REALTOR CA DRE licence # 01490567
916-320-9444

Vol. 19, Issue- 904, 30Apr. to 06 May, 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕੀ ਕਾਂਗਰਸ 'ਚ 2026 ਚੋਣਾਂ ਤੋਂ ਪਹਿਲਾਂ ਵੱਡਾ ਬਦਲਾਅ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਜਨੀਤੀ ਵਿਚ 2026 ਦੀਆਂ ਮਿਡਟਰਮ ਚੋਣਾਂ ਤੋਂ ਪਹਿਲਾਂ ਵੱਡੀ ਹਲਚਲ ਦੇਖਣ ਨੂੰ ਮਿਲ ਰਹੀ ਹੈ। ਤਾਜ਼ਾ ਰਿਪੋਰਟ ਮੁਤਾਬਕ ਅਮਰੀਕੀ ਕਾਂਗਰਸ ਦੇ ਕੁੱਲ 66 ਮੈਂਬਰਾਂ ਨੇ ਐਲਾਨ ਕੀਤਾ ਹੈ ਕਿ ਉਹ ਅਗਲੀ ਚੋਣ ਵਿਚ ਮੁੜ ਮੈਦਾਨ ਵਿਚ ਨਹੀਂ ਉਤਰਣਗੇ। ਇਨ੍ਹਾਂ ਵਿਚ 55 ਮੈਂਬਰ ਹਾਊਸ ਆਫ ਰਿਪ੍ਰਿਜ਼ੈਂਟੇਟਿਵਜ਼ ਦੇ ਹਨ, ਜਦਕਿ 11 ਮੈਂਬਰ ਸੈਨੇਟ ਨਾਲ ਸੰਬੰਧਤ ਹਨ। ਇਸ ਫੈਸਲੇ ਨੇ ਦੋਵਾਂ ਵੱਡੀਆਂ ਪਾਰਟੀਆਂ ਡੈਮੋਕ੍ਰੈਟਿਕ ਅਤੇ ਰਿਪਬਲਿਕਨ ਵਿਚ ਚਿੰਤਾ ਅਤੇ ਨਵੀਆਂ ਰਣਨੀਤੀਆਂ ਦੀ ਲਹਿਰ ਪੈਦਾ ਕਰ ਦਿੱਤੀ ਹੈ।

ਰਿਪੋਰਟ ਅਨੁਸਾਰ ਹਾਊਸ ਦੇ 55 ਮੈਂਬਰਾਂ ਵਿਚੋਂ 20 ਡੈਮੋਕ੍ਰੈਟ ਅਤੇ 35 ਰਿਪਬਲਿਕਨ ਹਨ, ਜੋ ਮੁੜ ਚੋਣ ਨਹੀਂ

**■ 66 ਮੈਂਬਰ ਮੁੜ ਚੋਣ ਨਹੀਂ ਲੜਨਗੇ**




ਲੜਨਗੇ। ਇਨ੍ਹਾਂ ਵਿਚੋਂ ਕਈ ਸਿਆਸਤ ਤੋਂ ਸੰਨਿਆਸ ਲੈ ਰਹੇ ਹਨ, ਕੁਝ ਸੈਨੇਟ ਲਈ ਚੋਣ ਲੜਣ ਦੀ ਤਿਆਰੀ ਵਿਚ ਹਨ ਅਤੇ ਕਈ ਗਵਰਨਰ ਵਰਗੇ ਰਾਜ ਪੱਧਰੀ ਅਹੁਦਿਆਂ ਲਈ ਦਾਅਵੇਦਾਰ ਬਣ ਰਹੇ ਹਨ। ਇਸ ਨਾਲ ਕਈ ਮਹੱਤਵਪੂਰਨ ਹਲਕਿਆਂ ਵਿਚ ਨਵੇਂ ਚਿਹਰਿਆਂ ਲਈ ਦਰਵਾਜ਼ੇ ਖੁੱਲ੍ਹ ਗਏ ਹਨ।

ਸੈਨੇਟ ਵਿਚ ਵੀ 11 ਮੈਂਬਰਾਂ ਦੇ ਹਟਣ ਨਾਲ ਸਿਆਸੀ ਸਮੀਕਰਨ ਬਦਲ ਸਕਦੇ ਹਨ। ਇਨ੍ਹਾਂ ਵਿਚ 4 ਡੈਮੋਕ੍ਰੈਟ ਅਤੇ 7 ਰਿਪਬਲਿਕਨ ਮੈਂਬਰ ਹਨ। ਕੁਝ ਸੈਨੇਟਰ ਰਿਟਾਇਰਮੈਂਟ ਲੈ ਰਹੇ ਹਨ, ਜਦਕਿ ਕੁਝ ਹੋਰ ਅਹੁਦਿਆਂ ਲਈ ਆਪਣੀ ਕਿਸਮਤ ਅਜ਼ਮਾਉਣਗੇ। ਇਸ ਕਰਕੇ ਕਈ ਰਾਜਾਂ ਵਿਚ ਮੁਕਾਬਲੇ ਹੋਰ ਤੇਜ਼ ਹੋਣ ਦੀ ਸੰਭਾਵਨਾ ਹੈ।

ਸਿਆਸੀ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਜਿੱਥੇ ਮੌਜੂਦਾ ਮੈਂਬਰ ਹਟਦੇ ਹਨ, ਉੱਥੇ ਨਵੀਂ ਚੋਣ ਵਿਚ ਨਤੀਜੇ ਅਣਪੇਖੇ ਹੋ ਸਕਦੇ ਹਨ। ਖ਼ਾਸ ਕਰਕੇ ਉਹ ਸੀਟਾਂ ਜਿੱਥੇ ਪਿਛਲੀ ਚੋਣ ਵਿਚ ਜਿੱਤ ਦਾ ਫਰਕ ਬਹੁਤ ਘੱਟ ਸੀ, ਹੁਣ ਦੋਵਾਂ ਪਾਰਟੀਆਂ ਲਈ ਵੱਡੀ ਚੁਣੌਤੀ ਬਣ ਸਕਦੀਆਂ ਹਨ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਸਰਕਾਰ ਦਾ ਨਵਾਂ ਸਖ਼ਤ ਰੁਖ਼: ਰਾਜਨੀਤਿਕ ਵਿਚਾਰਾਂ ਕਾਰਨ ਵੀ ਗ੍ਰੀਨ ਕਾਰਡ ਹੋ ਸਕਦਾ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਨੀਤੀਆਂ ਨੂੰ ਲੈ ਕੇ ਟਰੰਪ ਪ੍ਰਸ਼ਾਸਨ ਇੱਕ ਵਾਰ ਫਿਰ ਸਖ਼ਤ ਰੁਖ ਵਿਚ ਨਜ਼ਰ ਆ ਰਿਹਾ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਗ੍ਰੀਨ ਕਾਰਡ ਅਰਜ਼ੀਕਾਰਾਂ ਦੀ ਜਾਂਚ ਲਈ ਨਵੇਂ ਮਾਪਦੰਡ ਲਾਗੂ ਕਰ ਰਹੀ ਹੈ, ਜਿਸ ਤਹਿਤ ਕੁਝ ਰਾਜਨੀਤਿਕ ਵਿਚਾਰ ਪ੍ਰਗਟ ਕਰਨ ਵਾਲੇ ਲੋਕਾਂ ਨੂੰ ਵੀ ਗ੍ਰੀਨ ਕਾਰਡ ਤੋਂ ਇਨਕਾਰ ਕੀਤਾ ਜਾ ਸਕਦਾ ਹੈ।

ਰਿਪੋਰਟ ਅਨੁਸਾਰ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਅੰਦਰੂਨੀ ਟ੍ਰੇਨਿੰਗ ਦਸਤਾਵੇਜ਼ਾਂ ਵਿਚ ਇਮੀਗ੍ਰੇਸ਼ਨ ਅਫਸਰਾਂ ਨੂੰ ਨਵੀਆਂ ਹਦਾਇਤਾਂ ਦਿੱਤੀਆਂ ਗਈਆਂ ਹਨ। ਇਨ੍ਹਾਂ



ਹਦਾਇਤਾਂ ਮੁਤਾਬਕ ਜੇਕਰ ਕੋਈ ਅਰਜ਼ੀਕਾਰ ਇਜ਼ਰਾਈਲ ਵਿਰੋਧੀ ਬਿਆਨ ਦਿੰਦਾ ਹੈ, ਫਲਸਤੀਨ ਪੱਖੀ ਪ੍ਰਦਰਸ਼ਨਾਂ ਵਿਚ ਹਿੱਸਾ ਲੈਂਦਾ ਹੈ ਜਾਂ ਕੁਝ ਹੋਰ ਰਾਜਨੀਤਿਕ ਗਤੀਵਿਧੀਆਂ ਨਾਲ ਜੁੜਿਆ ਹੋਇਆ ਮਿਲਦਾ ਹੈ, ਤਾਂ ਉਸਦੀ ਗ੍ਰੀਨ ਕਾਰਡ ਅਰਜ਼ੀ ਨੂੰ ਨਕਾਰਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ ਅਮਰੀਕੀ ਝੰਡਾ ਸਾੜਨ ਜਾਂ ਨਸ਼ਟ ਕਰਨ ਵਰਗੀਆਂ ਕਾਰਵਾਈਆਂ ਨੂੰ ਵੀ ਨਕਾਰਾਤਮਕ ਤੌਰ 'ਤੇ ਦੇਖਿਆ ਜਾ ਸਕਦਾ ਹੈ। ਸਰਕਾਰ ਦੇ ਮੁਤਾਬਕ ਇਹ ਕਦਮ ਰਾਸ਼ਟਰੀ ਸੁਰੱਖਿਆ, ਅਮਰੀਕੀ ਸੰਸਥਾਵਾਂ ਦੀ ਰੱਖਿਆ ਅਤੇ ਦੇਸ਼ ਦੇ ਮੁੱਲਾਂ ਨੂੰ ਬਚਾਉਣ ਲਈ ਚੁੱਕੇ ਜਾ ਰਹੇ ਹਨ।

ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਪਹਿਲਾਂ ਵੀ ਕਿਹਾ ਸੀ ਕਿ ਅਮਰੀਕਾ ਦੇ ਇਮੀਗ੍ਰੇਸ਼ਨ ਲਾਭ ਕੋਈ ਹੱਕ ਨਹੀਂ, ਸਗੋਂ ਇੱਕ ਵਿਸ਼ੇਸ਼ ਅਧਿਕਾਰ ਹਨ। ਏਜੰਸੀ ਦੇ ਬੁਲਾਰੇ ਨੇ ਕਿਹਾ ਸੀ ਕਿ ਜੋ ਲੋਕ ਅਮਰੀਕਾ ਨਾਲ ਨਫ਼ਰਤ ਕਰਦੇ ਹਨ ਜਾਂ ਐਂਟੀ-ਅਮਰੀਕਨ ਵਿਚਾਰਧਾਰਾ ਨੂੰ ਉਤਸ਼ਾਹਿਤ ਕਰਦੇ ਹਨ, ਉਨ੍ਹਾਂ ਨੂੰ ਇਹ ਲਾਭ ਨਹੀਂ ਦਿੱਤੇ ਜਾਣੇ ਚਾਹੀਦੇ।

■ ਬਾਕੀ ਖਬਰ ਸਫਾ 16 'ਤੇ

## ਅਮਰੀਕਾ 'ਚ ਜਨਮ-ਜਾਤ ਨਾਗਰਿਕਤਾ 'ਤੇ ਸੰਕਟ: ਭਾਰਤੀ ਪ੍ਰਵਾਸੀਆਂ ਅਤੇ ਆਰਥਿਕਤਾ 'ਤੇ ਪੈਣ ਵਾਲਾ ਪ੍ਰਭਾਵ

**ਵਾਸ਼ਿੰਗਟਨ, (ਪੰਜਾਬ ਮੇਲ)-** ਅਪ੍ਰੈਲ 2026 ਵਿਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ 'ਟਰੂਥ ਸੋਸ਼ਲ' 'ਤੇ ਇੱਕ ਵਿਵਾਦਤ ਸੰਦੇਸ਼ ਦੁਬਾਰਾ ਪੋਸਟ ਕੀਤਾ। ਇਸ ਵਿਚ ਦੋਸ਼ ਲਾਇਆ ਗਿਆ ਸੀ ਕਿ ਭਾਰਤ ਤੋਂ ਆਏ ਪ੍ਰਵਾਸੀ ਅਮਰੀਕੀ ਜਨਮਜਾਤ ਨਾਗਰਿਕਤਾ ਦੀ ਦੁਰਵਰਤੋਂ ਕਰਦੇ ਹਨ। ਸੰਦੇਸ਼ ਵਿਚ ਕਿਹਾ ਗਿਆ ਸੀ ਕਿ ਪ੍ਰਵਾਸੀ ਇੱਥੇ ਆਉਂਦੇ ਹਨ ਅਤੇ ਨੌਵੇਂ ਮਹੀਨੇ ਬੱਚੇ ਨੂੰ ਜਨਮ ਦਿੰਦੇ ਹਨ, ਜਿਸ ਨਾਲ ਬੱਚਾ ਤੁਰੰਤ ਅਮਰੀਕੀ ਨਾਗਰਿਕ ਬਣ ਜਾਂਦਾ ਹੈ।

ਇਹ ਟਿੱਪਣੀਆਂ ਟਰੰਪ ਦੀ ਉਸ ਮੁਹਿੰਮ ਦੇ ਸੰਦਰਭ ਵਿਚ ਕੀਤੀਆਂ ਗਈਆਂ ਸਨ, ਜਿਸਦਾ ਉਦੇਸ਼ ਅਮਰੀਕਾ ਵਿਚ ਗੈਰ-ਨਾਗਰਿਕ ਮਾਪਿਆਂ ਤੋਂ ਜਨਮੇ



ਬੱਚਿਆਂ ਲਈ ਜਨਮਜਾਤ ਨਾਗਰਿਕਤਾ ਨੂੰ ਖਤਮ ਕਰਨਾ ਸੀ। ਹਾਲ ਹੀ ਵਿਚ 'ਅਮਰੀਕਨ ਕਮਿਊਨਿਟੀ ਮੀਡੀਆ' ਵੱਲੋਂ ਆਯੋਜਿਤ ਇੱਕ ਬ੍ਰੀਫਿੰਗ ਵਿਚ, ਅਮਰੀਕਾ ਵਿਚ ਜਨਮਜਾਤ ਨਾਗਰਿਕਤਾ ਦਾ ਭਵਿੱਖ ਚਿੰਤਾ ਦਾ ਵਿਸ਼ਾ ਬਣ ਗਿਆ ਹੈ।

ਜਨਮਜਾਤ ਨਾਗਰਿਕਤਾ ਹੁਣ ਦਹਾਕਿਆਂ ਦੀ ਸਭ ਤੋਂ ਮਹੱਤਵਪੂਰਨ ਕਾਨੂੰਨੀ ਲੜਾਈਆਂ ਵਿਚੋਂ ਇੱਕ ਦੇ ਕੇਂਦਰ ਵਿਚ ਹੈ। ਸੁਪਰੀਮ ਕੋਰਟ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਉਸ ਕਾਰਜਕਾਰੀ ਆਦੇਸ਼ ਨੂੰ ਦਿੱਤੀ ਗਈ ਚੁਣੌਤੀ 'ਤੇ ਵਿਚਾਰ ਕਰ ਰਹੀ ਹੈ, ਜਿਸ ਵਿਚ ਗੈਰ-ਕਾਨੂੰਨੀ ਪ੍ਰਵਾਸੀਆਂ ਅਤੇ ਅਸਥਾਈ ਵੀਜ਼ਾ ਧਾਰਕਾਂ ਦੇ ਬੱਚਿਆਂ ਲਈ ਆਪਣੇ-ਆਪ ਨਾਗਰਿਕਤਾ ਮਿਲਣ ਨੂੰ ਖਤਮ ਕਰਨ ਦੀ ਮੰਗ ਕੀਤੀ ਗਈ ਹੈ।

ਇਸ ਵਿਚ ਨਾ ਸਿਰਫ 14ਵੀਂ ਸੋਧ ਨਾਲ ਜੁੜਿਆ ਸੰਵਿਧਾਨਕ ਸਵਾਲ ਦਾਅ 'ਤੇ ਹੈ, ਬਲਕਿ ਲੱਖਾਂ ਪ੍ਰਵਾਸੀ ਪਰਿਵਾਰਾਂ ਦਾ ਭਵਿੱਖ ਵੀ ਜੁੜਿਆ ਹੋਇਆ ਹੈ। ਇਨ੍ਹਾਂ ਵਿਚ ਵੱਡੀ ਗਿਣਤੀ ਕੁਸ਼ਲ ਭਾਰਤੀ ਪ੍ਰਵਾਸੀਆਂ ਦੀ ਹੈ, ਜਿਨ੍ਹਾਂ ਦਾ ਜੀਵਨ ਅਤੇ ਭਵਿੱਖ ਦੀਆਂ ਯੋਜਨਾਵਾਂ ਜਨਮ ਤੋਂ ਨਾਗਰਿਕਤਾ ਪ੍ਰਾਪਤ ਕਰਨ ਦੇ ਵਾਅਦੇ ਨਾਲ ਡੂੰਘਾਈ ਨਾਲ ਜੁੜੀਆਂ ਹੋਈਆਂ ਹਨ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਨੂੰ ਵੱਡਾ ਝਟਕਾ: ਫੈਡਰਲ ਅਦਾਲਤ ਵੱਲੋਂ ਅਸਾਇਲਮ ਪਾਬੰਦੀ ਗੈਰਕਾਨੂੰਨੀ ਕਰਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀ ਇੱਕ ਫੈਡਰਲ ਅਪੀਲ ਅਦਾਲਤ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਵੱਡਾ ਝਟਕਾ ਦਿੰਦਿਆਂ ਸਰਹੱਦ 'ਤੇ ਸ਼ਰਨ ਮੰਗਣ ਵਾਲਿਆਂ ਲਈ ਲਗਾਈ ਗਈ ਅਸਾਇਲਮ ਪਾਬੰਦੀ ਨੂੰ ਗੈਰਕਾਨੂੰਨੀ ਕਰਾਰ ਦਿੱਤਾ ਹੈ। ਡਿਸਟ੍ਰਿਕਟ ਆਫ ਕੋਲੰਬੀਆ ਸਰਕਟ ਲਈ ਅਮਰੀਕੀ ਅਪੀਲ ਅਦਾਲਤ ਦੇ ਤਿੰਨ ਜੱਜਾਂ ਦੇ ਪੈਨਲ ਨੇ ਕਿਹਾ ਕਿ ਮੌਜੂਦਾ ਇਮੀਗ੍ਰੇਸ਼ਨ ਕਾਨੂੰਨਾਂ ਤਹਿਤ ਲੋਕਾਂ ਨੂੰ ਅਮਰੀਕੀ ਸਰਹੱਦ 'ਤੇ ਅਸਾਇਲਮ ਲਈ ਅਰਜ਼ੀ ਦੇਣ ਦਾ ਹੱਕ ਹੈ ਅਤੇ ਰਾਸ਼ਟਰਪਤੀ ਇਕੱਲੇ ਫੈਸਲੇ ਨਾਲ ਇਹ ਹੱਕ ਖਤਮ ਨਹੀਂ ਕਰ ਸਕਦੇ।

ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ ਕਿ ਕਾਂਗਰਸ ਨੇ ਕਦੇ ਵੀ ਕਾਰਜਕਾਰੀ ਸ਼ਾਖਾ ਨੂੰ ਇੰਨਾ ਵਿਸ਼ਾਲ ਅਧਿਕਾਰ ਨਹੀਂ ਦਿੱਤਾ ਕਿ ਉਹ ਮੌਜੂਦਾ ਕਾਨੂੰਨੀ ਪ੍ਰਕਿਰਿਆ ਨੂੰ ਰੱਦ ਕਰ ਦੇਵੇ।



ਜੱਜਾਂ ਨੇ ਸਪੱਸ਼ਟ ਕੀਤਾ ਕਿ ਇਮੀਗ੍ਰੇਸ਼ਨ ਐਂਡ ਨੈਸ਼ਨੇਲਿਟੀ ਐਕਟ ਅਧੀਨ ਜਿਹੜੇ ਹੱਕ ਲੋਕਾਂ ਨੂੰ ਮਿਲੇ ਹੋਏ ਹਨ, ਉਨ੍ਹਾਂ ਨੂੰ ਪ੍ਰਸ਼ਾਸਨਿਕ ਹੁਕਮ ਨਾਲ ਨਹੀਂ ਹਟਾਇਆ ਜਾ ਸਕਦਾ। ਇਹ ਮਾਮਲਾ ਉਸ ਕਾਰਜਕਾਰੀ ਹੁਕਮ ਨਾਲ ਜੁੜਿਆ ਹੈ, ਜੋ ਡੋਨਾਲਡ ਟਰੰਪ ਨੇ 20 ਜਨਵਰੀ ਨੂੰ ਦਸਤਖ਼ਤ ਕਰਕੇ ਜਾਰੀ ਕੀਤਾ ਸੀ।

■ ਬਾਕੀ ਖਬਰ ਸਫਾ 16 'ਤੇ

## ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਪ੍ਰਸ਼ਾਸਨ ਦੀ ਮਹੱਤਵਪੂਰਨ ਅਪੀਲ ਸੁਣਨ ਲਈ ਮਨਜ਼ੂਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸੁਪਰੀਮ ਕੋਰਟ ਨੇ ਟਰੰਪ ਪ੍ਰਸ਼ਾਸਨ ਦੀ ਇੱਕ ਮਹੱਤਵਪੂਰਨ ਅਪੀਲ ਸੁਣਨ ਲਈ ਮਨਜ਼ੂਰ ਕਰ ਲਈ ਹੈ, ਜਿਸ ਵਿਚ ਪਰਵਾਸੀ ਖੇਤੀ ਮਜ਼ਦੂਰਾਂ ਲਈ ਰਹਿਣ-ਸਹਿਣ ਅਤੇ ਕੰਮਕਾਜ ਦੀਆਂ ਸਥਿਤੀਆਂ ਨੂੰ ਲੈ ਕੇ ਵੱਡਾ ਕਾਨੂੰਨੀ ਸਵਾਲ ਖੜ੍ਹਾ ਹੋਇਆ ਹੈ। ਇਹ ਮਾਮਲਾ ਐੱਚ-2ਏ ਵੀਜ਼ਾ ਪ੍ਰੋਗਰਾਮ ਨਾਲ ਜੁੜਿਆ ਹੋਇਆ ਹੈ, ਜਿਸ ਤਹਿਤ ਹਰ ਸਾਲ ਲੱਖਾਂ ਵਿਦੇਸ਼ੀ ਮਜ਼ਦੂਰ ਅਮਰੀਕਾ ਵਿਚ ਖੇਤੀਬਾੜੀ ਕੰਮ ਲਈ ਆਉਂਦੇ ਹਨ।

ਇਸ ਕੇਸ ਦੇ ਕੇਂਦਰ ਵਿਚ Sun Valley Orchards ਨਾਮ ਦੀ ਨਿਊ ਜਰਸੀ ਦੀ ਇੱਕ ਫਾਰਮ ਕੰਪਨੀ ਹੈ,

**■ ਪਰਵਾਸੀ ਖੇਤੀ ਮਜ਼ਦੂਰਾਂ ਦੀ ਰਿਹਾਇਸ਼ ਤੇ ਸੁਵਿਧਾਵਾਂ ਮਾਮਲੇ 'ਚ ਵੱਡੀ ਸੁਣਵਾਈ**



ਜਿਸ ਨੇ 2015 ਵਿਚ ਲਗਭਗ 96 ਵਿਦੇਸ਼ੀ ਮਜ਼ਦੂਰ ਮਿਰਚਾਂ ਅਤੇ ਐਸਪੈਰਾਗਸ ਦੀ ਕਟਾਈ ਲਈ ਰੱਖੇ ਸਨ। ਯੂ.ਐੱਸ. ਡਿਪਾਰਟਮੈਂਟ ਆਫ ਲੇਬਰ ਦਾ ਦੋਸ਼ ਹੈ ਕਿ ਫਾਰਮ ਵੱਲੋਂ ਮਜ਼ਦੂਰਾਂ ਨੂੰ ਬੁਨਿਆਦੀ ਸੁਵਿਧਾਵਾਂ ਨਹੀਂ ਦਿੱਤੀਆਂ ਗਈਆਂ। ਇਨ੍ਹਾਂ ਵਿਚ ਸਾਫ਼ ਪੀਣ ਵਾਲਾ ਪਾਣੀ, ਸਾਫ਼ ਵਾਸ਼ਰੂਮ ਅਤੇ ਖਾਣਾ ਬਣਾਉਣ ਲਈ ਰਸੋਈ ਵਰਗੀਆਂ ਜ਼ਰੂਰੀ ਸਹੂਲਤਾਂ ਸ਼ਾਮਲ ਹਨ।

ਸਰਕਾਰੀ ਜਾਂਚ ਅਨੁਸਾਰ ਮਜ਼ਦੂਰਾਂ ਤੋਂ 12-12 ਘੰਟੇ ਦੀ ਡਿਊਟੀ ਕਰਵਾਈ ਜਾਂਦੀ ਸੀ ਅਤੇ ਸਿਰਫ਼ ਇੱਕ ਘੰਟੇ ਦਾ ਬਰੇਕ ਮਿਲਦਾ ਸੀ। ਮਜ਼ਦੂਰਾਂ ਲਈ ਛੇ ਬੈੱਡਰੂਮ ਰੱਖੇ ਗਏ ਸਨ, ਜਿਨ੍ਹਾਂ ਵਿਚ ਹਰ ਕਮਰੇ ਵਿਚ 20 ਬੰਕ ਬੈੱਡਸ ਸਨ। ਜਿਹੜੀ ਰਸੋਈ ਦੀ ਸਹੂਲਤ ਦੇਣ ਦਾ ਵਾਅਦਾ ਕੀਤਾ ਗਿਆ ਸੀ, ਉੱਥੇ ਮਜ਼ਦੂਰਾਂ ਲਈ ਰਸੋਈ ਦੀ ਥਾਂ ਸੁਪਰਵਾਈਜ਼ਰ ਵੱਲੋਂ ਬੀਅਰ ਅਤੇ ਸਾਫਟ ਡਰਿੰਕਸ ਵੇਚੀਆਂ ਜਾਂਦੀਆਂ ਸਨ।

■ ਬਾਕੀ ਖਬਰ ਸਫਾ 16 'ਤੇ

## ਟਰੰਪ ਵੱਲੋਂ 140 ਨਵੇਂ ਇਮੀਗ੍ਰੇਸ਼ਨ ਜੱਜਾਂ ਦੀ ਭਰਤੀ; ਤਜ਼ਰਬੇ ਦੀ ਘਾਟ 'ਤੇ ਵੱਡਾ ਵਿਵਾਦ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਮਾਮਲਿਆਂ ਨੂੰ ਲੈ ਕੇ ਇੱਕ ਵੱਡੀ ਚਰਚਾ ਛਿੜ ਗਈ ਹੈ। ਤਾਜ਼ਾ ਰਿਪੋਰਟਾਂ ਮੁਤਾਬਕ ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ 140 ਨਵੇਂ ਇਮੀਗ੍ਰੇਸ਼ਨ ਜੱਜ ਭਰਤੀ ਕੀਤੇ ਗਏ ਹਨ, ਪਰ ਇਨ੍ਹਾਂ ਵਿਚੋਂ ਕਈ ਜੱਜਾਂ ਕੋਲ ਇਮੀਗ੍ਰੇਸ਼ਨ ਕਾਨੂੰਨ ਦਾ ਘੱਟ ਜਾਂ ਬਿਲਕੁਲ ਵੀ ਤਜ਼ਰਬਾ ਨਹੀਂ ਹੋਣ ਦੇ ਦਾਅਵੇ ਸਾਹਮਣੇ ਆਏ ਹਨ। ਇਸ ਮਾਮਲੇ ਨੇ ਅਮਰੀਕੀ ਸਿਆਸਤ, ਕਾਨੂੰਨੀ ਮਾਹਿਰਾਂ ਅਤੇ ਇਮੀਗ੍ਰੈਂਟ ਭਾਈਚਾਰਿਆਂ ਵਿਚ ਨਵੀਂ ਚਿੰਤਾ ਪੈਦਾ ਕਰ ਦਿੱਤੀ ਹੈ।

ਇਮੀਗ੍ਰੇਸ਼ਨ ਕੋਰਟਾਂ ਵਿਚ ਇਸ ਵੇਲੇ ਲੱਖਾਂ ਕੇਸ ਲੰਬਿਤ ਪਏ ਹਨ। ਸ਼ਰਣ ਮੰਗਣ ਵਾਲੇ, ਡਿਪੋਰਟੇਸ਼ਨ ਕੇਸ, ਵੀਜ਼ਾ



ਉਲੰਘਣਾ, ਗ੍ਰੀਨ ਕਾਰਡ ਨਾਲ ਜੁੜੇ ਮਾਮਲੇ ਅਤੇ ਹੋਰ ਕਈ ਸੰਵੇਦਨਸ਼ੀਲ ਕੇਸ ਸਾਲਾਂ ਤੋਂ ਫੈਸਲੇ ਦੀ ਉਡੀਕ ਕਰ ਰਹੇ ਹਨ। ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਨਵੇਂ ਜੱਜਾਂ ਦੀ ਭਰਤੀ ਨਾਲ ਇਹ ਬੈਕਲਾਗ ਘਟਾਇਆ ਜਾਵੇਗਾ ਅਤੇ ਕੇਸਾਂ ਦਾ ਫੈਸਲਾ ਤੇਜ਼ੀ ਨਾਲ ਹੋਵੇਗਾ।

ਪਰ ਆਲੋਚਕਾਂ ਦਾ ਦਾਅਵਾ ਹੈ ਕਿ ਜੱਜਾਂ ਦੀ ਭਰਤੀ ਗਿਣਤੀ ਦੇ ਆਧਾਰ 'ਤੇ ਕੀਤੀ ਗਈ ਹੈ, ਯੋਗਤਾ ਦੇ ਆਧਾਰ 'ਤੇ ਨਹੀਂ। ਰਿਪੋਰਟਾਂ ਵਿਚ ਕਿਹਾ ਗਿਆ ਹੈ ਕਿ ਬਹੁਤ ਸਾਰੇ ਨਵੇਂ ਜੱਜ ਪਹਿਲਾਂ ਕ੍ਰਿਮਿਨਲ ਲਾਅ, ਪ੍ਰੋਸੀਕਿਊਸ਼ਨ ਜਾਂ ਹੋਰ ਸਰਕਾਰੀ ਵਿਭਾਗਾਂ ਨਾਲ ਜੁੜੇ ਰਹੇ, ਪਰ ਉਨ੍ਹਾਂ ਕੋਲ ਇਮੀਗ੍ਰੇਸ਼ਨ ਕਾਨੂੰਨ ਦੀ ਗਹਿਰੀ ਸਮਝ ਨਹੀਂ ਹੈ।

ਇਸ ਤੋਂ ਇਲਾਵਾ, ਜੱਜਾਂ ਲਈ ਦਿੱਤੀ ਜਾਣ ਵਾਲੀ ਟ੍ਰੇਨਿੰਗ ਵੀ ਘਟਾਈ ਗਈ ਦੱਸੀ ਜਾ ਰਹੀ ਹੈ। ਪਹਿਲਾਂ ਲੰਬੇ ਸਮੇਂ ਦੀ ਤਿਆਰੀ ਹੁੰਦੀ ਸੀ, ਪਰ ਹੁਣ ਇਸਨੂੰ ਛੋਟਾ ਕਰ ਦਿੱਤਾ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਜੱਜਾਂ ਕੋਲ ਤਜ਼ਰਬਾ ਘੱਟ ਹੋਵੇ ਅਤੇ ਟ੍ਰੇਨਿੰਗ ਵੀ ਘੱਟ ਹੋਵੇ, ਤਾਂ ਹਜ਼ਾਰਾਂ ਪਰਿਵਾਰਾਂ ਦੀ ਕਿਸਮਤ ਪ੍ਰਭਾਵਿਤ ਹੋ ਸਕਦੀ ਹੈ।

■ ਬਾਕੀ ਖਬਰ ਸਫਾ 16 'ਤੇ

# ਪੈਂਟਾਗਨ ’ਚ ਪੱਤਰਕਾਰਾਂ ਦੀ ਪਹੁੰਚ ’ਤੇ ਅਸਥਾਈ ਪਾਬੰਦੀ

## ਅਦਾਲਤ ਨੇ ਕਿਹਾ; ਹੁਣ ਐਸਕਾਰਟ ਲਾਜ਼ਮੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰੱਖਿਆ ਵਿਭਾਗ (ਡਿਪਾਰਟਮੈਂਟ ਆਫ ਡਿਫੈਂਸ) ਨੂੰ ਵੱਡੀ ਕਾਨੂੰਨੀ ਰਾਹਤ ਮਿਲੀ ਹੈ ਕਿਉਂਕਿ ਫੈਡਰਲ ਅਪੀਲ ਅਦਾਲਤ ਨੇ ਫਿਲਹਾਲ ਪੱਤਰਕਾਰਾਂ ਲਈ ਪੈਂਟਾਗਨ ਵਿਚ ਬਿਨਾਂ ਐਸਕਾਰਟ ਘੁੰਮਣ ’ਤੇ ਪਾਬੰਦੀ ਲਗਾਉਣ ਦੀ ਇਜਾਜ਼ਤ ਦੇ ਦਿੱਤੀ ਹੈ।

ਤਿੰਨ ਜੱਜਾਂ ਦੀ ਬੈਂਚ ਨੇ ਸੋਮਵਾਰ ਨੂੰ 2-1 ਦੇ ਫੈਸਲੇ ਨਾਲ ਰੱਖਿਆ ਵਿਭਾਗ ਦੀ ਉਸ ਅਰਜ਼ੀ ਨੂੰ ਮਨਜ਼ੂਰ ਕਰ ਲਿਆ, ਜਿਸ ਵਿਚ ਹੇਠਲੀ ਅਦਾਲਤ ਦੇ ਹੁਕਮ ਦੇ ਇੱਕ ਹਿੱਸੇ ਨੂੰ ਰੋਕਣ ਦੀ ਮੰਗ ਕੀਤੀ ਗਈ ਸੀ। ਇਸ ਨਾਲ ਹੁਣ ਲਈ ਪੱਤਰਕਾਰਾਂ ਨੂੰ ਪੈਂਟਾਗਨ ਵਿਚ ਦਾਖਲ ਹੋਣ ਸਮੇਂ ਐਸਕਾਰਟ ਨਾਲ ਹੀ ਜਾਣਾ ਪਵੇਗਾ।

ਇਹ ਮਾਮਲਾ ਉਸ ਵੇਲੇ ਸਾਹਮਣੇ ਆਇਆ ਸੀ, ਜਦੋਂ **The New York Times** ਨੇ ਰੱਖਿਆ ਵਿਭਾਗ ਦੀ ਨਵੀਂ ਪਾਲਿਸੀ ਨੂੰ ਚੁਣੌਤੀ ਦਿੰਦਿਆਂ ਮਾਰਚ ਮਹੀਨੇ ਵਿਚ ਕੇਸ ਕੀਤਾ ਸੀ। ਉਸ ਵੇਲੇ ਡਿਸਟ੍ਰਿਕਟ ਜੱਜ ਪਾਲ ਫ੍ਰਾਈਡਮੈਨ ਨੇ ਇਸ ਪਾਲਿਸੀ ਦੇ ਖਿਲਾਫ ਫੈਸਲਾ ਦਿੱਤਾ ਸੀ।

ਸਤੰਬਰ 2025 ਵਿਚ ਲਾਗੂ ਕੀਤੇ ਗਏ ਨਿਯਮਾਂ ਮੁਤਾਬਕ, ਪੱਤਰਕਾਰਾਂ ਨੂੰ ਇੱਕ ਦਸਤਾਵੇਜ਼ ’ਤੇ ਦਸਤਖਤ ਕਰਨੇ ਪੈਂਦੇ ਸਨ, ਜਿਸ ਵਿਚ ਇਹ ਚੇਤਾਵਨੀ ਹੁੰਦੀ ਸੀ ਕਿ ਜੇ ਉਹ “ਸੁਰੱਖਿਆ ਖਤਰਾ” ਮੰਨੇ ਗਏ, ਤਾਂ ਉਨ੍ਹਾਂ ਦੀ ਪਹੁੰਚ ਰੱਦ ਕੀਤੀ ਜਾ ਸਕਦੀ ਹੈ — ਭਾਵੇਂ ਜਾਣਕਾਰੀ ਗੁਪਤ ਨਾ ਵੀ ਹੋਵੇ ਪਰ ਸੰਵੇਦਨਸ਼ੀਲ ਹੋ ਸਕਦੀ ਹੈ।

ਅਪੀਲ ਅਦਾਲਤ ਨੇ ਕਿਹਾ ਕਿ ਪੈਂਟਾਗਨ ਨੇ ਇਹ ਦਰਸਾਇਆ ਹੈ ਕਿ ਬਿਨਾਂ ਐਸਕਾਰਟ ਪਹੁੰਚ ਅਤੇ ਸੰਵੇਦਨਸ਼ੀਲ ਜਾਂ ਗੁਪਤ ਜਾਣਕਾਰੀ ਦੇ ਲੀਕ ਹੋਣ ਵਿਚ ਸੰਬੰਧ ਮਿਲਿਆ ਹੈ। ਇਸ ਲਈ ਇਹ ਨੀਤੀ ਰਾਸ਼ਟਰੀ ਸੁਰੱਖਿਆ ਦੇ ਹਿਤਾਂ ਨੂੰ ਮਜ਼ਬੂਤ ਕਰਦੀ ਹੈ।

ਹਾਲਾਂਕਿ, ਜੱਜਾਂ ਨੇ ਇਹ ਵੀ ਚੇਤਾਵਨੀ ਦਿੱਤੀ ਕਿ ਇਸ ਤਰ੍ਹਾਂ ਦੀਆਂ ਪਾਬੰਦੀਆਂ ਨਾਲ ਮੀਡੀਆ ਦੀ ਆਜ਼ਾਦੀ ਅਤੇ ਸਰਕਾਰੀ ਕਾਰਜਵਾਹੀ ਬਾਰੇ ਜਾਣਕਾਰੀ ਦੇ ਪ੍ਰਵਾਹ ’ਤੇ ਅਸਰ ਪੈ ਸਕਦਾ ਹੈ।

ਪੈਂਟਾਗਨ ਦੇ ਬੁਲਾਰੇ ਸੀਨ ਪਾਰਨੇਲ ਨੇ ਅਦਾਲਤੀ ਫੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਪੱਤਰਕਾਰਾਂ ਕੋਲ ਅਜੇ ਵੀ ਵੈਧ ਪ੍ਰੈੱਸ ਕਰੀਡੈਂਸ਼ਲ ਹਨ ਅਤੇ ਉਹ ਬ੍ਰੀਫਿੰਗ, ਪ੍ਰੈੱਸ ਕਾਨਫਰੰਸ ਅਤੇ ਇੰਟਰਵਿਊਜ਼ ਵਿਚ ਸ਼ਾਮਲ ਹੋ ਸਕਦੇ ਹਨ।

# ਕੈਲੀਫੋਰਨੀਆ ਅਦਾਲਤਾਂ ਵਿਚ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਦੀ ਰਿਪੋਰਟਿੰਗ ਲਈ ਨਵਾਂ ਨਿਯਮ ਲਾਗੂ

**ਸੈਕਰਾਮੈਂਟੋ, (ਪੰਜਾਬ ਮੇਲ)-** ਅਮਰੀਕਾ ਦੇ ਰਾਜ ਕੈਲੀਫੋਰਨੀਆ ਵਿਚ ਸੁਪੀਰੀਅਰ ਅਦਾਲਤਾਂ ਹੁਣ ਆਪਣੇ ਅਦਾਲਤੀ ਕੰਪਲੈਕਸਾਂ ਵਿਚ ਹੋਣ ਵਾਲੀਆਂ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ਦੀ ਵਿਸਥਾਰਪੂਰਵਕ ਰਿਪੋਰਟ ਤਿਆਰ ਕਰਨਗੀਆਂ। ਇਹ ਨਵਾਂ ਨਿਯਮ ਰਾਜ ਦੇ ਜੂਡੀਸ਼ੀਅਲ ਕੌਂਸਲ ਵੱਲੋਂ ਮਨਜ਼ੂਰ ਕੀਤਾ ਗਿਆ ਹੈ ਅਤੇ ਇਹ 1 ਮਈ ਤੋਂ ਲਾਗੂ ਹੋਵੇਗਾ।

ਨਵੇਂ ਨਿਯਮ ਅਨੁਸਾਰ ਅਦਾਲਤਾਂ ਨੂੰ ਹਰ ਉਸ ਗ੍ਰਿਫ਼ਤਾਰੀ ਦੀ ਜਾਣਕਾਰੀ ਦੇਣੀ ਹੋਵੇਗੀ, ਜੋ ਸਿਵਲ ਇਮੀਗ੍ਰੇਸ਼ਨ ਉਲੰਘਣਾ ਨਾਲ ਜੁੜੀ ਹੋਵੇ। ਇਸ ਵਿਚ ਗ੍ਰਿਫ਼ਤਾਰੀ ਦੀ ਤਾਰੀਖ, ਸਮਾਂ, ਸਥਾਨ, ਕਾਰਵਾਈ ਕਰਨ ਵਾਲੀ ਏਜੰਸੀ ਦਾ ਨਾਮ ਅਤੇ ਇਹ ਜਾਣਕਾਰੀ ਸ਼ਾਮਲ ਹੋਵੇਗੀ ਕਿ ਕੀ ਵਾਰੰਟ ਦਿਖਾਇਆ ਗਿਆ ਸੀ ਜਾਂ ਨਹੀਂ ਅਤੇ ਕੀ ਅਧਿਕਾਰੀ ਯੂਨੀਫਾਰਮ ਵਿਚ ਸਨ ਜਾਂ ਨਹੀਂ।

ਰਾਜ ਦੀ ਅਦਾਲਤੀ ਪ੍ਰਣਾਲੀ ਦਾ ਕਹਿਣਾ ਹੈ ਕਿ ਇਸ ਕਦਮ ਦਾ ਮਕਸਦ ਇਹ ਸਮਝਣਾ ਹੈ ਕਿ ਅਜਿਹੀਆਂ ਗ੍ਰਿਫ਼ਤਾਰੀਆਂ ਕਿੰਨੀ ਵਾਰ ਅਤੇ ਕਿਵੇਂ ਹੋ ਰਹੀਆਂ ਹਨ ਅਤੇ ਇਹ ਅਦਾਲਤੀ ਪ੍ਰਣਾਲੀ ’ਤੇ ਕੀ ਅਸਰ ਪਾ ਰਹੀਆਂ ਹਨ।

ਬੁੱਟ ਕਾਊਂਟੀ ਸੁਪੀਰੀਅਰ ਕੋਰਟ ਦੇ ਅਧਿਕਾਰੀ ਸ਼ਰੀਫ਼ ਐਲਮੱਲਾਹ ਨੇ ਕਿਹਾ ਕਿ ਜਦੋਂ ਲੋਕ ਡਰ ਕਰਕੇ ਅਦਾਲਤਾਂ ਵਿਚ ਆਉਣ ਤੋਂ ਕਤਰਾਉਂਦੇ ਹਨ, ਤਾਂ ਇਸ ਨਾਲ ਨਿਆਂ ਪ੍ਰਣਾਲੀ ਪ੍ਰਭਾਵਿਤ ਹੁੰਦੀ ਹੈ। ਉਨ੍ਹਾਂ ਨੇ ਕਿਹਾ ਕਿ ਇਸ ਨਾਲ ਪੀੜਤਾਂ, ਗਵਾਹਾਂ ਅਤੇ ਕੇਸਾਂ ਵਿਚ ਸ਼ਾਮਲ ਲੋਕਾਂ ਨੂੰ ਨੁਕਸਾਨ ਹੁੰਦਾ ਹੈ, ਜੋ ਨਿਆਂ ਲਈ ਅਦਾਲਤ ’ਤੇ ਨਿਰਭਰ ਹੁੰਦੇ ਹਨ।

ਇਹ ਨਿਯਮ ਉਸ ਸਮੇਂ ਆਇਆ ਹੈ, ਜਦੋਂ ਕੈਲੀਫੋਰਨੀਆ ਦੀਆਂ ਅਦਾਲਤਾਂ ਨੇ ਪਹਿਲਾਂ ਹੀ ਬਿਨਾਂ ਜੱਜ ਦੇ ਵਾਰੰਟ ਵਾਲੀਆਂ ਸਿਵਲ ਇਮੀਗ੍ਰੇਸ਼ਨ ਗ੍ਰਿਫ਼ਤਾਰੀਆਂ ’ਤੇ ਰੋਕ ਲਗਾਈ ਹੋਈ ਹੈ। ਫਿਰ ਵੀ ਪਿਛਲੇ ਸਮੇਂ ਵਿਚ ਇਮੀਗ੍ਰੇਸ਼ਨ ਅਧਿਕਾਰੀਆਂ ਵੱਲੋਂ ਅਦਾਲਤਾਂ ਵਿਚ ਕਾਰਵਾਈਆਂ ਕੀਤੀਆਂ ਗਈਆਂ ਹਨ, ਜਿਸ ਵਿਚ ਪਿਛਲੇ ਸਾਲ ਔਰੋਵਿਲ ਵਿਚ ਹੋਈ ਕਾਰਵਾਈ ਵੀ ਸ਼ਾਮਲ ਹੈ।

ਅਧਿਕਾਰੀਆਂ ਦਾ ਕਹਿਣਾ ਹੈ ਕਿ ਕਈ ਵਾਰ ਲੋਕ ਅਦਾਲਤੀ ਪੇਸ਼ੀਆਂ ਤੋਂ ਇਸ ਲਈ ਗਾਇਬ ਰਹਿ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਗ੍ਰਿਫ਼ਤਾਰੀ ਦਾ ਡਰ ਹੁੰਦਾ ਹੈ। ਇਸ ਨਾਲ ਕੇਸਾਂ ਦੀ ਸੁਣਵਾਈ ਪ੍ਰਭਾਵਿਤ ਹੁੰਦੀ ਹੈ।

# ਟਰੰਪ ਨੇ ICE ਦਾ ਨਾਮ ‘NICE’ ਕਰਨ ਦੇ ਵਿਚਾਰ ਨੂੰ ਦਿੱਤਾ ਸਮਰਥਨ

**ਵਾਸ਼ਿੰਗਟਨ, (ਪੰਜਾਬ ਮੇਲ)-** ਰਾਸ਼ਟਰਪਤੀ ਡੋਨਾਲਡ ਟਰੰਪ ਨੇ ਅਮਰੀਕਾ ਦੀ ਇਮੀਗ੍ਰੇਸ਼ਨ ਏਜੰਸੀ ਯੂ.ਐੱਸ. ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ (ICE) ਦਾ ਨਾਮ ਬਦਲ ਕੇ “NICE” ਕਰਨ ਦੇ ਵਿਚਾਰ ਨੂੰ ਸਮਰਥਨ ਦਿੱਤਾ ਹੈ। ਇਸ ਤਹਿਤ ਏਜੰਸੀ ਦਾ ਨਵਾਂ ਨਾਮ ਨੈਸ਼ਨਲ ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ ਹੋਵੇਗਾ, ਜਿਸ ਦਾ ਸੰਖੇਪ ਸ਼ਬਦ NICE ਬਣੇਗਾ।



ਇਹ ਸੁਝਾਅ ਪਿਛਲੇ ਮਹੀਨੇ ਕੰਜ਼ਰਵੇਟਿਵ ਇਨਫਲੂਏਂਸਰ ਐਲਿਸਾ ਮੈਰੀ ਵੱਲੋਂ ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਦਿੱਤਾ ਗਿਆ ਸੀ। ਉਸ ਨੇ ਲਿਖਿਆ ਸੀ ਕਿ ਜੇ ICE ਦਾ ਨਾਮ NICE ਹੋ ਜਾਵੇ, ਤਾਂ ਮੀਡੀਆ ਨੂੰ ਹਰ ਰੋਜ਼ “NICE ਏਜੰਟਸ” ਕਹਿਣਾ ਪਵੇਗਾ।

ਐਤਵਾਰ ਦੇਰ ਰਾਤ ਡੋਨਾਲਡ ਟਰੰਪ ਨੇ ਟਰੁੱਥ ਸੋਸ਼ਲ ’ਤੇ ਇਸ ਸੁਝਾਅ ਨੂੰ ਖੁੱਲ੍ਹਾ ਸਮਰਥਨ ਦਿੰਦਿਆਂ ਲਿਖਿਆ, “GREAT IDEA!!! DO IT.” ਇਸ ਤੋਂ ਬਾਅਦ ਕਈ ਕੰਜ਼ਰਵੇਟਿਵ ਹਮਾਇਤੀਆਂ ਨੇ ਵੀ ਇਸ ਵਿਚਾਰ ਦਾ ਸਮਰਥਨ ਕੀਤਾ।

ਹਾਲਾਂਕਿ, ਕਿਸੇ ਫੈਡਰਲ ਏਜੰਸੀ ਦਾ ਨਾਮ ਬਦਲਣਾ ਆਮ ਤੌਰ ’ਤੇ ਕਾਂਗਰਸ ਦੀ ਮਨਜ਼ੂਰੀ ਨਾਲ ਕਾਨੂੰਨ ਰਾਹੀਂ ਹੁੰਦਾ ਹੈ। ਮਾਹਿਰਾਂ ਅਨੁਸਾਰ ICE ਦਾ ਨਾਮ ਬਦਲਣ ਲਈ ਵੀ ਸੰਸਦੀ ਕਾਰਵਾਈ ਦੀ ਲੋੜ ਪੈ ਸਕਦੀ ਹੈ।

ਇਹ ਪ੍ਰਸਤਾਵ ਉਸ ਵੇਲੇ ਆਇਆ ਹੈ, ਜਦੋਂ ਇਮੀਗ੍ਰੇਸ਼ਨ ਮਸਲਾ ਟਰੰਪ ਦੀ ਲੋਕਪ੍ਰਿਯਤਾ ਲਈ ਵੱਡਾ ਚੁਣੌਤੀਪੂਰਨ ਵਿਸ਼ਾ ਬਣਿਆ ਹੋਇਆ ਹੈ। ਇਸੇ ਨਾਲ ICE ਦੀ ਫੰਡਿੰਗ ਨੂੰ ਲੈ ਕੇ ਕਾਂਗਰਸ ਵਿਚ ਟਕਰਾਅ ਜਾਰੀ ਹੈ। ਡੈਮੋਕ੍ਰੈਟਸ ਵੱਲੋਂ ਇਮੀਗ੍ਰੇਸ਼ਨ ਇਨਫੋਰਸਮੈਂਟ ਵਿਚ ਸੁਧਾਰਾਂ ਦੀ ਮੰਗ ਕੀਤੀ ਜਾ ਰਹੀ ਹੈ, ਜਦਕਿ ਕੁਝ ਰਿਪਬਲਿਕਨ ICE ਅਤੇ ਬਾਰਡਰ ਪੈਟਰੋਲ ਲਈ ਲੰਬੇ ਸਮੇਂ ਦੀ ਫੰਡਿੰਗ ਦੀ ਮੰਗ ਕਰ ਰਹੇ ਹਨ। ਰਾਜਨੀਤਿਕ ਵਿਸ਼ਲੇਸ਼ਕ ਮੰਨਦੇ ਹਨ ਕਿ ICE ਦਾ ਨਾਮ NICE ਕਰਨ ਦੀ ਚਰਚਾ ਇੱਕ ਰਾਜਨੀਤਿਕ ਸੁਨੇਹਾ ਦੇਣ ਦੀ ਰਣਨੀਤੀ ਵੀ ਹੋ ਸਕਦੀ ਹੈ, ਜਿਸ ਰਾਹੀਂ ਟਰੰਪ ਪ੍ਰਸ਼ਾਸਨ ਏਜੰਸੀ ਦੀ ਛਵੀ ਨਰਮ ਦਿਖਾਉਣ ਦੀ ਕੋਸ਼ਿਸ਼ ਕਰ ਸਕਦਾ ਹੈ। ਪਰ ਵਿਰੋਧੀ ਧਿਰ ਇਸਨੂੰ ਸਿਰਫ਼ ਨਾਮ ਬਦਲਣ ਦੀ ਰਾਜਨੀਤੀ ਕਹਿ ਰਹੀ ਹੈ। ਜੇ ਇਹ ਤਬਦੀਲੀ ਅੱਗੇ ਵਧਦੀ ਹੈ ਤਾਂ ਇਮੀਗ੍ਰੇਸ਼ਨ ਡਿਬੇਟ ਵਿਚ ਇੱਕ ਨਵਾਂ ਵਿਵਾਦ ਖੜ੍ਹਾ ਹੋ ਸਕਦਾ ਹੈ, ਕਿਉਂਕਿ ICE ਪਹਿਲਾਂ ਹੀ ਅਮਰੀਕਾ ਦੀ ਸਭ ਤੋਂ ਚਰਚਿਤ ਇਨਫੋਰਸਮੈਂਟ ਏਜੰਸੀਆਂ ਵਿਚੋਂ ਇੱਕ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
ਇਮੀਗਰੇਸ਼ਨ ਸੇਵਾਵਾਂ
ਘਰੇਲੂ ਹਿੰਸਾ ਦੇ ਕੇਸ
ਨਸ਼ਾ ਕਰਕੇ ਗੱਡੀ ਚਲਾਉਣਾ
ਕੰਮ ’ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਦਾ ਵੱਡਾ ਦਾਅਵਾ: ਪਤਨ ਦੇ ਕੰਢੇ 'ਤੇ ਈਰਾਨ, ਹੋਰਮੁਜ਼ ਖੋਲ੍ਹਣ ਲਈ ਹੋਇਆ ਮਜਬੂਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਈਰਾਨ ਦੀ ਮੌਜੂਦਾ ਸਥਿਤੀ ਨੂੰ ਲੈ ਕੇ ਇੱਕ ਹੈਰਾਨ ਕਰਨ ਵਾਲਾ ਦਾਅਵਾ ਕੀਤਾ ਹੈ। ਟਰੰਪ ਅਨੁਸਾਰ, ਈਰਾਨ ਇਸ ਸਮੇਂ ਗੰਭੀਰ ਸੰਕਟ ਦੀ ਸਥਿਤੀ ਵਿਚ ਹੈ ਅਤੇ ਉਸ ਨੇ ਸੰਕੇਤ ਦਿੱਤਾ ਹੈ ਕਿ ਉਹ ਜਲਦੀ ਤੋਂ ਜਲਦੀ ਹੋਰਮੁਜ਼ ਸਟਰੇਟ ਨੂੰ ਖੋਲ੍ਹਣਾ ਚਾਹੁੰਦਾ ਹੈ। ਇਹ ਬਿਆਨ ਅਜਿਹੇ ਸਮੇਂ ਆਇਆ ਹੈ, ਜਦੋਂ ਮੱਧ ਪੂਰਬ ਵਿਚ ਅਮਰੀਕਾ ਅਤੇ ਈਰਾਨ ਵਿਚਾਲੇ ਤਣਾਅ ਆਪਣੇ ਸਿਖਰ 'ਤੇ ਹੈ।



ਸੂਤਰਾਂ ਅਨੁਸਾਰ, ਅਮਰੀਕਾ ਨੇ ਈਰਾਨ ਦੇ ਖਿਲਾਫ ਸਖ਼ਤ ਸਮੁੰਦਰੀ ਨਾਕਾਬੰਦੀ ਕਰ ਰੱਖੀ ਹੈ, ਜਿਸ ਦਾ ਈਰਾਨ ਦੇ ਤੇਲ ਨਿਰਯਾਤ 'ਤੇ ਬਹੁਤ ਮਾੜਾ ਅਸਰ ਪਿਆ ਹੈ। ਇਸੇ ਕਾਰਨ ਈਰਾਨ ਦੀ ਆਰਥਿਕਤਾ 'ਤੇ ਜ਼ਬਰਦਸਤ ਦਬਾਅ ਬਣ ਗਿਆ ਹੈ। ਟਰੰਪ ਨੇ ਆਪਣੀ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ ਕਿ ਈਰਾਨ ਆਪਣੀ ਲੀਡਰਸ਼ਿਪ ਸਥਿਤੀ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਿਹਾ ਹੈ ਅਤੇ ਇਸ ਮੁੱਦੇ ਦਾ ਜਲਦ ਹੱਲ ਚਾਹੁੰਦਾ ਹੈ।

ਹੋਰਮੁਜ਼ ਜਲਡਮਰੂਮੱਧ ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਤੇਲ ਮਾਰਗ ਮੰਨਿਆ ਜਾਂਦਾ ਹੈ, ਜਿੱਥੋਂ ਵਿਸ਼ਵ ਦੀ ਲਗਭਗ 20% ਤੇਲ ਸਪਲਾਈ ਗੁਜ਼ਰਦੀ ਹੈ। ਜੇਕਰ ਇਹ ਮਾਰਗ ਬੰਦ ਰਹਿੰਦਾ ਹੈ, ਤਾਂ ਨਾ ਸਿਰਫ਼ ਈਰਾਨ ਬਲਕਿ ਪੂਰੀ ਦੁਨੀਆਂ ਦੀ ਆਰਥਿਕਤਾ ਪ੍ਰਭਾਵਿਤ ਹੁੰਦੀ ਹੈ, ਜਿਸ ਨਾਲ ਤੇਲ ਦੀਆਂ ਕੀਮਤਾਂ ਵਿਚ ਭਾਰੀ ਉਛਾਲ ਆ ਸਕਦਾ ਹੈ।

ਹਾਲਾਂਕਿ ਡੋਨਾਲਡ ਟਰੰਪ ਨੇ ਇਹ ਦਾਅਵਾ ਕੀਤਾ ਹੈ ਪਰ ਈਰਾਨ ਵੱਲੋਂ ਅਜੇ ਤੱਕ ਇਸ ਦੀ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ। ਕਈ ਮਾਹਿਰਾਂ ਦਾ ਮੰਨਣਾ ਹੈ ਕਿ ਟਰੰਪ ਦਾ ਇਹ ਬਿਆਨ ਈਰਾਨ 'ਤੇ ਕੂਟਨੀਤਕ ਦਬਾਅ ਬਣਾਉਣ ਦੀ ਰਣਨੀਤੀ ਦਾ ਹਿੱਸਾ ਵੀ ਹੋ ਸਕਦਾ ਹੈ।

# ਕੈਲੀਫ਼ੋਰਨੀਆ 'ਚ ਵੋਟਰ ਆਈ.ਡੀ. ਅਤੇ ਨਾਗਰਿਕਤਾ ਸਾਬਤ ਕਰਨ ਵਾਲਾ ਪ੍ਰਸਤਾਵ ਨਵੰਬਰ ਬੈਲਟ 'ਤੇ

**ਲਾਸ ਏਂਜਲਸ, (ਪੰਜਾਬ ਮੇਲ)-** ਕੈਲੀਫ਼ੋਰਨੀਆ ਦੇ ਚੋਣ ਅਧਿਕਾਰੀਆਂ ਨੇ ਐਲਾਨ ਕੀਤਾ ਹੈ ਕਿ ਇੱਕ ਨਵਾਂ ਪ੍ਰਸਤਾਵ, ਜਿਸ ਅਧੀਨ ਵੋਟਰਾਂ ਲਈ ਨਾਗਰਿਕਤਾ ਦਾ ਸਬੂਤ ਦੇਣਾ ਅਤੇ ਪੋਲਿੰਗ ਸਥਾਨਾਂ 'ਤੇ ਪਹਿਚਾਣ ਪੱਤਰ ਦਿਖਾਉਣਾ ਲਾਜ਼ਮੀ ਹੋਵੇਗਾ, ਇਸ ਸਾਲ ਨਵੰਬਰ ਦੇ ਬੈਲਟ 'ਤੇ ਰੱਖਿਆ ਜਾਵੇਗਾ।

ਇਹ ਪ੍ਰਸਤਾਵ ਮੁੱਖ ਤੌਰ 'ਤੇ ਰਿਪਬਲਿਕਨ ਪੱਖ ਵੱਲੋਂ ਸਮਰਥਿਤ ਹੈ। ਇਸ ਦੇ ਹਮਾਇਤੀ, ਜਿਨ੍ਹਾਂ ਵਿਚ ਸੂਬਾ ਸੈਨੇਟਰ ਟੋਨੀ ਸਟ੍ਰਿਕਲੈਂਡ ਵੀ ਸ਼ਾਮਲ ਹਨ, ਕਹਿੰਦੇ ਹਨ ਕਿ ਇਹ ਕਦਮ ਚੋਣ ਪ੍ਰਕਿਰਿਆ ਨੂੰ ਹੋਰ ਸੁਰੱਖਿਅਤ ਅਤੇ ਪਾਰਦਰਸ਼ੀ ਬਣਾਉਣ ਵਿਚ ਮਦਦ ਕਰੇਗਾ। ਉਨ੍ਹਾਂ ਦਾ ਕਹਿਣਾ ਹੈ ਕਿ ਜਿਵੇਂ ਲੋਕ ਰੋਜ਼ਾਨਾ ਦੀਆਂ ਗਤੀਵਿਧੀਆਂ—ਜਿਵੇਂ ਉਡਾਣ ਭਰਨ ਜਾਂ ਬੈਂਕ ਖਾਤਾ ਖੋਲ੍ਹਣ—ਲਈ ਆਈ.ਡੀ. ਦਿਖਾਉਂਦੇ ਹਨ, ਉਸੇ ਤਰ੍ਹਾਂ ਵੋਟਿੰਗ ਲਈ ਵੀ ਆਈ.ਡੀ. ਲਾਜ਼ਮੀ ਹੋਣੀ ਚਾਹੀਦੀ ਹੈ।

ਜੇ ਇਹ ਪ੍ਰਸਤਾਵ ਮਨਜ਼ੂਰ ਹੋ ਜਾਂਦਾ ਹੈ, ਤਾਂ:

- ਵੋਟਰ ਰਜਿਸਟ੍ਰੇਸ਼ਨ ਸਮੇਂ ਅਮਰੀਕੀ ਨਾਗਰਿਕਤਾ ਦਾ ਸਬੂਤ ਦੇਣਾ ਲਾਜ਼ਮੀ ਹੋਵੇਗਾ
- ਪੋਲਿੰਗ ਸਟੇਸ਼ਨਾਂ 'ਤੇ ਵੋਟਰ ਆਈ.ਡੀ. ਦਿਖਾਉਣੀ ਪਵੇਗੀ
- ਮੇਲ-ਇਨ ਬੈਲਟ ਰਾਹੀਂ ਵੋਟ ਕਰਨ ਵਾਲਿਆਂ ਨੂੰ ਸਰਕਾਰੀ ਆਈ.ਡੀ. ਜਾਂ ਸੋਸ਼ਲ ਸਕਿਓਰਿਟੀ ਨੰਬਰ ਦੇ ਆਖਰੀ ਚਾਰ ਅੰਕ ਦੇਣੇ ਪੈਣਗੇ।

ਇਹ ਕਦਮ ਉਸ ਸਮੇਂ ਆਇਆ ਹੈ, ਜਦੋਂ ਦੇਸ਼ ਪੱਧਰ 'ਤੇ ਚੋਣ ਸੁਰੱਖਿਆ 'ਤੇ ਚਰਚਾ ਜਾਰੀ ਹੈ ਅਤੇ ਰਿਪਬਲਿਕਨ ਨੇਤਾ, ਜਿਨ੍ਹਾਂ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਵੀ ਸ਼ਾਮਲ ਹਨ, ਕੜੇ ਵੋਟਿੰਗ ਕਾਨੂੰਨਾਂ ਦੀ ਹਮਾਇਤ ਕਰ ਰਹੇ ਹਨ।

ਦੂਜੇ ਪਾਸੇ, ਆਲੋਚਕਾਂ ਦਾ ਕਹਿਣਾ ਹੈ ਕਿ ਅਮਰੀਕਾ ਵਿਚ ਵੋਟਰ ਧੋਖਾਧੜੀ ਦੇ ਕੇਸ ਬਹੁਤ ਘੱਟ ਹੁੰਦੇ ਹਨ ਅਤੇ ਗੈਰ-ਨਾਗਰਿਕਾਂ ਵੱਲੋਂ ਵੋਟ ਪਾਉਣ ਦੇ ਮਾਮਲੇ ਵੀ ਬਹੁਤ ਹੀ ਵਿਰਲੇ ਹਨ, ਜੋ ਅਕਸਰ ਗਲਤੀ ਨਾਲ ਹੋ ਜਾਂਦੇ ਹਨ, ਨਾ ਕਿ ਜਾਣ-ਬੁੱਝ ਕੇ।

ਮੌਜੂਦਾ ਸਮੇਂ 'ਚ, ਕੈਲੀਫ਼ੋਰਨੀਆ ਉਹ 14 ਰਾਜਾਂ 'ਚੋਂ ਇੱਕ ਹੈ, ਜਿੱਥੇ ਵੋਟ ਪਾਉਣ ਲਈ ਆਈ.ਡੀ. ਦਿਖਾਉਣਾ ਲਾਜ਼ਮੀ ਨਹੀਂ ਹੈ।

ਇਸ ਪ੍ਰਸਤਾਵ 'ਤੇ ਅਖੀਰਲਾ ਫੈਸਲਾ ਨਵੰਬਰ ਵਿਚ ਵੋਟਰਾਂ ਵੱਲੋਂ ਕੀਤਾ ਜਾਵੇਗਾ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**

# ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਸਾਇੰਸ ਬੋਰਡ ਦੇ ਕਈ ਮੈਂਬਰਾਂ ਨੂੰ ਹਟਾਉਣ ਦਾ ਫੈਸਲਾ!

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਨੈਸ਼ਨਲ ਸਾਇੰਸ ਬੋਰਡ ਦੇ ਕਈ ਮੈਂਬਰਾਂ ਨੂੰ ਹਟਾਉਣ ਦੀ ਖ਼ਬਰ ਨੇ ਅਮਰੀਕਾ ਦੇ ਵਿਗਿਆਨਕ, ਸਿੱਖਿਅਕ ਅਤੇ ਰਾਜਨੀਤਿਕ ਮੰਡਲਾਂ ਵਿਚ ਨਵੀਂ ਚਰਚਾ ਛੇੜ ਦਿੱਤੀ ਹੈ। ਇਹ ਬੋਰਡ ਅਮਰੀਕਾ ਦੀ ਵਿਗਿਆਨਕ ਨੀਤੀ ਬਣਾਉਣ, ਖੋਜ ਪ੍ਰੋਜੈਕਟਾਂ ਨੂੰ ਦਿਸ਼ਾ ਦੇਣ ਅਤੇ ਭਵਿੱਖ ਦੀ ਤਕਨਾਲੋਜੀਕ ਤਰੱਕੀ ਲਈ ਮਹੱਤਵਪੂਰਨ ਮੰਨਿਆ ਜਾਂਦਾ ਹੈ। ਇਸ ਲਈ ਬੋਰਡ ਦੇ ਮੈਂਬਰਾਂ ਨੂੰ ਅਚਾਨਕ ਹਟਾਉਣ ਦੇ ਫੈਸਲੇ ਨੂੰ ਸਾਧਾਰਣ ਪ੍ਰਸ਼ਾਸਕੀ ਕਦਮ ਨਹੀਂ, ਸਗੋਂ ਵੱਡੇ ਨੀਤੀਗਤ ਬਦਲਾਅ ਵਜੋਂ ਦੇਖਿਆ ਜਾ ਰਿਹਾ ਹੈ।



ਨੈਸ਼ਨਲ ਸਾਇੰਸ ਬੋਰਡ ਇੱਕ ਸੁਤੰਤਰ ਸੰਸਥਾ ਹੈ, ਜੋ ਨੈਸ਼ਨਲ ਸਾਇੰਸ ਫਾਊਂਡੇਸ਼ਨ ਦੀ ਨਿਗਰਾਨੀ ਵੀ ਕਰਦੀ ਹੈ। ਇਹ ਬੋਰਡ ਦੇਸ਼ ਭਰ ਵਿਚ ਹੋ ਰਹੀਆਂ ਵਿਗਿਆਨਕ ਖੋਜਾਂ, ਯੂਨੀਵਰਸਿਟੀਆਂ ਨੂੰ ਮਿਲਣ ਵਾਲੇ ਗ੍ਰਾਂਟਾਂ, ਨਵੀਆਂ ਲੈਬੋਰਟਰੀਆਂ, ਇੰਜੀਨੀਅਰਿੰਗ ਪ੍ਰੋਜੈਕਟਾਂ ਅਤੇ ਵਿਦਿਆਰਥੀਆਂ ਲਈ ਸਾਇੰਸ ਸਿੱਖਿਆ ਦੇ ਮਾਪਦੰਡਾਂ 'ਤੇ ਅਹਿਮ ਭੂਮਿਕਾ ਨਿਭਾਉਂਦਾ ਹੈ। ਅਮਰੀਕਾ ਦੀਆਂ ਕਈ ਵੱਡੀਆਂ ਖੋਜ ਯੋਜਨਾਵਾਂ ਨੂੰ ਸਿੱਧੇ ਜਾਂ ਅਸਿੱਧੇ ਤੌਰ 'ਤੇ ਇਸ ਬੋਰਡ ਦੀ ਸਿਫਾਰਸ਼ਾਂ ਨਾਲ ਮਦਦ ਮਿਲਦੀ ਰਹੀ ਹੈ। ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਵਿਗਿਆਨਕ ਸੰਸਥਾਵਾਂ ਨੂੰ ਰਾਜਨੀਤੀ ਤੋਂ ਦੂਰ ਰੱਖਣਾ ਚਾਹੀਦਾ ਹੈ। ਉਹ ਮੰਨਦੇ ਹਨ ਕਿ ਜੇਕਰ ਵਿਗਿਆਨਕ ਬੋਰਡਾਂ ਵਿਚ ਸਿਰਫ ਰਾਜਨੀਤਿਕ ਨਿਯੁਕਤੀਆਂ ਹੋਣਗੀਆਂ, ਤਾਂ ਖੋਜ ਦੀ ਸੁਤੰਤਰਤਾ, ਡਾਟਾ ਦੀ ਨਿਰਪੱਖਤਾ ਅਤੇ ਲੰਬੇ ਸਮੇਂ ਦੀ ਯੋਜਨਾ ਪ੍ਰਭਾਵਿਤ ਹੋ ਸਕਦੀ ਹੈ। ਕਈ ਸਾਬਕਾ ਅਧਿਕਾਰੀਆਂ ਅਤੇ ਸਿੱਖਿਆ ਮਾਹਿਰਾਂ ਨੇ ਚਿੰਤਾ ਜਤਾਈ ਹੈ ਕਿ ਇਸ ਨਾਲ ਵਿਗਿਆਨਕ ਫੈਸਲਿਆਂ 'ਤੇ ਰਾਜਨੀਤਿਕ ਦਬਾਅ ਵਧ ਸਕਦਾ ਹੈ।

ਇਸ ਫੈਸਲੇ ਦਾ ਅਸਰ ਕਈ ਖੇਤਰਾਂ 'ਤੇ ਪੈ ਸਕਦਾ ਹੈ। ਅਮਰੀਕਾ ਵਿਚ ਆਰਟੀਫੀਸ਼ਲ ਇੰਟੈਲੀਜੈਂਸ, ਸਿਹਤ ਖੋਜ, ਕਲਾਈਮਟ ਸਾਇੰਸ, ਸਪੇਸ ਰਿਸਰਚ, ਡਿਫੈਂਸ ਟੈਕਨਾਲੋਜੀ ਅਤੇ ਸਾਇਬਰ ਸੁਰੱਖਿਆ ਵਰਗੇ ਖੇਤਰਾਂ ਵਿਚ ਵੱਡੇ ਪੱਧਰ 'ਤੇ ਸਰਕਾਰੀ ਫੰਡਿੰਗ ਹੁੰਦੀ ਹੈ। ਜੇਕਰ ਨਵਾਂ ਬੋਰਡ ਨਵੀਆਂ ਤਰਜੀਹਾਂ ਲਿਆਉਂਦਾ ਹੈ, ਤਾਂ ਫੰਡਿੰਗ ਦੇ ਰੁਖ ਵਿਚ ਵੀ ਬਦਲਾਅ ਆ ਸਕਦਾ ਹੈ। ਵਿਦਿਆਰਥੀਆਂ, ਯੂਨੀਵਰਸਿਟੀਆਂ ਅਤੇ ਖੋਜਕਾਰਾਂ ਲਈ ਵੀ ਇਹ ਮਾਮਲਾ ਮਹੱਤਵਪੂਰਨ ਹੈ, ਕਿਉਂਕਿ ਨੈਸ਼ਨਲ ਸਾਇੰਸ ਫਾਊਂਡੇਸ਼ਨ ਵੱਲੋਂ ਮਿਲਣ ਵਾਲੀਆਂ ਗ੍ਰਾਂਟਾਂ ਅਕਸਰ ਵਿਗਿਆਨ ਅਤੇ ਇੰਜੀਨੀਅਰਿੰਗ ਦੇ ਹਜ਼ਾਰਾਂ ਪ੍ਰੋਜੈਕਟਾਂ ਨੂੰ ਸਹਾਰਾ ਦਿੰਦੀਆਂ ਹਨ। ਜੇਕਰ ਬੋਰਡ ਦੀ ਦਿਸ਼ਾ ਬਦਲਦੀ ਹੈ, ਤਾਂ ਖੋਜ ਪ੍ਰਾਥਮਿਕਤਾਵਾਂ ਵੀ ਬਦਲ ਸਕਦੀਆਂ ਹਨ।



# 5 ਲੱਖ DACA ਧਾਰਕਾਂ ਦੇ ਸਿਰ ’ਤੇ ਲਟਕੀ ਡਿਪੋਰਟੇਸ਼ਨ ਦੀ ਤਲਵਾਰ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਜਸਟਿਸ ਡਿਪਾਰਟਮੈਂਟ ਅਧੀਨ ਇਮੀਗ੍ਰੇਸ਼ਨ ਅਪੀਲ ਬੋਰਡ ਵੱਲੋਂ ਇੱਕ ਨਵਾਂ ਪ੍ਰੈਜ਼ੀਡੈਂਟ ਫੈਸਲਾ ਜਾਰੀ ਕੀਤਾ ਗਿਆ ਹੈ, ਜਿਸ ਨਾਲ DACA ਸਟੇਟਸ ਵਾਲੇ ਪ੍ਰਵਾਸੀਆਂ ਲਈ ਡਿਪੋਰਟੇਸ਼ਨ ਤੋਂ ਬਚਾਅ ਹੋਰ ਕਮਜ਼ੋਰ ਹੋ ਸਕਦਾ ਹੈ।

ਇਸ ਮਾਮਲੇ ਵਿਚ ਅਦਾਲਤ ਨੇ ਕਿਹਾ ਹੈ ਕਿ ਸਿਰਫ਼ DACA ਸਟੇਟਸ ਹੋਣਾ ਡਿਪੋਰਟੇਸ਼ਨ ਤੋਂ ਰਾਹਤ ਲਈ ਕਾਫ਼ੀ ਕਾਰਨ ਨਹੀਂ ਹੈ। ਇਹ ਫੈਸਲਾ ਉਸ ਕੇਸ ਵਿਚ ਆਇਆ, ਜਿਸ ਵਿਚ ਕੈਟਾਲੀਨਾ “ਜ਼ੋਚਿਤਲ” ਸੈਂਟੀਆਗੋ ਸ਼ਾਮਲ ਸੀ, ਜਿਨ੍ਹਾਂ ਨੂੰ ਪਹਿਲਾਂ ਏਅਰਪੋਰਟ ’ਤੇ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲਿਆ ਸੀ।

ਇਹ ਫੈਸਲਾ ਤਿੰਨ ਜੱਜਾਂ ਦੇ ਪੈਨਲ ਨੇ ਜਾਰੀ ਕੀਤਾ, ਜੋ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਹੱਕ ਵਿਚ ਗਿਆ ਅਤੇ ਮਾਮਲੇ ਨੂੰ ਮੁੜ ਇੱਕ ਹੋਰ ਇਮੀਗ੍ਰੇਸ਼ਨ ਜੱਜ ਕੋਲ ਭੇਜ ਦਿੱਤਾ ਗਿਆ ਹੈ।

ਹਾਲਾਂਕਿ ਇਹ ਫੈਸਲਾ ਤੁਰੰਤ ਡਿਪੋਰਟੇਸ਼ਨ ਦਾ ਆਦੇਸ਼ ਨਹੀਂ ਹੈ, ਪਰ ਇਸ ਨਾਲ ਲਗਭਗ ਪੰਜ ਲੱਖ DACA ਪ੍ਰਾਪਤਕਾਰਾਂ ਲਈ ਕਾਨੂੰਨੀ ਸੁਰੱਖਿਆ ਕਮਜ਼ੋਰ ਹੋ ਸਕਦੀ ਹੈ। DACA ਪ੍ਰੋਗਰਾਮ 2012 ਵਿਚ ਸ਼ੁਰੂ ਕੀਤਾ ਗਿਆ ਸੀ, ਤਾਂ ਜੋ ਉਹ ਲੋਕ ਜੋ ਬਚਪਨ ਵਿਚ ਗੈਰ-ਕਾਨੂੰਨੀ ਤੌਰ ’ਤੇ ਅਮਰੀਕਾ ਆਏ ਸਨ, ਉਨ੍ਹਾਂ ਨੂੰ ਅਸਥਾਈ ਸੁਰੱਖਿਆ ਮਿਲ ਸਕੇ। ਪਰ ਇਹ ਪ੍ਰੋਗਰਾਮ ਨਾ ਤਾਂ ਸਥਾਈ ਰਿਹਾਇਸ਼ ਦਿੰਦਾ ਹੈ ਅਤੇ ਨਾ ਹੀ ਸਿੱਧਾ ਨਾਗਰਿਕਤਾ ਦਾ ਰਸਤਾ ਪ੍ਰਦਾਨ ਕਰਦਾ ਹੈ। ਸੈਂਟੀਆਗੋ ਦਾ ਮਾਮਲਾ ਉਸ ਸਮੇਂ ਰਾਸ਼ਟਰੀ ਧਿਆਨ ਵਿਚ ਆਇਆ, ਜਦੋਂ ਉਨ੍ਹਾਂ ਨੂੰ ਐਲ ਪਾਸੋ ਏਅਰਪੋਰਟ ’ਤੇ ਯਾਤਰਾ ਦੌਰਾਨ ਹਿਰਾਸਤ ਵਿਚ ਲਿਆ ਗਿਆ ਸੀ ਅਤੇ ਬਾਅਦ ਵਿਚ ਇੱਕ ਫੈਡਰਲ ਜੱਜ ਨੇ ਉਨ੍ਹਾਂ ਦੀ ਰਿਹਾਈ ਦਾ ਹੁਕਮ ਦਿੱਤਾ ਸੀ।

ਇਸ ਨਵੇਂ ਫੈਸਲੇ ਵਿਚ ਇਹ ਵੀ ਦਰਸਾਇਆ ਗਿਆ ਕਿ ਇਮੀਗ੍ਰੇਸ਼ਨ ਜੱਜ ਨੇ ਸਿਰਫ਼ DACA ਸਟੇਟਸ ਦੇ ਆਧਾਰ ’ਤੇ ਡਿਪੋਰਟੇਸ਼ਨ ਕੇਸ ਖਤਮ ਕਰਕੇ ਗਲਤੀ ਕੀਤੀ। ਅਮਰੀਕੀ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵਧ ਰਹੀ ਸਖ਼ਤੀ ਦੇ ਮੱਦੇਨਜ਼ਰ ਕਈ ਵਿਸ਼ਲੇਸ਼ਕਾਂ ਦਾ ਮੰਨਣਾ ਹੈ ਕਿ ਇਸ ਫੈਸਲੇ ਨਾਲ DACA ਧਾਰਕਾਂ ਲਈ ਅਣਨਿਸ਼ਚਿਤਤਾ ਹੋਰ ਵਧੇਗੀ।

# ਭਾਰਤੀ ਨਾਗਰਿਕ ਨੂੰ ਕਰੋੜਾਂ ਡਾਲਰ ਦੀ ਧੋਖਾਧੜੀ ਲਈ ਕੈਦ ਦੀ ਸਜ਼ਾ ਸੁਣਾਈ

ਵਾਸ਼ਿੰਗਟਨ, (ਪੰਜਾਬ ਮੇਲ)- ਇੱਕ ਭਾਰਤੀ ਨਾਗਰਿਕ ਨੂੰ ਟੈਲੀਫੋਨ ਸੇਵਾ ਪ੍ਰਦਾਤਾਵਾਂ ਅਤੇ ਬੀਮਾ ਕੰਪਨੀਆਂ ਨਾਲ ਲੱਖਾਂ ਡਾਲਰ ਦੀ ਧੋਖਾਧੜੀ ਕਰਨ ਦੇ ਦੋਸ਼ ਵਿਚ 41 ਮਹੀਨੇ ਦੀ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸੰਘੀ ਵਕੀਲਾਂ ਨੇ ਇਹ ਜਾਣਕਾਰੀ ਸਾਂਝੀ ਕੀਤੀ।



35 ਸਾਲਾ ਧਨੰਜਯ ਸਿੰਘ ਨੂੰ ਅਮਰੀਕੀ ਜ਼ਿਲ੍ਹਾ ਜੱਜ ਮੈਡਲੀਨ ਕੌਕਸ ਅਰਲੀਓ ਦੇ ਸਾਹਮਣੇ ਮੇਲ ਧੋਖਾਧੜੀ ਕਰਨ ਦੀ ਸਾਜ਼ਿਸ਼ ਅਤੇ ਚੋਰੀ ਹੋਈ ਜਾਇਦਾਦ ਨੂੰ ਅੰਤਰਰਾਜੀ ਤਬਦੀਲ ਕਰਨ ਦੀ ਸਾਜ਼ਿਸ਼ ਦੇ ਇੱਕ-ਇੱਕ ਦੋਸ਼ ਵਿਚ ਦੋਸ਼ੀ ਮੰਨਿਆ।

ਅਦਾਲਤੀ ਦਸਤਾਵੇਜ਼ਾਂ ਅਤੇ ਅਦਾਲਤ ਵਿਚ ਦਿੱਤੇ ਗਏ ਬਿਆਨਾਂ ਅਨੁਸਾਰ, ਧਨੰਜਯ ਸਿੰਘ ਜੂਨ 2013 ਤੋਂ ਜੂਨ 2019 ਤੱਕ ਇਸ ਯੋਜਨਾ ਵਿਚ ਸ਼ਾਮਲ ਸੀ। ਉਸਨੇ ਅਤੇ ਉਸਦੇ ਸਾਥੀਆਂ ਨੇ ਗੁੰਮ ਹੋਏ, ਚੋਰੀ ਹੋਏ ਜਾਂ ਖਰਾਬ ਹੋਏ ਸੈਲੂਲਰ ਡਿਵਾਈਸਾਂ ਲਈ ਧੋਖਾਧੜੀ ਵਾਲੇ ਦਾਅਵੇ ਪੇਸ਼ ਕਰਨ ਲਈ ਚੋਰੀ ਕੀਤੇ ਅਤੇ ਜਾਅਲੀ ਪਛਾਣਾਂ ਦੀ ਵਰਤੋਂ ਕੀਤੀ। ਇਹ ਦਾਅਵੇ ਯੂ.ਐੱਸ. ਡਾਕ ਸੇਵਾ ਅਤੇ ਹੋਰ ਤੀਜੀ-ਧਿਰ ਕੈਰੀਅਰਾਂ ਰਾਹੀਂ ਬਦਲਵੇਂ ਡਿਵਾਈਸਾਂ ਪ੍ਰਾਪਤ ਕਰਨ ਲਈ ਭੇਜੇ ਗਏ ਸਨ।

ਵਕੀਲਾਂ ਨੇ ਕਿਹਾ ਕਿ ਸਮੂਹ ਨੇ ਨਿਊਜਰਸੀ ਸਮੇਤ ਪੂਰੇ ਸੰਯੁਕਤ ਰਾਜ ਵਿਚ ਮੇਲਬਾਕਸਾਂ ਅਤੇ ਸਟੋਰੇਜ ਯੂਨਿਟਾਂ ਦਾ ਇੱਕ ਨੈੱਟਵਰਕ ਬਣਾਈ ਰੱਖਿਆ। ਬਦਲਵੇਂ ਡਿਵਾਈਸਾਂ ਨੂੰ ਇਨ੍ਹਾਂ ਸਥਾਨਾਂ ’ਤੇ ਭੇਜਿਆ ਗਿਆ, ਸਟੋਰ ਕੀਤਾ ਗਿਆ ਅਤੇ ਬਾਅਦ ਵਿਚ ਸੰਯੁਕਤ ਰਾਜ ਤੋਂ ਬਾਹਰ ਤੀਜੀਆਂ ਧਿਰਾਂ ਨੂੰ ਵੇਚ ਦਿੱਤਾ ਗਿਆ। ਇਸ ਘੁਟਾਲੇ ਦੇ ਨਤੀਜੇ ਵਜੋਂ ਸੈਲੂਲਰ ਸੇਵਾ ਪ੍ਰਦਾਤਾਵਾਂ ਅਤੇ ਬੀਮਾ ਕੰਪਨੀਆਂ ਨੂੰ ਲੱਖਾਂ ਡਾਲਰ ਦਾ ਨੁਕਸਾਨ ਹੋਇਆ।

ਜੇਲ੍ਹ ਦੀ ਸਜ਼ਾ ਤੋਂ ਇਲਾਵਾ, ਜੱਜ ਅਰਲੀਓ ਨੇ ਸਿੰਘ ਨੂੰ ਤਿੰਨ ਸਾਲ ਦੀ ਨਿਗਰਾਨੀ ਅਧੀਨ ਰਿਹਾਈ ਦੀ ਸਜ਼ਾ ਸੁਣਾਈ ਅਤੇ ਉਸਨੂੰ 10 ਮਿਲੀਅਨ ਡਾਲਰ ਤੋਂ ਵੱਧ ਦਾ ਮੁਆਵਜ਼ਾ ਦੇਣ ਦਾ ਹੁਕਮ ਦਿੱਤਾ।

ਯੂ.ਐੱਸ. ਅਟਾਰਨੀ ਰੌਬਰਟ ਫਰੇਜ਼ੀਅਰ ਨੇ ਕਿਹਾ ਕਿ ਕਈ ਏਜੰਸੀਆਂ ਨੇ ਜਾਂਚ ਵਿਚ ਯੋਗਦਾਨ ਪਾਇਆ। ਇਨ੍ਹਾਂ ਵਿਚ ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ, ਯੂ.ਐੱਸ. ਡਾਕ ਨਿਰੀਖਣ ਸੇਵਾ, ਹੋਮਲੈਂਡ ਸੁਰੱਖਿਆ ਜਾਂਚ, ਯੂ.ਐੱਸ. ਕਸਟਮਜ਼ ਅਤੇ ਸਰਹੱਦੀ ਸੁਰੱਖਿਆ ਅਤੇ ਵਿਦੇਸ਼ ਵਿਭਾਗ ਦੀ ਡਿਪਲੋਮੈਟਿਕ ਸੁਰੱਖਿਆ ਸੇਵਾ ਸ਼ਾਮਲ ਹੈ।

# ਕੈਨੇਡਾ ’ਚ ਪੰਜਾਬੀ ਟਰੱਕ ਡਰਾਈਵਰ ਦੀ ਡਿਪੋਰਟੇਸ਼ਨ ’ਤੇ ਲੱਗੀ ਅਸਥਾਈ ਰੋਕ

ਓਟਾਵਾ, (ਪੰਜਾਬ ਮੇਲ)- ਕੈਨੇਡਾ ਦੇ ਫੈਡਰਲ ਕੋਰਟ ਆਫ ਕੈਨੇਡਾ ਨੇ ਸ਼ੁੱਕਰਵਾਰ ਨੂੰ ਇੱਕ ਵੱਡਾ ਫ਼ੈਸਲਾ ਸੁਣਾਉਂਦੇ ਹੋਏ ਜਸਕੀਰਤ ਸਿੰਘ ਸਿੱਧੂ ਦੀ ਡਿਪੋਰਟੇਸ਼ਨ ’ਤੇ ਅਸਥਾਈ ਰੋਕ ਲਾ ਦਿੱਤੀ। ਇਹ ਫ਼ੈਸਲਾ ਉਸ ਸਮੇਂ ਆਇਆ, ਜਦੋਂ ਉਸ ਨੂੰ ਸੋਮਵਾਰ ਸਵੇਰੇ ਭਾਰਤ ਭੇਜਿਆ ਜਾਣਾ ਤੈਅ ਸੀ। ਇਹ ਮਾਮਲਾ ਹੰਬੋਲਟ ਬ੍ਰੋਂਕੋਸ ਬੱਸ ਹਾਦਸੇ ਨਾਲ ਜੁੜਿਆ ਹੈ, ਜੋ 6 ਅਪ੍ਰੈਲ 2018 ਨੂੰ ਹੋਇਆ ਸੀ। ਸੰਗਰੂਰ ਦੇ ਰਹਿਣ ਵਾਲੇ ਸਿੱਧੂ ਦੇ ਟਰੱਕ ਨੇ ਸਟਾਪ ਸਾਈਨ ਪਾਰ ਕਰਦੇ ਹੋਏ ਸਸਕੈਚਵਾਨ ਦੀ ਜੂਨੀਅਰ ਹਾਕੀ ਟੀਮ ਦੀ ਬੱਸ ਨੂੰ ਟੱਕਰ ਮਾਰੀ ਸੀ, ਜਿਸ ਵਿਚ 16 ਲੋਕਾਂ ਦੀ ਮੌਤ ਹੋ ਗਈ ਸੀ ਅਤੇ 13 ਹੋਰ ਜ਼ਖ਼ਮੀ ਹੋਏ ਸਨ।

**ਜੂਨੀਅਰ ਹਾਕੀ ਟੀਮ ਦੀ ਬੱਸ ਨੂੰ ਮਾਰੀ ਸੀ ਟੱਕਰ; ਹੋਈਆਂ ਸਨ 16 ਮੌਤਾਂ**



ਜਸਟਿਸ ਜੋਸਲੀਨ ਗੈਗਨੇ ਨੇ ਇਹ ਰਾਹਤ ਉਸ ਵੇਲੇ ਤੱਕ ਲਈ ਦਿੱਤੀ ਹੈ, ਜਦੋਂ ਤੱਕ ਇੱਕ ਪੁਰਾਣੇ ਕੇਸ ਦਾ ਫ਼ੈਸਲਾ ਨਹੀਂ ਆ ਜਾਂਦਾ। ਇਸ ਕੇਸ ਵਿਚ ਕੈਨੇਡਾ ਬਾਰਡਰ ਸਰਵਿਸ ਏਜੰਸੀ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਗਈ ਹੈ, ਜਿਸ ਵਿਚ ਸਿੱਧੂ ਦੀ ਡਿਪੋਰਟੇਸ਼ਨ ਟਾਲਣ ਤੋਂ ਇਨਕਾਰ ਕੀਤਾ ਗਿਆ ਸੀ। ਸਿੱਧੂ ਨੇ 2019 ਵਿਚ 16 ਮੌਤਾਂ ਅਤੇ 13 ਜ਼ਖ਼ਮੀਆਂ ਦੇ ਮਾਮਲੇ ਵਿਚ ਦੋਸ਼ ਕਬੂਲ ਕੀਤਾ ਸੀ। ਉਸੇ ਸਾਲ ਉਨ੍ਹਾਂ ਨੂੰ 8 ਸਾਲ ਦੀ ਸਜ਼ਾ ਸੁਣਾਈ ਗਈ, ਜੋ ਇਸ ਤਰ੍ਹਾਂ ਦੇ ਅਪਰਾਧ ਵਿਚ ਕੈਨੇਡਾ ਦੇ ਇਤਿਹਾਸ ਦੀ ਸਭ ਤੋਂ ਲੰਬੀ ਸਜ਼ਾ ਮੰਨੀ ਜਾਂਦੀ ਹੈ (ਬਿਨਾਂ ਸ਼ਰਾਬ ਜਾਂ ਨਸ਼ੇ ਦੇ ਮਾਮਲਿਆਂ ਵਿਚ)। ਉਸ ਨੂੰ 2023 ਵਿਚ ਪੂਰੀ ਪੈਰੋਲ ਮਿਲ ਗਈ ਸੀ।

2024 ਵਿਚ ਇਮੀਗ੍ਰੇਸ਼ਨ ਐਂਡ ਰਿਫਿਊਜ਼ੀ ਬੋਰਡ ਆਫ ਕੈਨੇਡਾ ਨੇ ਉਸ ਦਾ ਸਥਾਈ ਨਿਵਾਸ (ਪੀ.ਆਰ.) ਰੱਦ ਕਰ ਦਿੱਤਾ ਅਤੇ ਉਸ ਨੂੰ ਦੇਸ਼ ਤੋਂ ਬਾਹਰ ਭੇਜਣ ਦਾ ਹੁਕਮ ਦਿੱਤਾ। ਸਿੱਧੂ ਦੇ ਵਕੀਲਾਂ ਨੇ ਮਾਨਵੀ ਅਤੇ ਕਰੁਣਾਮਈ ‘ਆਧਾਰ ’ਤੇ ਕੈਨੇਡਾ ਵਿਚ ਰਹਿਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿੱਧੂ ਦੇ ਛੋਟੇ ਬੱਚੇ ਹਨ, ਜਿਨ੍ਹਾਂ ’ਤੇ ਇਸਦਾ ਅਸਰ ਪਵੇਗਾ। ਉਨ੍ਹਾਂ ਦੇ ਪੁੱਤਰ ਨੂੰ ਇੱਕ ਗੰਭੀਰ ਫੇਫੜਿਆਂ ਦੀ ਬਿਮਾਰੀ ਹੈ ਅਤੇ ਭਾਰਤ ਦੀ ਖ਼ਰਾਬ ਹਵਾ ਉਸ ਲਈ ਖ਼ਤਰਨਾਕ ਹੋ ਸਕਦੀ ਹੈ।

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਕੰਮ ਕਰਨ ਤੋਂ ਅਸਮਰਥ ਲੋਕਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵੱਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸ੍ਰੀ ਮੁਕਤਸਰ ਸਾਹਿਬ ਵਿਖੇ 70 ਕੰਮ ਕਰਨ ਤੋਂ ਅਸਮਰਥ ਲੋਕਾਂ ਨੂੰ ਸੱਤਰ ਹਜ਼ਾਰ ਰੁਪਏ ਦੀ ਵਿੱਤੀ ਸਹਾਇਤਾ ਰਾਸ਼ੀ ਮਹੰਤ ਕਸ਼ਮੀਰ ਸਿੰਘ ਸੰਚਾਲਕ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ ਦਿੱਤੀ ਗਈ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਪਿਛਲੇ ਲੰਮੇ ਸਮੇਂ ਤੋਂ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਲੰਮੇ ਸਮੇਂ ਤੋਂ ਵੱਖ-ਵੱਖ ਬੀਮਾਰੀਆਂ ਤੋਂ ਪੀੜ੍ਹਤ ਵੀ ਹਨ।



ਡਾ. ਐੱਸ.ਪੀ. ਸਿੰਘ ਓਬਰਾਏ।

ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਨੇ ਲੰਮੇ ਸਮੇਂ ਤੋਂ ਸਾਡੀ ਬਾਂਹ ਫੜੀ ਹੋਈ ਹੈ, ਸਮੇਂ-ਸਮੇਂ 'ਤੇ ਸਾਨੂੰ ਵਿੱਤੀ ਸਹਾਇਤਾ ਦੇਣ ਦੇ ਨਾਲ-ਨਾਲ ਦਵਾਈਆਂ ਆਦਿ ਖਰੀਦਣ ਲਈ ਵੀ ਮਦਦ ਕਰਦੇ ਰਹਿੰਦੇ ਹਨ।

ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਬਰਨੇਹ ਸਿੰਘ ਰਿਟਾ. ਲੈਕਚਰਾਰ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਚਰਨਜੀਤ ਸਿੰਘ ਮੈਂਬਰ ਬਲਾਕ ਸੰਮਤੀ, ਸੁਖਬੀਰ ਸਿੰਘ ਜੈਲਦਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਗੁਰਜੀਤ ਸਿੰਘ ਜੀਤਾ, ਸੋਹਣ ਲਾਲ ਗੁੰਬਰ ਮਲੋਟ ਆਦਿ ਹਾਜ਼ਰ ਸਨ।

## ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੰਜਾਬ ਕਾਂਗਰਸ 'ਚ ਅਹਿਮ ਨਿਯੁਕਤੀਆਂ

**ਜਲੰਧਰ/ਚੰਡੀਗੜ੍ਹ, (ਪੰਜਾਬ ਮੇਲ)**- ਚੋਣਾਂ ਤੋਂ ਪਹਿਲਾਂ ਪੰਜਾਬ ਦੀ ਸਿਆਸਤ 'ਚ ਹਲਚਲ ਤੇਜ਼ ਹੋ ਗਈ ਹੈ। ਆਲ ਇੰਡੀਆ ਕਾਂਗਰਸ ਕਮੇਟੀ ਦੇ ਐੱਸ.ਸੀ. ਵਿਭਾਗ ਵੱਲੋਂ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਸੰਗਠਨ 'ਚ ਮਜ਼ਬੂਤੀ ਲਿਆਉਣ ਲਈ ਅਹਿਮ ਨਿਯੁਕਤੀਆਂ ਕੀਤੀਆਂ ਗਈਆਂ ਹਨ। ਆਲ ਇੰਡੀਆ ਕਾਂਗਰਸ ਕਮੇਟੀ ਵੱਲੋਂ ਇਕ ਅਹਿਮ ਫ਼ੈਸਲਾ ਲੈਂਦੇ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਐੱਸ.ਸੀ. ਵਿਭਾਗ ਲਈ ਸੂਬਾ ਸਲਾਹਕਾਰ ਕੌਂਸਲ ਦਾ ਐਲਾਨ ਕਰ ਦਿੱਤਾ ਗਿਆ ਹੈ।

ਦੱਸਣਯੋਗ ਹੈ ਕਿ ਨਵੀਂ ਬਣੀ ਇਸ ਕੌਂਸਲ 'ਚ ਗੁਰਪ੍ਰੀਤ ਸਿੰਘ ਲੱਕੀ ਪੱਖੋਕੇ ਨੂੰ ਕਨਵੀਨਰ ਨਿਯੁਕਤ ਕੀਤਾ ਗਿਆ ਹੈ। ਇਸ ਦੇ ਨਾਲ ਹੀ ਕਈ ਤਜ਼ਰਬੇਕਾਰ ਅਤੇ ਪ੍ਰਸਿੱਧ ਆਗੂਆਂ ਨੂੰ ਮੈਂਬਰ ਵਜੋਂ ਸ਼ਾਮਲ ਕੀਤਾ ਗਿਆ ਹੈ। ਇਸ ਸਲਾਹਕਾਰ ਕੌਂਸਲ 'ਚ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਡਾ. ਅਮਰ ਸਿੰਘ, ਸ਼ੇਰ ਸਿੰਘ ਘੁਬਾਇਆ, ਅਰੁਣਾ ਚੌਧਰੀ ਅਤੇ ਬਲਵਿੰਦਰ ਸਿੰਘ ਧਾਲੀਵਾਲ, ਸੁਖਵਿੰਦਰ ਸਿੰਘ ਕੋਟਲੀ, ਵਿਕਰਮਜੀਤ ਸਿੰਘ ਚੌਧਰੀ, ਰਾਜ ਕੁਮਾਰ ਵੇਰਕਾ, ਸਾਧੂ ਸਿੰਘ ਧਰਮਸੋਤ, ਕੁਲਦੀਪ ਸਿੰਘ ਵੈਦ, ਸੁਖਵਿੰਦਰ ਸਿੰਘ ਡੈਨੀ, ਪਵਨ ਕੁਮਾਰ ਆਦੀਆ, ਘੁੰਮਣੀ ਗੋਮਰ, ਚੌਧਰੀ ਸੁਰਿੰਦਰ ਸਿੰਘ ਵਰਗੇ ਵੱਡੇ ਚਿਹਰੇ ਸ਼ਾਮਲ ਹਨ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਸਕੂਲਾਂ 'ਚ ਸਾਫ਼ ਪਾਣੀ ਪੀਣ ਲਈ ਲਗਾਏ ਮੁਫ਼ਤ ਆਰ.ਓ. ਸਿਸਟਮ



ਡਾ. ਐੱਸ.ਪੀ. ਸਿੰਘ ਓਬਰਾਏ।

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸਕੂਲਾਂ ਵਿਚ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ, ਸਾਫ਼ ਪਾਣੀ ਦੇਣ ਲਈ ਵੱਡੀ ਗਿਣਤੀ ਵਿਚ ਆਰ.ਓ. ਸਿਸਟਮ ਲਗਾਏ ਜਾ ਰਹੇ ਹਨ, ਤਾਂ ਜੋ ਬੱਚੇ ਤੰਦਰੁਸਤ ਰਹਿਣ ਅਤੇ ਪੜ੍ਹਾਈ ਜਾਰੀ ਰੱਖਣ। ਇਸ ਲੜੀ ਤਹਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸ੍ਰੀ ਮੁਕਤਸਰ ਸਾਹਿਬ, ਸਰਕਾਰੀ ਪ੍ਰਾਇਮਰੀ ਸਕੂਲ ਝਬੇਲ ਵਾਲੀ, ਸਰਕਾਰੀ ਪ੍ਰਾਇਮਰੀ ਸਕੂਲ ਰਾਮਦੇਵ ਨਗਰ ਮਲੋਟ, ਸਰਵਹਿੱਤਕਾਰੀ ਸਕੂਲ ਮਲੋਟ ਵਿਖੇ ਬੱਚਿਆਂ ਨੂੰ ਸਾਫ਼ ਪਾਣੀ ਦੇਣ ਲਈ ਆਰ.ਓ. ਸਿਸਟਮ ਲਗਾਏ ਗਏ ਹਨ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਮਾਲਵਾ ਖੇਤਰ ਦਾ ਧਰਤੀ ਹੇਠਲਾ ਪਾਣੀ ਪੀਣ ਯੋਗ ਨਹੀਂ ਹੈ। ਲੋਕ ਵੱਖ-ਵੱਖ ਬੀਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ ਅਤੇ ਸਕੂਲੀ ਬੱਚਿਆਂ ਦੀ ਸਿਹਤ 'ਤੇ ਵੀ ਬਹੁਤ ਬੁਰਾ ਪ੍ਰਭਾਵ ਪਾ ਰਿਹਾ ਹੈ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਡਾ. ਓਬਰਾਏ ਅਕਸਰ ਹੀ ਕਿਹਾ ਕਰਦੇ ਹਨ ਕਿ ਸਿਹਤ ਅਤੇ ਸਿੱਖਿਆ ਕਿਸੇ ਵੀ ਦੇਸ਼ ਦੀ ਰੀੜ੍ਹ ਦੀ ਹੱਡੀ ਹੁੰਦੇ ਹਨ। ਇਸ ਕਰਕੇ ਅਸੀਂ ਬੱਚਿਆਂ ਦੀ ਸਿਹਤ ਦੇ ਮੱਦੇਨਜ਼ਰ ਵੱਡੀ ਗਿਣਤੀ ਵਿਚ ਆਰ.ਓ. ਸਿਸਟਮ ਲਗਾ ਰਹੇ ਹਾਂ, ਤਾਂ ਜੋ ਬੱਚੇ ਸਿਹਤਮੰਦ ਰਹਿਣ ਅਤੇ ਆਪਣੀ ਪੜ੍ਹਾਈ ਕਰਕੇ ਅਪਣੀ ਮੰਜ਼ਿਲ 'ਤੇ ਪਹੁੰਚਣ। ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਹੁਣ ਤੱਕ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿਖੇ ਸਕੂਲਾਂ ਵਿਚ ਅਤੇ ਹੋਰ ਜਨਤਕ ਥਾਵਾਂ 'ਤੇ 155 ਦੇ ਕਰੀਬ ਆਰ.ਓ. ਸਿਸਟਮ ਲਗਾਏ ਜਾ ਚੁੱਕੇ ਹਨ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਬਰਨੇਕ ਸਿੰਘ ਰਿਟਾ. ਲੈਕਚਰਾਰ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਮਾਸਟਰ ਰਾਜਿੰਦਰ ਸਿੰਘ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਬਲਜੀਤ ਸਿੰਘ ਮਾਨ ਰਿਟਾ. ਪ੍ਰਿੰਸੀਪਲ, ਗੁਰਜੀਤ ਸਿੰਘ ਜੀਤਾ ਆਦਿ ਹਾਜ਼ਰ ਸਨ।

## 328 ਪਾਵਨ ਸਰੂਪਾਂ ਦਾ ਮਾਮਲਾ: ਐੱਸ.ਆਈ.ਟੀ. ਨੇ ਸ਼੍ਰੋਮਣੀ ਕਮੇਟੀ ਤੋਂ ਰਿਕਾਰਡ ਕੀਤਾ ਹਾਸਲ

**ਅੰਮ੍ਰਿਤਸਰ, (ਪੰਜਾਬ ਮੇਲ)**- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪਬਲੀਕੇਸ਼ਨ ਵਿਭਾਗ ਵਿਚੋਂ 328 ਪਾਵਨ ਸਰੂਪ ਘਟਣ ਦੇ ਮਾਮਲੇ 'ਚ ਗਠਿਤ ਐੱਸ.ਆਈ.ਟੀ. ਦੇ ਤਿੰਨ ਮੈਂਬਰਾਂ ਨੇ ਸੋਮਵਾਰ ਨੂੰ ਸ਼੍ਰੋਮਣੀ ਕਮੇਟੀ ਦੇ ਸਬ-ਆਫਿਸ ਚੰਡੀਗੜ੍ਹ ਵਿਖੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਤੋਂ ਰਿਕਾਰਡ ਹਾਸਲ ਕੀਤਾ। ਪੰਜਾਬ ਸਰਕਾਰ ਵੱਲੋਂ ਮਾਮਲੇ ਦੀ ਜਾਂਚ ਲਈ 7 ਦਸੰਬਰ 2025 ਨੂੰ 16 ਵਿਅਕਤੀਆਂ ਖ਼ਿਲਾਫ਼ ਐੱਫ.ਆਈ.ਆਰ. ਦਰਜ ਕਰ ਕੇ ਇਹ ਐੱਸ.ਆਈ.ਟੀ. ਗਠਿਤ ਕੀਤੀ ਗਈ ਸੀ। ਐੱਸ.ਆਈ.ਟੀ. ਮੁਖੀ ਡੀ.ਆਈ.ਜੀ. ਨਾਨਕ ਸਿੰਘ ਨੇ ਦੱਸਿਆ ਕਿ ਉਪਰੋਕਤ ਮਾਮਲੇ ਵਿਚ ਸ਼੍ਰੋਮਣੀ ਕਮੇਟੀ ਤੋਂ 18 ਤਰ੍ਹਾਂ ਦਾ ਰਿਕਾਰਡ ਮੰਗਿਆ ਗਿਆ ਸੀ ਤੇ ਪ੍ਰਧਾਨ ਧਾਮੀ ਨੇ ਰਿਕਾਰਡ ਦੇਣ ਲਈ ਸਮਾਂ ਦਿੱਤਾ ਸੀ।

ਰਿਕਾਰਡ ਲੈਣ ਲਈ ਐੱਸ.ਆਈ.ਟੀ. ਦੇ ਤਿੰਨ ਮੈਂਬਰ ਐੱਸ.ਪੀ. ਸੁਖਨਾਜ ਸਿੰਘ, ਏ.ਸੀ.ਪੀ. ਹਰਵਿੰਦਰ ਸਿੰਘ ਤੇ ਐੱਸ.ਐੱਚ.ਓ. ਸੀ ਡਵੀਜ਼ਨ ਅੰਮ੍ਰਿਤਸਰ ਨੇ ਧਾਮੀ ਅਤੇ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ ਨਾਲ ਤਿੰਨ ਘੰਟੇ ਗੱਲਬਾਤ ਕੀਤੀ। ਇਸ ਦੇ ਨਾਲ ਹੀ ਦੋ ਦਸਤਾਵੇਜ਼ ਦੀਆਂ ਤਸਦੀਕ ਕਾਪੀਆਂ ਮੰਗੀਆਂ ਗਈਆਂ ਹਨ, ਜੋ ਸ਼੍ਰੋਮਣੀ ਕਮੇਟੀ ਵੱਲੋਂ ਅੰਮ੍ਰਿਤਸਰ ਦਫ਼ਤਰ ਤੋਂ ਲੈਣ ਲਈ ਕਿਹਾ ਗਿਆ ਹੈ। ਮੰਗੇ ਗਏ ਰਿਕਾਰਡ ਦੇ ਸੈਂਕੜੇ ਪੰਨੇ ਹਨ, ਜਿਸ ਨੂੰ ਘੋਖਣ ਤੋਂ ਬਾਅਦ ਅਗਲੀ ਕਾਰਵਾਈ ਕੀਤੀ ਜਾਵੇਗੀ।

ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਪ੍ਰਧਾਨ ਦੇ ਓ.ਐੱਸ.ਡੀ. ਸਤਬੀਰ ਸਿੰਘ, ਨਿੱਜੀ ਸਕੱਤਰ ਸ਼ਾਹਬਾਜ਼ ਸਿੰਘ, ਮੀਤ ਸਕੱਤਰ ਗੁਰਨਾਮ ਸਿੰਘ, ਹਰਭਜਨ ਸਿੰਘ ਵਕਤਾ ਆਦਿ ਮੌਜੂਦ ਸਨ।

# ਹੁਣ ਈ.ਡੀ. ਵੱਲੋਂ ਮੁਅੱਤਲ ਡੀ.ਆਈ.ਜੀ. ਭੁੱਲਰ ਦੇ ਟਿਕਾਣਿਆਂ 'ਤੇ ਛਾਪੇਮਾਰੀ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੇ ਕਈ ਟਿਕਾਣਿਆਂ 'ਤੇ ਹੁਣ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵਲੋਂ ਛਾਪੇਮਾਰੀ ਕੀਤੀ ਜਾ ਰਹੀ ਹੈ। ਸੂਤਰਾਂ ਮੁਤਾਬਕ ਭੁੱਲਰ ਦੇ ਚੰਡੀਗੜ੍ਹ, ਲੁਧਿਆਣਾ, ਪਟਿਆਲਾ, ਨਾਭਾ ਅਤੇ ਜਲੰਧਰ ਸਥਿਤ ਟਿਕਾਣਿਆਂ 'ਤੇ ਟੀਮ ਵਲੋਂ ਤਲਾਸ਼ੀ ਲਈ ਜਾ ਰਹੀ ਹੈ।



ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸੀ.ਬੀ.ਆਈ. ਦੀ ਜਾਂਚ ਦੌਰਾਨ ਭੁੱਲਰ ਦੇ ਘਰ ਅਤੇ ਫਾਰਮ ਹਾਊਸ ਤੋਂ ਭਾਰੀ ਮਾਤਰਾ 'ਚ ਨਕਦੀ ਅਤੇ ਕੀਮਤੀ ਸਮਾਨ ਬਰਾਮਦ ਹੋਇਆ ਸੀ। ਬਰਾਮਦਗੀ 'ਚ ਕਰੀਬ 7.36 ਕਰੋੜ ਰੁਪਏ ਨਕਦ, 2.5 ਕਿੱਲੋ ਸੋਨਾ, 2.32 ਕਰੋੜ ਦੇ ਚਾਂਦੀ ਦੇ ਗਹਿਣੇ ਅਤੇ 26 ਲਗਜ਼ਰੀ ਘੜੀਆਂ (ਰੋਲੇਕਸ ਅਤੇ ਰਾਡੋ) ਸ਼ਾਮਲ ਸਨ। ਇਸ ਤੋਂ ਇਲਾਵਾ ਪਰਿਵਾਰ ਦੇ ਨਾਮ 'ਤੇ 50 ਤੋਂ ਵੱਧ ਅਚੱਲ ਜਾਇਦਾਦਾਂ ਦੇ ਦਸਤਾਵੇਜ਼ ਅਤੇ ਮਰਸੀਡੀਜ਼ ਵਰਗੀਆਂ ਲਗਜ਼ਰੀ ਕਾਰਾਂ ਵੀ ਮਿਲੀਆਂ ਸਨ।

ਮੁਅੱਤਲ ਡੀ.ਆਈ.ਜੀ. ਭੁੱਲਰ ਨੂੰ ਸੀ.ਬੀ.ਆਈ. ਨੇ 16 ਅਕਤੂਬਰ 2025 ਨੂੰ ਇੱਕ ਕਬਾੜ ਕਾਰੋਬਾਰੀ ਤੋਂ 5 ਲੱਖ ਰੁਪਏ ਦੀ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਗ੍ਰਿਫ਼ਤਾਰ ਕੀਤਾ ਸੀ। ਹਾਲ ਹੀ 'ਚ ਸੁਪਰੀਮ ਕੋਰਟ ਨੇ ਉਨ੍ਹਾਂ ਦੀ ਜ਼ਮਾਨਤ ਪਟੀਸ਼ਨ ਵੀ ਖਾਰਜ ਕਰ ਦਿੱਤੀ ਹੈ। ਸੀ.ਬੀ.ਆਈ. ਨੂੰ ਮਿਲੀ ਇੱਕ ਡਾਇਰੀ ਤੋਂ ਪੰਜਾਬ ਦੇ ਕਈ ਹੋਰ ਸੀਨੀਅਰ ਆਈ.ਏ.ਐੱਸ ਅਤੇ ਆਈ.ਪੀ.ਐੱਸ. ਅਧਿਕਾਰੀਆਂ ਦੇ ਵੀ ਇਸ ਭ੍ਰਿਸ਼ਟਾਚਾਰ ਦੇ ਨੈੱਟਵਰਕ 'ਚ ਸ਼ਾਮਲ ਹੋਣ ਦਾ ਸ਼ੱਕ ਹੈ।

# ਕੇਜਰੀਵਾਲ ਵੱਲੋਂ ਆਬਕਾਰੀ ਨੀਤੀ ਨਾਲ ਜੁੜੇ ਮਾਮਲੇ ਦੀ ਸੁਣਵਾਈ 'ਚ ਹਿੱਸਾ ਲੈਣ ਤੋਂ ਇਨਕਾਰ

**ਕਿਹਾ: ਪੱਖਪਾਤ ਦੇ ਖਦਸ਼ੇ ਕਾਰਨ ਜ਼ਮੀਰ ਹੁਣ ਇਸ ਸੁਣਵਾਈ 'ਚ ਸ਼ਾਮਲ ਹੋਣ ਦੀ ਇਜਾਜ਼ਤ ਨਹੀਂ ਦਿੰਦੀ**



**ਨਵੀਂ ਦਿੱਲੀ, (ਪੰਜਾਬ ਮੇਲ)**- ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਦਿੱਲੀ ਹਾਈ ਕੋਰਟ ਦੀ ਜਸਟਿਸ ਸਵਰਨ ਕਾਂਤਾ ਸ਼ਰਮਾ ਨੂੰ ਪੱਤਰ ਲਿਖ ਕੇ ਆਬਕਾਰੀ ਨੀਤੀ ਨਾਲ ਜੁੜੇ ਮਾਮਲੇ ਦੀ ਸੁਣਵਾਈ ਵਿਚ ਹਿੱਸਾ ਲੈਣ ਤੋਂ ਇਨਕਾਰ ਕਰ ਦਿੱਤਾ ਹੈ। ਕੇਜਰੀਵਾਲ ਨੇ ਸਪੱਸ਼ਟ ਕੀਤਾ ਹੈ ਕਿ ਉਨ੍ਹਾਂ ਦੀ ਜ਼ਮੀਰ ਉਨ੍ਹਾਂ ਨੂੰ ਅਜਿਹੀ ਕਾਰਵਾਈ ਦਾ ਹਿੱਸਾ ਬਣਨ ਦੀ ਇਜਾਜ਼ਤ ਨਹੀਂ ਦਿੰਦੀ, ਜਿੱਥੇ ਉਨ੍ਹਾਂ ਨੂੰ ਨਿਰਪੱਖ ਨਿਆਂ ਦੀ ਉਮੀਦ ਨਾ ਹੋਵੇ। ਇਹ ਕਦਮ ਹਾਈ ਕੋਰਟ ਵੱਲੋਂ 20 ਅਪ੍ਰੈਲ ਨੂੰ ਕੇਜਰੀਵਾਲ ਦੀ ਉਸ ਅਰਜ਼ੀ ਨੂੰ ਖਾਰਜ ਕਰਨ ਤੋਂ ਬਾਅਦ ਆਇਆ ਹੈ, ਜਿਸ ਵਿਚ ਉਨ੍ਹਾਂ ਨੇ ਜਸਟਿਸ ਸ਼ਰਮਾ ਨੂੰ ਇਸ ਕੇਸ ਤੋਂ ਲਾਂਭੇ ਹੋਣ ਦੀ ਮੰਗ ਕੀਤੀ ਸੀ।

ਜਸਟਿਸ ਸ਼ਰਮਾ ਨੂੰ ਭੇਜੇ ਵਿਸਤ੍ਰਿਤ ਪੱਤਰ ਵਿਚ ਕੇਜਰੀਵਾਲ ਨੇ ਲਿਖਿਆ ਕਿ ਉਨ੍ਹਾਂ ਦਾ ਇਹ ਫੈਸਲਾ ਕਿਸੇ ਗੁੱਸੇ ਜਾਂ ਅਪਮਾਨ ਦੀ ਭਾਵਨਾ ਵਿਚੋਂ ਨਹੀਂ, ਸਗੋਂ 'ਨਿਆਂਪਾਲਿਕਾ ਦੀ ਭੂਮਿਕਾ ਵਿਚ ਅਟੁੱਟ ਵਿਸ਼ਵਾਸ ਅਤੇ ਨਿਮਰਤਾ' ਵਿਚੋਂ ਨਿਕਲਿਆ ਹੈ। ਉਨ੍ਹਾਂ ਕਿਹਾ ਕਿ ਰਿਕਿਊਜ਼ਲ ਅਰਜ਼ੀ ਖਾਰਜ ਹੋਣ ਤੋਂ ਬਾਅਦ ਉਨ੍ਹਾਂ ਨੂੰ ਅਹਿਸਾਸ ਹੋਇਆ ਹੈ ਕਿ ਉਨ੍ਹਾਂ ਦੇ ਖਦਸ਼ਿਆਂ ਨੂੰ ਨਿੱਜੀ ਹਮਲੇ ਵਜੋਂ ਲਿਆ ਗਿਆ ਹੈ, ਜਿਸ ਕਾਰਨ ਹੁਣ ਨਿਰਪੱਖ ਸੁਣਵਾਈ ਦੀ ਉਮੀਦ ਧੁੰਦਲੀ ਪੈ ਗਈ ਹੈ।

ਕੇਜਰੀਵਾਲ ਨੇ ਮਹਾਤਮਾ ਗਾਂਧੀ ਦੇ ਸੱਤਿਆਗ੍ਰਹਿ ਦਾ ਹਵਾਲਾ ਦਿੰਦਿਆਂ ਕਿਹਾ ਕਿ ਉਹ ਇਸ ਦੇ ਨਤੀਜੇ ਭੁਗਤਣ ਲਈ ਤਿਆਰ ਹਨ। ਉਨ੍ਹਾਂ ਨੇ ਪੱਤਰ ਵਿਚ ਦੋ ਮੁੱਖ ਕਾਰਨ ਦੱਸੇ ਹਨ:

ਪਹਿਲਾ, ਜੱਜ ਦੀ ਅਖਿਲ ਭਾਰਤੀ ਅਧਿਵਕਤਾ ਪ੍ਰੀਸ਼ਦ (ਏ.ਬੀ.ਏ.ਪੀ.) ਨਾਲ ਕਥਿਤ ਜਨਤਕ ਸਾਂਝ, ਜਿਸ ਨੂੰ ਉਨ੍ਹਾਂ ਨੇ ਸੱਤਾਧਾਰੀ ਪਾਰਟੀ ਦੇ ਵਿਚਾਰਧਾਰਕ ਤੰਤਰ ਦਾ ਹਿੱਸਾ ਦੱਸਿਆ।

ਦੂਜਾ ਅਤੇ ਗੰਭੀਰ ਮੁੱਦਾ ਹਿੱਤਾਂ ਦੇ ਟਕਰਾਅ ਦਾ ਉਠਾਇਆ ਗਿਆ ਹੈ। ਕੇਜਰੀਵਾਲ ਮੁਤਾਬਕ ਜੱਜ ਦੇ ਬੱਚੇ ਕੇਂਦਰ ਸਰਕਾਰ ਦੇ ਪੈਨਲ ਵਿਚ ਵਕੀਲ ਵਜੋਂ ਸ਼ਾਮਲ ਹਨ ਅਤੇ ਸੀ.ਬੀ.ਆਈ., ਜੋ ਕਿ ਇਸ ਕੇਸ ਵਿਚ ਵਿਰੋਧੀ ਧਿਰ ਹੈ, ਰਾਹੀਂ ਉਨ੍ਹਾਂ ਨੂੰ ਵੱਡੀ ਗਿਣਤੀ ਵਿਚ ਕੇਸ ਮਿਲ ਰਹੇ ਹਨ।

ਕੇਜਰੀਵਾਲ ਨੇ ਤਰਕ ਦਿੱਤਾ ਹੈ ਕਿ ਅਜਿਹੀ ਸਥਿਤੀ ਵਿਚ ਇੱਕ ਆਮ ਨਾਗਰਿਕ ਇਹ ਕਿਵੇਂ ਵਿਸ਼ਵਾਸ ਕਰ ਸਕਦਾ ਹੈ ਕਿ ਬੈਂਚ ਕੇਂਦਰ ਸਰਕਾਰ ਦੇ ਖਿਲਾਫ ਕੋਈ ਫੈਸਲਾ ਸੁਣਾਏਗੀ। ਉਨ੍ਹਾਂ ਐਲਾਨ ਕੀਤਾ ਕਿ ਉਹ ਹੁਣ ਨਾ ਤਾਂ ਖੁਦ ਅਤੇ ਨਾ ਹੀ ਆਪਣੇ ਵਕੀਲ ਰਾਹੀਂ ਇਸ ਕੇਸ ਦੀ ਕਾਰਵਾਈ ਵਿਚ ਸ਼ਾਮਲ ਹੋਣਗੇ। ਹਾਲਾਂਕਿ, ਉਨ੍ਹਾਂ ਸਪੱਸ਼ਟ ਕੀਤਾ ਕਿ ਉਨ੍ਹਾਂ ਦਾ ਸਤਿਕਾਰ ਨਿਆਂਪਾਲਿਕਾ ਅਤੇ ਸੰਵਿਧਾਨ ਪ੍ਰਤੀ ਬਰਕਰਾਰ ਹੈ ਅਤੇ ਉਹ ਇਸ ਮਾਮਲੇ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦੇਣ ਦਾ ਹੱਕ ਰਾਖਵਾਂ ਰੱਖਦੇ ਹਨ। ਕੇਜਰੀਵਾਲ ਨੇ ਅਦਾਲਤ ਨੂੰ ਬੇਨਤੀ ਕੀਤੀ ਹੈ ਕਿ ਉਨ੍ਹਾਂ ਦਾ ਇਹ ਪੱਤਰ ਰਿਕਾਰਡ 'ਤੇ ਲਿਆ ਜਾਵੇ ਅਤੇ ਅਦਾਲਤ ਅਗਲੇਰੀ ਕਾਰਵਾਈ ਆਪਣੀ ਮਰਜ਼ੀ ਅਨੁਸਾਰ ਜਾਰੀ ਰੱਖੇ।

## ਪੰਜਾਬ ਦੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਭਾਰਤੀ ਜਨਤਾ ਪਾਰਟੀ 'ਚ ਹੋ ਸਕਦੇ ਨੇ ਸ਼ਾਮਲ!

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ 'ਚ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਲਦੀ ਹੀ ਇਕ ਹੋਰ ਵੱਡਾ ਧਮਾਕਾ ਹੋਣ ਜਾ ਰਿਹਾ ਹੈ। ਸੂਤਰਾਂ ਅਨੁਸਾਰ, ਪੰਜਾਬ ਦੇ ਸਾਬਕਾ ਮੰਤਰੀ ਆਦੇਸ਼ ਪ੍ਰਤਾਪ ਸਿੰਘ ਕੈਰੋਂ ਜਲਦੀ ਹੀ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ। ਦੱਸਿਆ ਜਾ ਰਿਹਾ ਹੈ ਕਿ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਖ਼ੁਦ ਉਨ੍ਹਾਂ ਨੂੰ ਪਾਰਟੀ ਵਿਚ ਸ਼ਾਮਲ ਕਰਵਾਉਣਗੇ। ਹਾਲਾਂਕਿ ਇਸ ਸਬੰਧੀ ਫ਼ਿਲਹਾਲ ਨਾ ਤਾਂ ਆਦੇਸ਼ ਪ੍ਰਤਾਪ ਸਿੰਘ ਕੈਰੋਂ ਨੇ ਅਧਿਕਾਰਤ ਤੌਰ 'ਤੇ ਕੋਈ ਬਿਆਨ ਦਿੱਤਾ ਹੈ ਤੇ ਨਾ ਹੀ ਭਾਜਪਾ ਵੱਲੋਂ ਕੋਈ ਬਿਆਨ ਜਾਰੀ ਕੀਤਾ ਗਿਆ ਹੈ। ਇੱਥੇ ਦੱਸ ਦਈਏ ਕਿ ਆਦੇਸ਼ ਪ੍ਰਤਾਪ ਸਿੰਘ ਕੈਰੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੇ ਜੀਜਾ ਹਨ। ਉਹ ਪੰਜਾਬ ਵਿਚ ਮੰਤਰੀ ਵਜੋਂ ਆਬਕਾਰੀ ਵਿਭਾਗ ਅਤੇ ਖ਼ੁਰਾਕ ਅਤੇ ਸਿਵਲ ਸਪਲਾਈ ਜਿਹੇ ਅਹਿਮ ਵਿਭਾਗ ਸੰਭਾਲ ਚੁੱਕੇ ਹਨ। 2024 ਵਿਚ ਅਕਾਲੀ ਦਲ ਨੇ ਆਦੇਸ਼ ਪ੍ਰਤਾਪ ਕੈਰੋਂ ਨੂੰ ਪਾਰਟੀ ਵਿਰੋਧੀ ਗਤੀਵਿਧੀਆਂ ਦੇ ਦੋਸ਼ ਹੇਠ ਪਾਰਟੀ ਤੋਂ ਬਾਹਰ ਕੱਢ ਦਿੱਤਾ ਸੀ।

# ਵ੍ਹਾਈਟ ਹਾਊਸ ਦੀ ਸਖ਼ਤੀ: ਟਰੰਪ ਦੀ ਸੁਰੱਖਿਆ ਪ੍ਰੋਟੋਕਲ ਸਮੀਖਿਆ ਦੇ ਹੁਕਮ

**■ ਟਰੰਪ ਤੇ ਜੇ.ਡੀ. ਵੈਂਸ ਦੇ ਇਕੱਠੇ ਹੋਣ 'ਤੇ ਲੱਗ ਸਕਦੀ ਹੈ ਰੋਕ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀ ਸੁਰੱਖਿਆ ਨੂੰ ਲੈ ਕੇ ਵ੍ਹਾਈਟ ਹਾਊਸ ਦੇ ਉੱਚ ਅਧਿਕਾਰੀਆਂ ਨੇ ਇਸੇ ਹਫ਼ਤੇ ਇੱਕ ਅਹਿਮ ਮੀਟਿੰਗ ਸੱਦੀ ਹੈ। ਇਹ ਫੈਸਲਾ ਸ਼ਨੀਵਾਰ ਰਾਤ ਪੱਤਰਕਾਰਾਂ ਦੇ ਸਾਲਾਨਾ ਡਿਨਰ (ਵ੍ਹਾਈਟ ਹਾਊਸ ਕੋਰਸਪੌਂਡੈਂਟਸ ਡਿਨਰ) ਦੌਰਾਨ ਹੋਈ ਗੋਲੀਬਾਰੀ ਦੀ ਘਟਨਾ ਤੋਂ ਬਾਅਦ ਲਿਆ ਗਿਆ ਹੈ। ਵ੍ਹਾਈਟ ਹਾਊਸ ਦੀ ਚੀਫ ਆਫ ਸਟਾਫ ਸੂਜ਼ਨ ਵਾਈਲਜ਼ ਨੇ ਸੀਕਰੇਟ ਸਰਵਿਸ ਅਤੇ ਹੋਮਲੈਂਡ ਸੁਰੱਖਿਆ ਵਿਭਾਗ (ਡੀ.ਐੱਚ.ਐੱਸ.) ਦੇ ਅਧਿਕਾਰੀਆਂ ਨਾਲ ਮੁਲਾਕਾਤ ਕਰਕੇ ਸੁਰੱਖਿਆ ਪ੍ਰੋਟੋਕੋਲ ਦੀ ਸਮੀਖਿਆ ਕਰਨ ਦੇ ਹੁਕਮ ਦਿੱਤੇ ਹਨ।

ਇਸ ਨਾਕਾਮ ਹਮਲੇ ਨੇ ਅਮਰੀਕੀ ਸਰਕਾਰ ਦੇ ਉੱਤਰਾਧਿਕਾਰੀ ਦੀ ਲਾਈਨ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਸਮਾਗਮ ਦੌਰਾਨ ਰਾਸ਼ਟਰਪਤੀ ਟਰੰਪ ਤੋਂ ਇਲਾਵਾ ਉਪ-ਰਾਸ਼ਟਰਪਤੀ ਜੇ.ਡੀ. ਵੈਂਸ, ਹਾਊਸ ਸਪੀਕਰ ਮਾਈਕ ਜੌਹਨਸਨ, ਵਿਦੇਸ਼ ਮੰਤਰੀ ਮਾਰਕੋ ਰੂਬੀਓ ਅਤੇ ਰੱਖਿਆ ਮੰਤਰੀ ਸਮੇਤ ਕਈ ਵੱਡੇ ਅਹੁਦੇਦਾਰ ਮੌਜੂਦ ਸਨ, ਜੋ ਕਿਸੇ ਵੱਡੇ ਹਾਦਸੇ ਦੀ ਸੂਰਤ ਵਿਚ ਦੇਸ਼ ਦੀ ਵਾਗਡੋਰ ਸੰਭਾਲਣ ਦੀ ਕਤਾਰ ਵਿਚ ਆਉਂਦੇ ਹਨ। ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਕੈਰੋਲੀਨ ਲੀਵਿਟ ਨੇ ਸੰਕੇਤ ਦਿੱਤਾ ਕਿ ਆਉਣ ਵਾਲੇ ਸਮੇਂ ਵਿਚ ਇਹ ਨਿਯਮ ਬਣਾਇਆ ਜਾ ਸਕਦਾ ਹੈ ਕਿ ਰਾਸ਼ਟਰਪਤੀ ਟਰੰਪ ਅਤੇ ਉਪ-ਰਾਸ਼ਟਰਪਤੀ ਜੇ.ਡੀ. ਵੈਂਸ ਇੱਕੋ ਸਮੇਂ ਕਿਸੇ ਜਨਤਕ ਸਮਾਗਮ ਵਿਚ ਮੌਜੂਦ ਨਾ ਰਹਿਣ। ਰਿਪਬਲਿਕਨ ਕਾਂਗਰਸਮੈਨ ਮਾਈਕਲ ਮੈਕਕੌਲ ਨੇ ਕਿਹਾ ਕਿ ਸੀਕਰੇਟ ਸਰਵਿਸ ਨੂੰ ਇਸ ਬਾਰੇ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿਉਂਕਿ ਵਾਸ਼ਿੰਗਟਨ ਹਿਲਟਨ ਵਰਗੇ ਹੋਟਲ ਇੰਨੀ ਵੱਡੀ ਗਿਣਤੀ ਵਿਚ ਵੀ.ਵੀ.ਆਈ.ਪੀਜ਼ ਦੀ ਸੁਰੱਖਿਆ ਲਈ ਢੁਕਵੇਂ ਨਹੀਂ ਹਨ।

ਲੀਵਿਟ ਨੇ ਦੱਸਿਆ ਕਿ ਹਾਲਾਂਕਿ ਡਿਨਰ ਲਈ ਕੋਈ ਖਾਸ 'ਡੈਜ਼ੀਗਨੇਟਿਡ ਸਰਵਾਈਵਰ' (ਸੁਰੱਖਿਅਤ ਰੱਖਿਆ ਜਾਣ ਵਾਲਾ ਉੱਤਰਾਧਿਕਾਰੀ) ਨਿਯੁਕਤ ਨਹੀਂ ਕੀਤਾ ਗਿਆ ਸੀ, ਕਿਉਂਕਿ ਕੈਬਨਿਟ ਦੇ ਕੁਝ ਮੈਂਬਰ ਪਹਿਲਾਂ ਹੀ ਨਿੱਜੀ ਕਾਰਨਾਂ ਕਰਕੇ ਉੱਥੇ ਮੌਜੂਦ ਨਹੀਂ ਸਨ। ਜ਼ਿਕਰਯੋਗ ਹੈ ਕਿ ਫਰਵਰੀ ਵਿਚ ਹੋਏ 'ਸਟੇਟ ਆਫ ਦ ਯੂਨੀਅਨ' ਭਾਸ਼ਣ ਦੌਰਾਨ ਵੈਟਰਨ ਅਫੇਅਰਜ਼ ਮੰਤਰੀ ਡੱਗ ਕੋਲਿਨਸ ਨੂੰ 'ਡੈਜ਼ੀਗਨੇਟਿਡ ਸਰਵਾਈਵਰ' ਵਜੋਂ ਇੱਕ ਗੁਪਤ ਥਾਂ 'ਤੇ ਰੱਖਿਆ ਗਿਆ ਸੀ, ਤਾਂ ਜੋ ਕਿਸੇ ਵੀ ਹਮਲੇ ਦੀ ਸੂਰਤ ਵਿਚ ਸਰਕਾਰ ਚਲਦੀ ਰਹਿ ਸਕੇ। ਅਮਰੀਕਾ ਇਸ ਸਾਲ 4 ਜੁਲਾਈ ਨੂੰ ਆਪਣੀ ਆਜ਼ਾਦੀ ਦੀ 250ਵੀਂ ਵਰ੍ਹੇਗੰਢ ਮਨਾ ਰਿਹਾ ਹੈ, ਜਿਸ ਕਾਰਨ ਟਰੰਪ ਕਈ ਜਨਤਕ ਰੈਲੀਆਂ ਵਿਚ ਹਿੱਸਾ ਲੈਣ ਵਾਲੇ ਹਨ। ਸੂਜ਼ਨ ਵਾਈਲਜ਼ ਵੱਲੋਂ ਸੱਦੀ ਗਈ ਮੀਟਿੰਗ ਵਿਚ ਇਨ੍ਹਾਂ ਸਮਾਗਮਾਂ ਲਈ ਨਵੀਂ ਰਣਨੀਤੀ ਉਲੀਕੀ ਜਾਵੇਗੀ। ਅਧਿਕਾਰੀਆਂ ਨੇ ਸਾਫ ਕੀਤਾ ਹੈ ਕਿ ਭਾਵੇਂ ਸੀਕਰੇਟ ਸਰਵਿਸ ਆਪਣੀ ਕਾਰਜਪ੍ਰਣਾਲੀ ਜਨਤਕ ਨਹੀਂ ਕਰਦੀ, ਪਰ ਰਾਸ਼ਟਰਪਤੀ ਦੀ ਜਾਨ ਦੀ ਰਾਖੀ ਲਈ ਹਰ ਜ਼ਰੂਰੀ ਬਦਲਾਅ ਕੀਤਾ ਜਾਵੇਗਾ।

## ਵ੍ਹਾਈਟ ਹਾਊਸ ਡਿਨਰ 'ਚ ਫਾਇਰਿੰਗ: ਦੋਸ਼ੀ ਖ਼ਿਲਾਫ਼ ਰਾਸ਼ਟਰਪਤੀ ਦੇ ਕਤਲ ਦੀ ਕੋਸ਼ਿਸ਼ ਦਾ ਮਾਮਲਾ ਦਰਜ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ 'ਤੇ 'ਵ੍ਹਾਈਟ ਹਾਊਸ ਕੋਰਸਪੌਂਡੈਂਟਸ ਡਿਨਰ' ਦੌਰਾਨ ਹੋਏ ਹਮਲੇ ਦੀ ਕੋਸ਼ਿਸ਼ ਦੇ ਮਾਮਲੇ ਵਿਚ ਫੈਡਰਲ ਅਧਿਕਾਰੀਆਂ ਨੇ ਵੱਡੀ ਕਾਰਵਾਈ ਕੀਤੀ ਹੈ। ਫੜੇ ਗਏ ਬੰਦੂਕਧਾਰੀ ਕੋਲ ਥਾਮਸ ਐਲਨ ਖ਼ਿਲਾਫ਼ ਰਾਸ਼ਟਰਪਤੀ ਦੇ ਕਤਲ ਦੀ ਕੋਸ਼ਿਸ਼ ਸਣੇ ਕਈ ਗੰਭੀਰ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ।

ਸੋਮਵਾਰ ਨੂੰ ਵਾਸ਼ਿੰਗਟਨ ਦੀ ਇੱਕ ਫੈਡਰਲ ਅਦਾਲਤ ਵਿਚ 31 ਸਾਲਾ ਕੋਲ ਐਲਨ ਨੂੰ ਪੇਸ਼ ਕੀਤਾ ਗਿਆ। ਉਸ 'ਤੇ ਤਿੰਨ ਮੁੱਖ ਸੰਘੀ ਅਪਰਾਧਾਂ ਦੇ ਦੋਸ਼ ਲਗਾਏ ਗਏ ਹਨ, ਜਿਨ੍ਹਾਂ 'ਚ ਰਾਸ਼ਟਰਪਤੀ ਦੇ ਕਤਲ ਦੀ ਕੋਸ਼ਿਸ਼, ਫੈਡਰਲ ਅਧਿਕਾਰੀ 'ਤੇ ਹਮਲਾ ਤੇ ਹਥਿਆਰ ਚਲਾਉਣਾ ਸ਼ਾਮਲ ਹਨ। ਇਸ ਤਹਿਤ ਦੋਸ਼ੀ ਨੂੰ ਉਮਰ ਕੈਦ ਤੱਕ ਦੀ ਸਜ਼ਾ ਹੋ ਸਕਦੀ ਹੈ। ਜਾਂਚ ਵਿਚ ਸਾਹਮਣੇ ਆਇਆ ਹੈ ਕਿ ਕੋਲ ਐਲਨ ਕੈਲੀਫੋਰਨੀਆ ਦੇ ਟੋਰੈਂਸ ਦਾ ਰਹਿਣ ਵਾਲਾ ਹੈ ਅਤੇ ਉਹ ਇੱਕ ਟਿਊਟਰ ਅਤੇ ਕੰਪਿਊਟਰ ਇੰਜੀਨੀਅਰ ਹੈ। ਉਸ ਕੋਲੋਂ ਬਰਾਮਦ ਕੀਤੇ ਗਏ 'ਮੈਨੀਫੈਸਟੋ' ਅਤੇ ਪਰਿਵਾਰ ਨੂੰ ਭੇਜੇ ਗਏ ਮੈਸੇਜਾਂ 'ਚ ਉਸ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਦੀ ਸਖ਼ਤ ਨਿੰਦਾ ਕੀਤੀ ਸੀ। ਉਸ ਨੇ ਆਪਣੇ ਆਪ ਨੂੰ "ਫ੍ਰੈਂਡਲੀ ਫੈਡਰਲ ਅਸੈਸਿਨ" ਦੱਸਿਆ ਸੀ।

# ਅਮਰੀਕਾ 'ਚ ਰੈਸਟੋਰੈਂਟ ਨੂੰ ਲੱਗੀ ਭਿਆਨਕ ਅੱਗ 'ਚ ਪੰਜਾਬੀ ਮਾਲਕ ਸਮੇਤ 2 ਦੀ ਮੌਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਪੂਰਬੀ ਟੈਕਸਾਸ ਦੇ ਕਾਸ ਕਾਊਂਟੀ 'ਚ ਸਥਿਤ ਇੱਕ ਭਾਰਤੀ ਰੈਸਟੋਰੈਂਟ ਅਤੇ ਟਰੱਕ ਸਟਾਪ ਵਿਚ ਭਿਆਨਕ ਅੱਗ ਲੱਗ ਗਈ, ਜਿਸ ਕਾਰਨ ਦੋ ਵਿਅਕਤੀਆਂ ਦੀ ਦਰਦਨਾਕ ਮੌਤ ਹੋ ਗਈ ਹੈ। ਜਾਣਕਾਰੀ ਅਨੁਸਾਰ ਇਹ ਹਾਦਸਾ ਬੀਤੇ ਐਤਵਾਰ ਦੀ ਸਵੇਰ ਯੂ.ਐੱਸ. ਹਾਈਵੇਅ 59 'ਤੇ ਸਥਿਤ 'ਪੰਜ ਟਰੱਕ ਸਟਾਪ ਐਂਡ ਇੰਡੀਅਨ ਰੈਸਟੋਰੈਂਟ', ਜੋ ਕਿ ਕੁਈਨ ਸਿਟੀ ਅਤੇ ਡੋਮੀਨੋ ਦੇ ਨੇੜੇ ਹੈ, ਵਿਖੇ ਵਾਪਰਿਆ।

ਕਾਸ ਕਾਊਂਟੀ ਸ਼ੈਰਿਫ਼ ਦਫ਼ਤਰ ਅਨੁਸਾਰ, ਉਨ੍ਹਾਂ ਨੂੰ ਅੱਗ ਲੱਗਣ ਦੀ ਸੂਚਨਾ ਐਤਵਾਰ ਸਵੇਰੇ ਲਗਭਗ 5 ਵਜੇ ਮਿਲੀ ਸੀ। ਜਦੋਂ ਫਾਇਰ ਬ੍ਰਿਗੇਡ ਦੀਆਂ ਟੀਮਾਂ ਮੌਕੇ 'ਤੇ ਪਹੁੰਚੀਆਂ, ਤਾਂ ਇਮਾਰਤ ਅੱਗ ਦੀਆਂ ਲਪਟਾਂ ਵਿਚ ਘਿਰ ਚੁੱਕੀ ਸੀ। ਅੱਗ 'ਤੇ ਕਾਬੂ ਪਾਉਣ ਤੋਂ ਬਾਅਦ, ਜਾਂਚ ਕਰਤਾਵਾਂ ਨੂੰ ਇਮਾਰਤ ਦੀ ਦੂਜੀ ਮੰਜ਼ਿਲ ਤੋਂ 2 ਲੋਕਾਂ ਦੀਆਂ ਲਾਸ਼ਾਂ ਬਰਾਮਦ ਹੋਈਆਂ।

ਟੈਕਸਾਸ ਸਟੇਟ ਫਾਇਰ ਮਾਰਸ਼ਲ ਦਾ ਦਫ਼ਤਰ ਇਸ ਅੱਗ ਦੇ ਅਸਲ ਕਾਰਨਾਂ ਦੀ ਜਾਂਚ ਕਰ ਰਿਹਾ ਹੈ,




ਜਦਕਿ ਅੱਗ ਬੁਝਾਉਣ ਲਈ ਲਿਬਰਟੀ ਆਇਲੂ, ਐਟਲਾਂਟਾ ਅਤੇ ਟੈਕਸਾਰਕਾਨਾ ਸਮੇਤ ਕਈ ਸਥਾਨਕ ਅਤੇ ਵਾਲੰਟੀਅਰ ਫਾਇਰ ਵਿਭਾਗਾਂ ਨੇ ਸਹਿਯੋਗ ਦਿੱਤਾ।

ਮ੍ਰਿਤਕਾਂ 'ਚ ਇਕ ਪੰਜਾਬੀ ਨੌਜਵਾਨ ਦੱਸਿਆ ਜਾ ਰਿਹਾ ਹੈ, ਜੋ ਕਿ ਇਸ ਰੈਸਟੋਰੈਂਟ ਦਾ ਮਾਲਕ ਸੀ, ਜਦਕਿ ਦੂਜੇ ਦੀ ਪਛਾਣ ਹਰਿਆਣਾ ਦੇ ਰਹਿਣ ਵਾਲੇ ਸੁਖਵਿੰਦਰ ਸਿੰਘ ਵਜੋਂ ਹੋਈ ਹੈ, ਜੋ ਕਰੀਬ 4 ਸਾਲ ਪਹਿਲਾਂ ਹੀ 50 ਲੱਖ ਰੁਪਏ ਲਾ ਕੇ ਡੰਕੀ ਰੂਟ ਰਾਹੀਂ ਅਮਰੀਕਾ ਗਿਆ ਸੀ। ਉਹ ਵੀ ਇਸੇ ਰੈਸਟੋਰੈਂਟ 'ਚ ਕੰਮ ਕਰਦਾ ਸੀ। ਇਹ ਦੋਵੇਂ ਸਟੋਰ ਬੰਦ ਕਰ ਕੇ ਅੰਦਰ ਹੀ ਸੁੱਤੇ ਹੋਏ ਸਨ ਕਿ ਅੱਗ ਲੱਗਣ ਕਾਰਨ ਇਨ੍ਹਾਂ ਦੋਵਾਂ ਦੀ ਦਰਦਨਾਕ ਮੌਤ ਹੋ ਗਈ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਨਾਰਥ ਡਕੋਟਾ ਸਟੇਟ ਰਿਪ੍ਰਜ਼ੈਂਟੇਟਿਵ ਲਿਜ਼ ਕੌਨਮੀ ਅਤੇ ਪਾਇਲਟ ਦੀ ਜਹਾਜ਼ ਹਾਦਸੇ 'ਚ ਮੌਤ





ਮਿਨੀਆਪੋਲਿਸ, (ਪੰਜਾਬ ਮੇਲ)- ਅਮਰੀਕਾ ਦੇ ਮਿਨੀਆਪੋਲਿਸ ਵਿਚ ਸ਼ਨੀਵਾਰ ਨੂੰ ਟੇਕ-ਆਫ (ਉਡਾਣ ਭਰਨ) ਦੇ ਤੁਰੰਤ ਬਾਅਦ ਇੱਕ ਛੋਟਾ ਵਿਮਾਨ ਜ਼ਮੀਨ ਨਾਲ ਟਕਰਾ ਗਿਆ। ਹਾਦਸੇ ਤੋਂ ਬਾਅਦ ਜਹਾਜ਼ ਨੂੰ ਲੱਗੀ ਅੱਗ ਕਾਰਨ ਨਾਰਥ ਡਕੋਟਾ ਦੀ ਸਟੇਟ ਰਿਪ੍ਰਜ਼ੈਂਟੇਟਿਵ ਲਿਜ਼ ਕੌਨਮੀ ਅਤੇ ਪਾਇਲਟ ਜੋ ਕੈਸ ਦੀ ਮੌਤ ਹੋ ਗਈ। ਵਿਮਾਨ ਵਿਚ ਸਿਰਫ਼ ਇਹ ਦੋਵੇਂ ਹੀ ਸਵਾਰ ਸਨ।

ਇਹ ਹਾਦਸਾ ਮਿਨੀਸੋਟਾ ਦੇ ਬਰੁਕਲਿਨ ਪਾਰਕ ਵਿਚ ਵਾਪਰਿਆ, ਜਿੱਥੇ ਵਿਮਾਨ ਕ੍ਰਿਸਟਲ ਏਅਰਪੋਰਟ ਤੋਂ ਉਡਾਣ ਭਰਨ ਦੇ ਕੁਝ ਹੀ ਦੇਰ ਬਾਅਦ ਹੇਠਾਂ ਡਿੱਗ ਗਿਆ। 58 ਸਾਲਾ ਲਿਜ਼ ਕੌਨਮੀ ਫਾਰਗੋ ਦੀ ਰਹਿਣ ਵਾਲੀ ਸੀ। ਉਹ ਚਾਰ ਬੱਚਿਆਂ ਦੀ ਮਾਂ ਸੀ ਅਤੇ 2023 ਤੋਂ ਸੂਬਾ ਪ੍ਰਤੀਨਿਧੀ ਵਜੋਂ ਸੇਵਾ ਨਿਭਾ ਰਹੀ ਸੀ। ਉਹ ਆਪਣੀ ਦੂਜੀ ਪਾਰੀ ਲਈ ਚੋਣਾਂ ਦੀ ਤਿਆਰੀ ਕਰ ਰਹੀ ਸੀ।

ਫਿਲਹਾਲ ਹਾਦਸੇ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ ਹੈ। ਇਹ ਹਾਦਸਾ ਇੱਕ ਰਿਹਾਇਸ਼ੀ ਇਲਾਕੇ ਵਿਚ ਹੋਇਆ। ਫੈਡਰਲ ਐਵੀਏਸ਼ਨ ਐਡਮਿਨਿਸਟ੍ਰੇਸ਼ਨ (ਐੱਫ.ਏ.ਏ.) ਨੇ ਪੁਸ਼ਟੀ ਕੀਤੀ ਹੈ ਕਿ ਜਹਾਜ਼ ਵਿਚ ਦੋ ਲੋਕ ਸਵਾਰ ਸਨ। ਨੈਸ਼ਨਲ ਟ੍ਰਾਂਸਪੋਰਟੇਸ਼ਨ ਸੇਫਟੀ ਬੋਰਡ (ਐੱਨ.ਟੀ.ਐੱਸ.ਬੀ.) ਇਸ ਹਾਦਸੇ ਦੀ ਜਾਂਚ ਕਰ ਰਿਹਾ ਹੈ।

ਵਿਮਾਨ 'ਬੀਚ ਐੱਫ33ਏ' ਮਾਡਲ ਦਾ ਸੀ। ਹਾਦਸਾ ਦੁਪਹਿਰ ਤੋਂ ਠੀਕ ਪਹਿਲਾਂ ਵਾਪਰਿਆ। ਨਾਰਥ ਡਕੋਟਾ ਦੇ ਗਵਰਨਰ ਕੇਲੀ ਆਰਮਸਟ੍ਰਾਂਗ ਨੇ ਕਿਹਾ ਕਿ ਅਸੀਂ ਇਸ ਦੁਖਦ ਨੁਕਸਾਨ ਤੋਂ ਬਹੁਤ ਦੁਖੀ ਹਾਂ ਅਤੇ ਪਰਿਵਾਰ ਤੇ ਸਾਥੀ ਵਿਧਾਇਕਾਂ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ। ਉੱਤਰੀ ਡਕੋਟਾ ਡੈਮੋਕ੍ਰੇਟਿਕ-ਨਾਨਪਾਰਟੀਸਨ ਲੀਗ ਪਾਰਟੀ ਨੇ 'ਐਕਸ' 'ਤੇ ਪੋਸਟ ਕਰਕੇ ਕਿਹਾ ਕਿ ਉਹ ਪੂਰੀ ਤਰ੍ਹਾਂ ਟੁੱਟ ਚੁੱਕੇ ਹਨ ਅਤੇ ਇਹ ਸੂਬੇ ਲਈ ਇੱਕ ਵੱਡਾ ਨੁਕਸਾਨ ਹੈ।

ਪਾਰਟੀ ਨੇ ਉਨ੍ਹਾਂ ਨੂੰ ਇੱਕ ਸਾਬਕਾ ਕਿਸਾਨ ਅਤੇ ਮਿਨੀਸੋਟਾ ਸਟੇਟ ਯੂਨੀਵਰਸਿਟੀ ਦੀ ਅਧਿਆਪਕਾ ਵਜੋਂ ਯਾਦ ਕੀਤਾ। ਉਨ੍ਹਾਂ ਕਿਹਾ ਕਿ ਵਿਧਾਇਕ ਵਜੋਂ ਉਨ੍ਹਾਂ ਨੇ ਜਨਤਕ ਸਿੱਖਿਆ, ਵਾਤਾਵਰਣ ਅਤੇ ਪਾਰਦਰਸ਼ਤਾ ਦੇ ਮੁੱਦਿਆਂ 'ਤੇ ਹਮੇਸ਼ਾ ਮਜ਼ਬੂਤੀ ਨਾਲ ਆਵਾਜ਼ ਉਠਾਈ।

## ਅਮਰੀਕਾ ਵੱਲੋਂ ਚੀਨ ਦੀਆਂ 40 ਸ਼ਿਪਿੰਗ ਕੰਪਨੀਆਂ 'ਤੇ ਪਾਬੰਦੀ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਅਗਵਾਈ ਵਾਲੇ ਪ੍ਰਸ਼ਾਸਨ ਨੇ ਚੀਨ ਦੀ ਇਕ ਪ੍ਰਮੁੱਖ ਤੇਲ ਰਿਫਾਇਨਰੀ ਅਤੇ ਈਰਾਨੀ ਤੇਲ ਦੀ ਢੋਆ-ਢੁਆਈ ਵਿਚ ਸ਼ਾਮਲ ਲਗਭਗ 40 ਸ਼ਿਪਿੰਗ ਕੰਪਨੀਆਂ ਅਤੇ ਟੈਂਕਰਾਂ 'ਤੇ ਆਰਥਿਕ ਪਾਬੰਦੀਆਂ ਲਾਈਆਂ ਹਨ। ਅਮਰੀਕਾ ਨੇ ਇਸ ਮਹੀਨੇ ਫ਼ਾਰਸ ਦੀ ਖਾੜੀ ਦੇ ਸਟ੍ਰੇਟ ਆਫ ਹੋਰਮੁਜ਼ 'ਤੇ ਨਾਕਾਬੰਦੀ ਪ੍ਰਭਾਵੀ ਕੀਤੀ ਹੈ, ਜੋ ਵਿਸ਼ਵ ਪੱਧਰੀ ਊਰਜਾ ਸਪਲਾਈ ਲਈ ਬੇਹੱਦ ਮਹੱਤਵਪੂਰਨ ਹੈ।


**MATRIMONIAL**

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.

for more information Contact at : 818-645-9810

895


## ਐੱਫ.ਬੀ.ਆਈ. ਮੁਖੀ ਕਾਸ਼ ਪਟੇਲ ਨੂੰ ਅਹੁਦੇ ਤੋਂ ਹਟਾਇਆ ਜਾ ਸਕਦੈ !



ਵਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ 'ਚ ਐੱਫ.ਬੀ.ਆਈ. ਮੁਖੀ ਕਾਸ਼ ਪਟੇਲ ਨੂੰ ਲੈ ਕੇ ਵਿਵਾਦ ਲਗਾਤਾਰ ਡੂੰਘਾ ਹੁੰਦਾ ਜਾ ਰਿਹਾ ਹੈ। ਰਿਪੋਰਟਾਂ ਅਨੁਸਾਰ, ਵ੍ਹਾਈਟ ਹਾਊਸ ਦੇ ਅੰਦਰ ਉਨ੍ਹਾਂ ਦੇ ਕੰਮਕਾਜ ਤੇ ਵਤੀਰੇ ਨੂੰ ਲੈ ਕੇ ਅਸੰਤੋਸ਼ ਵਧ ਰਿਹਾ ਹੈ ਅਤੇ ਕਿਸੇ ਵੀ ਸਮੇਂ ਉਨ੍ਹਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਡੋਨਾਲਡ ਟਰੰਪ ਪ੍ਰਸ਼ਾਸਨ ਦੇ ਕਈ ਅਧਿਕਾਰੀ ਪਟੇਲ ਨਾਲ ਜੁੜੀਆਂ ਨਕਾਰਾਤਮਕ ਖ਼ਬਰਾਂ ਤੋਂ ਪਰੇਸ਼ਾਨ ਹਨ, ਕਿਉਂਕਿ ਉਨ੍ਹਾਂ ਦਾ ਮੰਨਣਾ ਹੈ ਕਿ ਇਸ ਨਾਲ ਸਰਕਾਰ ਦੀ ਤਸਵੀਰ ਖ਼ਰਾਬ ਹੋ ਰਹੀ ਹੈ।

ਵਤੀਰਾ ਤੇ ਅਨੁਸ਼ਾਸਨ: ਉਨ੍ਹਾਂ 'ਤੇ ਬਹੁਤ ਜ਼ਿਆਦਾ ਸ਼ਰਾਬ ਪੀਣ ਅਤੇ ਦਫ਼ਤਰ ਵਿਚ ਸਹਿਕਰਮੀਆਂ ਨੂੰ ਅਸਹਿਜ ਮਹਿਸੂਸ ਕਰਵਾਉਣ ਦੇ ਦੋਸ਼ ਹਨ।

ਲਾਪਰਵਾਹੀ: ਉਹ ਕਈ ਅਹਿਮ ਮੀਟਿੰਗਾਂ ਵਿਚੋਂ ਗੈਰ-ਹਾਜ਼ਰ ਪਾਏ ਗਏ ਹਨ।

ਅਸੁਰੱਖਿਆ ਦੀ ਭਾਵਨਾ: ਇਕ ਘਟਨਾ ਦੌਰਾਨ ਜਦੋਂ ਉਨ੍ਹਾਂ ਦਾ ਕੰਪਿਊਟਰ ਸਿਸਟਮ ਲਾਕ ਹੋ ਗਿਆ, ਤਾਂ ਉਹ ਘਬਰਾ ਗਏ ਅਤੇ ਉਨ੍ਹਾਂ ਨੂੰ ਲੱਗਾ ਕਿ ਸ਼ਾਇਦ ਉਨ੍ਹਾਂ ਨੂੰ ਨੌਕਰੀ ਤੋਂ ਕੱਢ ਦਿੱਤਾ ਗਿਆ ਹੈ।

ਪਟੇਲ ਦਾ ਕਰੀਅਰ ਪਹਿਲਾਂ ਵੀ ਵਿਵਾਦਾਂ ਨਾਲ ਭਰਿਆ ਰਿਹਾ ਹੈ। ਉਨ੍ਹਾਂ ਨੇ 2018 ਵਿਚ ਇੱਕ ਅਜਿਹਾ ਮੈਮੋ ਤਿਆਰ ਕੀਤਾ ਸੀ, ਜਿਸ ਵਿਚ ਐੱਫ.ਬੀ.ਆਈ. 'ਤੇ ਸਿਆਸੀ ਪੱਖਪਾਤ ਦੇ ਦੋਸ਼ ਲਾਏ ਗਏ ਸਨ। ਇਸ ਤੋਂ ਇਲਾਵਾ, 2019 ਦੇ ਯੂਕਰੇਨ ਮਾਮਲੇ ਵਿਚ ਗੁਪਤ ਭੂਮਿਕਾ ਅਤੇ ਕੈਪੀਟਲ ਹਿੰਸਾ ਦੌਰਾਨ ਨੈਸ਼ਨਲ ਗਾਰਡ ਦੀ ਤਾਇਨਾਤੀ ਵਿਚ ਦੇਰੀ ਨੂੰ ਲੈ ਕੇ ਵੀ ਉਹ ਸਵਾਲਾਂ ਦੇ ਘੇਰੇ ਵਿਚ ਰਹੇ ਹਨ। ਉਨ੍ਹਾਂ ਨੇ ਖੁੱਲ੍ਹੇਆਮ ਟਰੰਪ ਦੇ ਵਿਰੋਧੀਆਂ ਅਤੇ ਪੱਤਰਕਾਰਾਂ ਵਿਰੁੱਧ ਕਾਰਵਾਈ ਕਰਨ ਦੀਆਂ ਧਮਕੀਆਂ ਵੀ ਦਿੱਤੀਆਂ ਹਨ। ਇਨ੍ਹਾਂ ਰਿਪੋਰਟਾਂ ਦੇ ਸਾਹਮਣੇ ਆਉਣ ਤੋਂ ਬਾਅਦ, ਕਾਸ਼ ਪਟੇਲ ਨੇ 'ਦਿ ਐਟਲਾਂਟਿਕ' ਮੈਗਜ਼ੀਨ ਵਿਰੁੱਧ 250 ਮਿਲੀਅਨ ਡਾਲਰ ਦਾ ਮਾਣਹਾਨੀ ਦਾ ਮੁਕੱਦਮਾ ਦਾਇਰ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਵਿਰੁੱਧ ਝੂਠੀਆਂ ਅਤੇ ਗੁੰਮਰਾਹਕੁੰਨ ਖ਼ਬਰਾਂ ਫੈਲਾਈਆਂ ਜਾ ਰਹੀਆਂ ਹਨ। ਦੂਜੇ ਪਾਸੇ, ਮੈਗਜ਼ੀਨ ਆਪਣੀ ਰਿਪੋਰਟਿੰਗ 'ਤੇ ਕਾਇਮ ਹੈ।




# ਭੁਲੱਥ 'ਚ ਤੀਸਰੀ ਗੋਗਨਾ ਕਲਾਸਿਕ ਆਲ ਇੰਡੀਆ ਬੈਂਚ ਪ੍ਰੈੱਸ ਚੈਂਪੀਅਨਸ਼ਿਪ ਸੰਪੰਨ

**■ ਸੈਂਕੜੇ ਖਿਡਾਰੀਆਂ ਨੇ ਆਪਣਾ ਬੱਲ ਅਜ਼ਮਾਇਆ; ਜੇਤੂ ਪਾਵਰ ਲਿਫਟਰਾਂ ਨੂੰ 5 ਫੁੱਟ ਦੀ ਟਰਾਫੀ, ਮੈਡਲ ਅਤੇ ਨਗਦ ਰਾਸ਼ੀ ਦੇ ਕੀਤਾ ਗਿਆ ਸਨਮਾਨਿਤ**



**ਭੁਲੱਥ, (ਪੰਜਾਬ ਮੇਲ )-** ਤੀਸਰੀ ਗੋਗਨਾ ਆਲ ਇੰਡੀਆ ਕਲਾਸਿਕ ਬੈਂਚ ਪ੍ਰੈੱਸ ਚੈਂਪੀਅਨਸ਼ਿਪ ਭੁਲੱਥ ਵਿਖੇ ਬੜੀ ਧੂਮ ਨਾਲ ਸੰਪੰਨ ਹੋਈ। ਇਸ ਬੈਂਚ ਪ੍ਰੈੱਸ 'ਚ ਪੰਜਾਬ ਤੋਂ ਇਲਾਵਾ ਹਰਿਆਣਾ, ਜੰਮੂ, ਦਿੱਲੀ, ਰਾਜਸਥਾਨ, ਯੂ.ਪੀ., ਹਿਮਾਚਲ ਪ੍ਰਦੇਸ਼ ਤੋਂ ਤਕਰੀਬਨ 600 ਤੋਂ ਵੱਧ ਲੜਕਿਆਂ ਅਤੇ ਪਾਵਰ ਲਿਫਟਰ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ। ਇਹ ਚੈਂਪੀਅਨਸ਼ਿਪ ਦੇ ਮੁਕਾਬਲੇ ਕਾਮਨਵੈਲਥ ਚੈਂਪੀਅਨ ਅਜੈ ਗੋਗਨਾ ਸਪੁੱਤਰ ਸੀਨੀਅਰ ਪੱਤਰਕਾਰ ਰਾਜ ਗੋਗਨਾ ਭੁਲੱਥ ਦੀ ਅਤੇ ਧਰਮਿੰਦਰ ਸਿੰਘ ਚੀਮਾ (ਗੋਲਡਨ ਸਟਾਰ ਦੀ) ਅਗਵਾਈ ਹੇਠ ਹੋਈ। ਇਸ ਮੌਕੇ ਜਿੱਤ ਦਰਜ ਕਰਨ ਵਾਲੇ ਪਾਵਰਲਿਫਟਰਾਂ ਨੂੰ ਨਗਦ ਰਾਸ਼ੀ ਦੇ ਨਾਲ ਮੈਡਲ ਅਤੇ ਪੰਜ ਫੁੱਟ ਦੀ ਟਰਾਫੀ ਦੇ ਨਾਲ ਸਨਮਾਨ ਕੀਤਾ ਗਿਆ। ਜਿਨ੍ਹਾਂ ਪਾਵਰਲਿਫਟਰ ਸੀਨੀਅਰ ਲੜਕੇ ਅਤੇ ਲੜਕੀਆਂ ਦੇ ਮੁਕਾਬਲੇ ਕਰਵਾਏ ਗਏ, ਉਨ੍ਹਾਂ ਦੀ ਕੈਟਾਗਰੀ ਦਾ ਨਤੀਜਾ ਇਸ ਪ੍ਰਕਾਰ ਹੈ। 66 ਕਿਲੋ ਓਪਨ 'ਚ ਫ਼ਸਟ ਗਗਨਦੀਪ ਸਿੰਘ ਜੰਮੂ 150 ਕਿਲੋ, ਸੈਕਿੰਡ ਮਨਪ੍ਰੀਤ (ਪੰਜਾਬ), ਤੀਸਰੇ ਸਥਾਨ 'ਤੇ 142 ਕਿਲੋ ਹਿਮਾਂਸ਼ੂ ਹਰਿਆਣਾ ਰਹੇ। 74 ਕਿੱਲੋ ਓਪਨ ਵਿਕਰਾਂਤ ਜੰਮੂ 165 ਕਿੱਲੋ, ਸੈਕਿੰਡ ਰਾਧੇ ਨਾਗਰਾ ਪੰਜਾਬ 162 ਕਿੱਲੋ ਤੀਸਰੇ ਸਥਾਨ 'ਤੇ ਸਾਹਿਲ ਸ਼ਰਮਾ ਪੰਜਾਬ। 152 ਕਿੱਲੋ, 83 ਕਿਲੋ ਓਪਨ 'ਚ ਯੋਗੀਤ ਪਟਿਆਲ਼ਾ, 185 ਕਿੱਲੋ ਭਾਰ 'ਚ ਸੈਕਿੰਡ ਮੋਮੀਨ ਦਾਰ ਜੰਮੂ, 180 ਕਿੱਲੋ ਤੀਸਰੇ ਦਰਜੇ 'ਤੇ ਰਾਕੇਸ਼ ਸਿੰਘ ਯੂ.ਪੀ.। 172.5 ਕਿੱਲੋ, 93 ਕਿੱਲੋ ਓਪਨ 'ਚ ਲਵਪ੍ਰੀਤ ਸਿੰਘ (ਪੰਜਾਬ) 182.5 ਕਿੱਲੋ, ਸੈਕਿੰਡ ਆਰੀਅਨ ਪਾਸੀ ਪੰਜਾਬ, ਤੀਸਰੇ 'ਤੇ ਵੈਵਿਬ ਹਰਿਆਣਾ ਨੇ 165 ਕਿੱਲੋ ਦੀ ਬੈਂਚ ਲਾਈ। 170 ਕਿੱਲੋ, 105 ਕਿਲੋ ਓਪਨ 'ਚ ਮਨਦੀਪ ਸਿੰਘ ਪੰਜਾਬ 205 ਕਿੱਲੋ, ਸੈਕਿੰਡ ਗੁਰਵਿੰਦਰ ਸਿੰਘ ਪੰਜਾਬ 197.5 ਕਿੱਲੋ, ਤੀਸਰੇ ਸਥਾਨ 'ਤੇ ਕੁਲਦੀਪ ਸਿੰਘ ਪੰਜਾਬ 190 ਕਿੱਲੋ, 105 ਕਿਲੋ ਓਪਨ 'ਚ ਹਰਦੀਪ ਸਿੰਘ ਪੰਜਾਬ 205 ਕਿੱਲੋ, ਸੈਕਿੰਡ ਗੁਰਵਿੰਦਰ ਸਿੰਘ ਪੰਜਾਬ 197.5 ਕਿੱਲੋ, ਤੀਸਰੇ ਸਥਾਨ 'ਤੇ ਕੁਲਦੀਪ ਸਿੰਘ ਪੰਜਾਬ ਨੇ 190 ਕਿੱਲੋ ਭਾਰ ਚੁੱਕਿਆ। 105 ਪਲਸ ਓਪਨ ਦੇ ਮੁਕਾਬਲੇ 'ਚ ਆਦੇਸ਼ ਸਿੰਘ ਜੰਮੂ 225.5 ਕਿੱਲੋ, ਸੈਕਿੰਡ ਸੁਭਾਸ਼ ਕੁਮਾਰ ਹਿਮਾਚਲ 212.5 ਕਿੱਲੋ, ਤੀਸਰੇ ਸਥਾਨ 'ਤੇ ਅਰਵਿੰਦਰ ਸਿੰਘ ਪੰਜਾਬ 212.5 ਕਿੱਲੋ ਭਾਰ ਚੁੱਕਿਆ। ਸਭ ਤੋਂ ਜ਼ਿਆਦਾ ਬੈਂਚ ਪ੍ਰੈਸ 'ਚ ਆਦੇਸ਼ ਜੰਮੂ 222.5 ਕਿੱਲੋ, ਜਿਸ ਨੂੰ 37000 ਹਜ਼ਾਰ ਰੁਪਏ ਦਾ ਨਗਦ ਇਨਾਮ ਦੇ ਨਾਲ ਬਜਰੰਗ ਬਲੀ ਦਾ ਗੁਰਜ ਦੇ ਕੇ ਸਨਮਾਨਿਤ ਕੀਤਾ ਗਿਆ। ਪੈਰਾ ਓਲੰਪਿਕ 'ਚ ਫ਼ਸਟ ਵਰਿੰਦਰ ਸਿੰਘ, ਸੈਕਿੰਡ ਕੁਲਦੀਪ ਸਿੰਘ, ਤੀਸਰੇ ਨੰਬਰ 'ਤੇ ਬਾਵਾ ਸਿੰਘ ਆਇਆ ਅਤੇ ਚੌਥਾ ਸਥਾਨ ਗੁਰਸੇਵਕ ਸਿੰਘ ਨੇ 165 ਕਿੱਲੋ ਚੁੱਕਿਆ। ਪੰਜਵੇਂ ਸਥਾਨ 'ਤੇ ਰਣਦੀਪ ਸਿੰਘ ਹੰਸ ਰਿਹਾ। ਫ਼ਸਟ ਨੂੰ 11000 ਹਜ਼ਾਰ, ਸੈਕਿੰਡ ਨੂੰ 8100, 5100, 3100 ਅਤੇ ਪੰਜਵੇਂ ਸਥਾਨ 'ਤੇ ਆਉਣ ਵਾਲੇ 2100 ਰੁਪਏ ਦੀ ਨਗਦੀ ਅਤੇ ਟਰਾਫੀ ਦੇ ਨਾਲ ਸਨਮਾਨਿਤ ਕੀਤਾ ਗਿਆ। 63 ਕਿੱਲੋ ਭਾਰ 'ਚ ਨੇਹਾ ਜੰਮੂ ਕਸ਼ਮੀਰ ਦੀ ਲੜਕੀ ਨੇ 82.5 ਕਿਲੋ ਭਾਰ ਚੁੱਕਿਆ ਅਤੇ ਜਿਸ ਨੂੰ 5100 ਰੁਪਏ ਦੀ ਨਗਦੀ ਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਦਿੱਲੀ ਦੀ ਸਭੀਪਾਲ ਨੇ 77.5 ਕਿੱਲੋ ਚੁੱਕਿਆ, ਜਿਸ ਨੂੰ 4100 ਰੁਪਏ ਦੀ ਨਗਦੀ ਅਤੇ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਤੀਸਰੇ ਨੰਬਰ 'ਤੇ ਪੰਜਾਬ ਦੀ ਯਗਜੋਤ ਕੌਰ ਖ਼ਾਲਸਾ ਰਹੀ, ਜਿਸ ਨੇ 77.5 ਕਿੱਲੋ ਦਾ ਭਾਰ ਚੁੱਕਿਆ। ਉਸ ਨੂੰ 3100 ਰੁਪਏ ਦੀ ਨਗਦੀ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ। ਲੜਕੀਆਂ ਦੇ 69 ਕਿੱਲੋ ਭਾਰ 'ਚ ਫ਼ਸਟ ਸੋਲੋਨੀ ਤਿਆਗੀ ਯੂ.ਪੀ., ਜਿਸ ਨੂੰ 10 ਹਜ਼ਾਰ ਇੱਕ ਸੌ ਰੁਪਏ ਦੀ ਨਗਦੀ ਅਤੇ ਪੰਜ ਫੁੱਟ ਦੀ ਟਰਾਫੀ ਦੇ ਨਾਲ ਸਨਮਾਨਿਤ ਕੀਤਾ ਗਿਆ। ਦੂਸਰੇ ਨੰਬਰ 'ਤੇ ਅਨਮੋਲ ਪ੍ਰੀਤ ਕੌਰ ਪੰਜਾਬ ਦੀ ਰਹੀ, ਜਿਸ ਨੂੰ 4100 ਦੀ ਨਗਦੀ ਤੇ ਟਰਾਫੀ ਦਿੱਤੀ ਗਈ। ਤੀਸਰੇ ਨੰਬਰ 'ਤੇ ਮਮਤਾ ਰਾਣੀ ਪੰਜਾਬ ਦੀ ਲੜਕੀ ਰਹੀ, ਜਿਸ ਨੇ 60 ਕਿੱਲੋ ਚੁੱਕਿਆ, ਜਿਸ ਨੂੰ 3100 ਰੁਪਏ ਦੀ ਨਗਦੀ ਦਿੱਤੀ ਗਈ। 76 ਕਿੱਲੋ ਪਲਸ ਦੇ ਭਾਰ 'ਚ ਲੜਕੀਆਂ 'ਚ ਜੰਮੂ ਕਸ਼ਮੀਰ ਦੀ ਸ਼ਿਵਾਨੀ, ਜਗਰੀਤ ਕੌਰ, ਜਸਪਾਲ ਕੌਰ ਪੰਜਾਬ ਨੇ 105 ਕਿੱਲੋ ਭਾਰ ਉਠਾਇਆ ਅਤੇ ਇਨ੍ਹਾਂ ਤਿੰਨਾਂ ਨੂੰ 10,000 ਹਜ਼ਾਰ ਰੁਪਏ ਦੀ ਨਗਦ ਰਾਸ਼ੀ ਦਿੱਤੀ ਗਈ। 76 ਕਿਲੋ ਭਾਰ ਦੇ ਵਰਗ 'ਚ ਬੀਨਾ ਦਿੱਲੀ ਫ਼ਸਟ 10,000 ਹਜ਼ਾਰ ਰੁਪਏ ਦੀ ਨਗਦੀ ਅਤੇ ਪੰਜ ਫੁੱਟ ਦੀ ਟਰਾਫੀ ਦੇ ਕੇ ਸਨਮਾਨਿਤ ਕੀਤਾ ਗਿਆ। ਇੱਥੇ ਇਹ ਗੱਲ ਜ਼ਿਕਰਯੋਗ ਹੈ ਕਿ ਅਜੈ ਗੋਗਨਾ ਭੁਲੱਥ ਵੱਲੋਂ ਕਰਵਾਈ ਗਈ ਚੈਂਪੀਅਨਸ਼ਿਪ ਨੇ ਨੈਸ਼ਨਲ ਪੱਧਰ ਦੇ ਰਿਕਾਰਡ ਤੋੜੇ। ਇਸ ਚੈਂਪੀਅਨਸ਼ਿਪ 'ਚ ਹੋਰਨਾਂ ਤੋਂ ਇਲਾਵਾ ਅੰਤਰਰਾਸ਼ਟਰੀ ਪਾਵਰਲਿਫਟਰ ਤੇਜਬੀਰ ਸਿੰਘ ਰਾਣਾ, ਜੇ.ਡੀ. ਜੰਮੂ, ਅਮਨ ਹੋਠੀ, ਸਰਬਜੀਤ ਕੰਡਾ, ਧਰਮਿੰਦਰ ਸਿੰਘ ਕੋਚ ਦਿੱਲੀ, ਧਰਮਿੰਦਰ ਸਿੰਘ ਚੀਮਾ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਪੁੱਜੇ ਸੰਦੀਪ ਸਿੰਘ ਮੰਡ ਐੱਸ.ਪੀ., ਗਗਨ ਕੋਕਰੀ ਲੋਕ ਗਾਇਕ, ਪਰਮਜੀਤ ਗੋਗਨਾ, ਬਿੰਨੀ ਗੋਗਨਾ, ਕ੍ਰਿਸ਼ਨ ਲਾਲ ਬੱਬਰ ਸਾਬਕਾ ਕੌਂਸਲਰ, ਰਮਨ ਬੱਬਰ ਕੌਂਸਲਰ, ਵੇਦ ਪ੍ਰਕਾਸ਼ ਖੁਰਾਣਾ ਕੌਂਸਲਰ, ਹੁਸਨ ਲਾਲ ਗੋਗਨਾ, ਅਰਸ਼ ਕਪੂਰ ਤੋਂ ਇਲਾਵਾ ਭਾਰੀ ਗਿਣਤੀ 'ਚ ਭੁਲੱਥ ਦੇ ਲੋਕ ਪੁੱਜੇ ਹੋਏ ਸਨ।

# ਪੰਜਾਬ ਕਾਂਗਰਸ 'ਚ ਸੰਗਠਨਾਤਮਕ ਤਬਦੀਲੀ ਬਾਰੇ ਚਰਚਾ ਤੇਜ਼

**ਜਲੰਧਰ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਦੀਆਂ 2027 'ਚ ਹੋਣ ਵਾਲੀਆਂ ਚੋਣਾਂ ਨੂੰ ਧਿਆਨ 'ਚ ਰੱਖਦੇ ਹੋਏ ਪੰਜਾਬ ਕਾਂਗਰਸ 'ਚ ਸੰਗਠਨਾਤਮਕ ਤਬਦੀਲੀ ਬਾਰੇ ਚਰਚਾ ਤੇਜ਼ ਹੋ ਗਈ ਹੈ। ਪਾਰਟੀ ਦੇ ਅੰਦਰੂਨੀ ਸੂਤਰਾਂ ਅਨੁਸਾਰ ਮਈ 'ਚ ਵੱਡੀਆਂ ਤਬਦੀਲੀਆਂ ਸੰਭਵ ਹਨ। ਕਈ ਸੀਨੀਅਰ ਕਾਂਗਰਸੀ ਆਗੂਆਂ ਨੂੰ ਮੁੱਖ ਅਹੁਦੇ ਹਾਸਲ ਕਰਨ ਲਈ ਦਿੱਲੀ ਦੇ ਵਾਰ-ਵਾਰ ਦੌਰੇ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਕਾਂਗਰਸੀ ਆਗੂਆਂ ਦਾ ਮੰਨਣਾ ਹੈ ਕਿ ਰਾਹੁਲ ਗਾਂਧੀ ਸੰਗਠਨ ਨੂੰ ਮਜ਼ਬੂਤ ਕਰਨ ਅਤੇ ਵਰਕਰਾਂ ਨੂੰ ਮੁੜ ਊਰਜਾਵਾਨ ਬਣਾਉਣ ਲਈ ਨਵੇਂ ਚਿਹਰੇ ਲਿਆਉਣ ਦੀ ਰਣਨੀਤੀ 'ਤੇ ਕੰਮ ਕਰ ਰਹੇ ਹਨ।

ਪੰਜਾਬ ਦੀ ਆਪਣੀ ਤਾਜ਼ਾ ਫੇਰੀ ਦੌਰਾਨ ਰਾਹੁਲ ਗਾਂਧੀ ਨੇ ਸਪੱਸ਼ਟ ਤੌਰ 'ਤੇ ਕਿਹਾ ਸੀ ਕਿ ਪਾਰਟੀ 'ਚ ਅਨੁਸ਼ਾਸਨ ਸਭ ਤੋਂ ਅਹਿਮ ਹੈ। ਉਨ੍ਹਾਂ ਆਗੂਆਂ ਨੂੰ ਚਿਤਾਵਨੀ ਦਿੱਤੀ ਸੀ ਕਿ ਭਾਵੇਂ ਕੋਈ ਕਿੰਨਾ ਵੀ ਪ੍ਰਮੁੱਖ ਕਿਉਂ ਨਾ ਹੋਵੇ, ਉਸ ਨੂੰ ਪਾਰਟੀ ਲਾਈਨ ਦੀ ਪਾਲਣਾ ਕਰਨੀ ਚਾਹੀਦੀ ਹੈ। ਪਾਰਟੀ ਅੰਦਰ ਦੱਬੀ ਜ਼ੁਬਾਨ 'ਚ ਇਹ ਚਰਚਾ ਹੋ ਰਹੀ ਹੈ ਕਿ ਇਸ ਸੰਗਠਨਾਤਮਕ ਫੇਰਬਦਲ ਤੋਂ ਬਾਅਦ ਅਹੁਦਿਆਂ 'ਤੇ ਨਿਯੁਕਤ ਕੀਤੇ ਗਏ ਆਗੂ ਵਿਧਾਨ ਸਭਾ ਚੋਣਾਂ ਤੱਕ ਆਪਣੇ ਫਰਜ਼ ਨਿਭਾਉਣਗੇ। ਅਜਿਹੀ ਸਥਿਤੀ 'ਚ ਭਵਿੱਖ ਦੇ ਸਿਆਸੀ ਮਾਹੌਲ ਲਈ ਇਹ ਅਹੁਦੇ ਬਹੁਤ ਅਹਿਮ ਮੰਨੇ ਜਾਂਦੇ ਹਨ।

ਇਹ ਮੰਨਿਆ ਜਾ ਰਿਹਾ ਹੈ ਕਿ ਜੇ ਕਾਂਗਰਸ ਚੋਣਾਂ 'ਚ ਚੰਗਾ ਪ੍ਰਦਰਸ਼ਨ ਕਰਦੀ ਹੈ, ਤਾਂ ਇਹ ਆਗੂ ਮੁੱਖ ਮੰਤਰੀ ਦੇ ਅਹੁਦੇ ਲਈ ਸੰਭਾਵੀ ਦਾਅਵੇਦਾਰ ਬਣ ਸਕਦੇ ਹਨ। ਦੱਸਿਆ ਜਾ ਰਿਹਾ ਹੈ ਕਿ ਅੱਧੀ ਦਰਜਨ ਤੋਂ ਵੱਧ ਆਗੂ ਸੰਗਠਨ ਅੰਦਰ ਅਹਿਮ ਜ਼ਿੰਮੇਵਾਰੀਆਂ ਨੂੰ ਸਰਗਰਮੀ ਨਾਲ ਨਿਭਾਅ ਰਹੇ ਹਨ। ਸੂਤਰਾਂ ਅਨੁਸਾਰ ਕਾਂਗਰਸ ਇਸ ਵਾਰ ਆਪਣੇ ਸੰਗਠਨਾਤਮਕ ਢਾਂਚੇ 'ਚ ਤਬਦੀਲੀ ਕਰਦੇ ਸਮੇਂ ਸਮਾਜਿਕ ਸੰਤੁਲਨ ਵੱਲ ਵਿਸ਼ੇਸ਼ ਧਿਆਨ ਦੇ ਸਕਦੀ ਹੈ। ਪਾਰਟੀ ਹਿੰਦੂ, ਸਿੱਖ ਅਤੇ ਦਲਿਤ ਭਾਈਚਾਰਿਆਂ ਦਰਮਿਆਨ ਪ੍ਰਤੀਨਿਧਤਾ ਨੂੰ ਸੰਤੁਲਿਤ ਕਰਨ ਦੀ ਰਣਨੀਤੀ 'ਤੇ ਕੰਮ ਕਰ ਰਹੀ ਹੈ। ਪਹਿਲਾਂ ਜਦੋਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਬਣੇ ਸਨ, ਤਾਂ ਸਾਰੇ ਭਾਈਚਾਰਿਆਂ ਨੂੰ ਪ੍ਰਤੀਨਿਧਤਾ ਪ੍ਰਦਾਨ ਕਰਕੇ ਅਜਿਹਾ ਹੀ ਸੰਤੁਲਨ ਬਣਾਈ ਰੱਖਿਆ ਗਿਆ ਸੀ। ਕਾਂਗਰਸ ਇਕ ਵਾਰ ਫਿਰ ਇਸ ਫਾਰਮੂਲੇ ਰਾਹੀਂ ਆਪਣੇ ਆਪ ਨੂੰ ਇਕ ਸਮਾਵੇਸ਼ੀ ਅਤੇ ਧਰਮ ਨਿਰਪੱਖ ਪਾਰਟੀ ਵਜੋਂ ਪੇਸ਼ ਕਰਨ ਦਾ ਟੀਚਾ ਰੱਖ ਰਹੀ ਹੈ। ਆਮ ਆਦਮੀ ਪਾਰਟੀ ਦੀ ਸੂਬਾਈ ਇਕਾਈ ਅੰਦਰ ਕਾਫ਼ੀ ਸਿਆਸੀ ਹੱਲਚਲ ਹੈ ਪਰ ਕਾਂਗਰਸੀ ਆਗੂਆਂ ਦਾ ਧਿਆਨ ਇਸ ਸਮੇਂ ਸਿਰਫ਼ ਸੰਭਾਵੀ ਸੰਗਠਨਾਤਮਕ ਤਬਦੀਲੀਆਂ 'ਤੇ ਕੇਂਦ੍ਰਿਤ ਹੈ।



# ਸਾਲਾਨਾ ਡਿਨਰ ਦੌਰਾਨ ਹੋਈ ਫਾਇਰਿੰਗ ’ਚ ਰਾਸ਼ਟਰਪਤੀ ਟਰੰਪ ਵਾਲ-ਵਾਲ ਬਚੇ

**ਸੁਰੱਖਿਆ ਕਰਮੀਆਂ ਨੇ ਟਰੰਪ ਨੂੰ ਸੁਰੱਖਿਅਤ ਬਾਹਰ ਕੱਢਿਆ, ਇਕ ਪੁਲਿਸ ਮੁਲਾਜ਼ਮ ਜ਼ਖਮੀ**



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਸ਼ਨੀਵਾਰ ਰਾਤ ਉਸ ਸਮੇਂ ਵਾਲ-ਵਾਲ ਬਚ ਗਏ, ਜਦੋਂ ਵ੍ਹਾਈਟ ਹਾਊਸ ਕਾਰਸਪੋਂਡੈਂਟਸ ਐਸੋਸੀਏਸ਼ਨ ਦੇ ਸਾਲਾਨਾ ਰਾਤਰੀ ਭੋਜ (ਡਿਨਰ) ਦੌਰਾਨ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਇਸ ਘਟਨਾ ਤੋਂ ਤੁਰੰਤ ਬਾਅਦ ਰਾਸ਼ਟਰਪਤੀ ਅਤੇ ਦੇਸ਼ ਦੇ ਹੋਰ ਉੱਚ ਨੇਤਾਵਾਂ ਨੂੰ ਸੁਰੱਖਿਅਤ ਸਥਾਨਾਂ ’ਤੇ ਪਹੁੰਚਾਇਆ ਗਿਆ। ਹਾਲਾਂਕਿ ਇਸ ਹਮਲੇ ਵਿਚ ਰਾਸ਼ਟਰਪਤੀ ਨੂੰ ਕੋਈ ਸੱਟ ਨਹੀਂ ਲੱਗੀ, ਪਰ ਭਾਜੜ ਦੌਰਾਨ ਮੰਚ ਤੋਂ ਉਤਰਦੇ ਸਮੇਂ ਉਹ ਮਾਮੂਲੀ ਲੜਖੜਾ ਗਏ ਸਨ, ਜਿਨ੍ਹਾਂ ਨੂੰ ਸੀਕਰੇਟ ਸਰਵਿਸ ਦੇ ਏਜੰਟਾਂ ਨੇ ਤੁਰੰਤ ਸੰਭਾਲ ਲਿਆ।

ਵਾਸ਼ਿੰਗਟਨ ਹਿਲਟਨ ਹੋਟਲ ਦੇ ਬਾਲਰੂਮ ਵਿਚ ਜਦੋਂ ਸੈਂਕੜੇ ਪੱਤਰਕਾਰ ਅਤੇ ਮਹਿਮਾਨ ਰਾਤਰੀ ਭੋਜ ਦਾ ਅਨੰਦ ਲੈ ਰਹੇ ਸਨ, ਤਾਂ ਅਚਾਨਕ ਬਾਹਰ ਗੋਲੀਬਾਰੀ ਹੋਣ ਦੀ ਖ਼ਬਰ ਆਈ। ਸੁਰੱਖਿਆ ਅਧਿਕਾਰੀਆਂ ਅਨੁਸਾਰ ਇੱਕ ਹਮਲਾਵਰ ਨੇ ਗੋਲੀਆਂ ਚਲਾਈਆਂ ਸਨ। ਘਟਨਾ ਤੋਂ ਤੁਰੰਤ ਬਾਅਦ ਪੂਰੇ ਹਾਲ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਅਤੇ ਸੁਰੱਖਿਆ ਕਰਮੀਆਂ ਨੇ ਪੂਰੇ ਇਲਾਕੇ ਨੂੰ ਘੇਰ ਲਿਆ। ਇਸ ਦੌਰਾਨ ਇਕ ਪੁਲਿਸ ਮੁਲਾਜ਼ਮ ਨੂੰ ਵੀ ਗੋਲੀ ਲੱਗੀ, ਪਰ ਬੁਲੇਟ-ਪਰੂਫ ਜੈਕਟ ਹੋਣ ਕਾਰਨ ਉਸ ਦੀ ਜਾਨ ਬਚ ਗਈ।

ਹਾਲ ਦੇ ਅੰਦਰ ਮੌਜੂਦ ਚਸ਼ਮਦੀਦਾਂ ਅਨੁਸਾਰ, ਗੋਲੀਆਂ ਦੀ ਆਵਾਜ਼ ਸੁਣਦੇ ਹੀ ਮਹਿਮਾਨਾਂ ਵਿਚ ਚੀਕ-ਚਿਹਾੜਾ ਪੈ ਗਿਆ ਅਤੇ ਲੋਕ ਆਪਣੀ ਜਾਨ ਬਚਾਉਣ ਲਈ ਮੇਜ਼ਾਂ ਦੇ ਹੇਠਾਂ ਲੁਕ ਗਏ।

## ਗੋਲੀਬਾਰੀ ’ਤੇ ਆਲਮੀ ਆਗੂਆਂ ਵੱਲੋਂ ਪ੍ਰਤੀਕਿਰਿਆ ਜ਼ਾਹਿਰ

**ਵਾਸ਼ਿੰਗਟਨ, (ਪੰਜਾਬ ਮੇਲ)-** ਆਲਮੀ ਆਗੂਆਂ ਨੇ ਸ਼ਨਿੱਚਰਵਾਰ ਰਾਤ ਵ੍ਹਾਈਟ ਹਾਊਸ ਦੇ ਪੱਤਰਕਾਰਾਂ ਲਈ ਆਯੋਜਿਤ ਰਾਤਰੀ ਭੋਜ (ਡਿਨਰ) ਪ੍ਰੋਗਰਾਮ ਵਿਚ ਹੋਈ ਗੋਲੀਬਾਰੀ ਦੀ ਘਟਨਾ ਉੱਤੇ ਆਪਣੀ ਪ੍ਰਤੀਕਿਰਿਆ ਦਿੱਤੀ ਹੈ। ਉਨ੍ਹਾਂ ਨੇ ਇਸ ਗੱਲ ’ਤੇ ਰਾਹਤ ਜਤਾਈ ਕਿ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ, ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਅਤੇ ਹੋਰ ਸਾਰੇ ਮਹਿਮਾਨ ਪੂਰੀ ਤਰ੍ਹਾਂ ਸੁਰੱਖਿਅਤ ਹਨ। ਇਸ ਦੇ ਨਾਲ ਹੀ ਆਗੂਆਂ ਨੇ ਸਖ਼ਤ ਸ਼ਬਦਾਂ ਵਿਚ ਕਿਹਾ ਕਿ ਲੋਕਤੰਤਰ ਅੰਦਰ ਸਿਆਸੀ ਹਿੰਸਾ ਲਈ ਕੋਈ ਵੀ ਥਾਂ ਨਹੀਂ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵਾਸ਼ਿੰਗਟਨ ਦੇ ਹਿਲਟਨ ਹੋਟਲ ਵਿਚ ਹੋਈ ਗੋਲੀਬਾਰੀ ਨੂੰ ਚਿੰਤਾਜਨਕ ਘਟਨਾ ਦੱਸਿਆ। ਉਨ੍ਹਾਂ ਨੇ ਸੋਸ਼ਲ ਮੀਡੀਆ ਪਲੇਟਫਾਰਮ ‘ਐਕਸ’ ’ਤੇ ਲਿਖਿਆ ਕਿ ਵਾਈਟ ਹਾਊਸ ਪੱਤਰਕਾਰਾਂ ਦੇ ਰਾਤਰੀ ਭੋਜ ਦੌਰਾਨ ਗੋਲੀ ਚੱਲਣ ਦੀ ਖ਼ਬਰ ਸੁਣ ਕੇ ਉਹ ਚਿੰਤਤ ਸਨ, ਪਰ ਹੁਣ ਉਨ੍ਹਾਂ ਨੂੰ ਰਾਹਤ ਹੈ ਕਿ ਰਾਸ਼ਟਰਪਤੀ ਡੋਨਲਡ ਟਰੰਪ, ਉਨ੍ਹਾਂ ਦੀ ਪਤਨੀ ਮੇਲਾਨੀਆ ਟਰੰਪ ਅਤੇ ਹੋਰ ਸਾਰੇ ਮਹਿਮਾਨ ਸੁਰੱਖਿਅਤ ਹਨ। ਕਾਰਨੀ ਨੇ ਅੱਗੇ ਕਿਹਾ ਕਿ ਕਿਸੇ ਵੀ ਲੋਕਤੰਤਰ ਵਿਚ ਸਿਆਸੀ ਹਿੰਸਾ ਨੂੰ ਕਬੂਲ ਨਹੀਂ ਕੀਤਾ ਜਾ ਸਕਦਾ ਅਤੇ ਇਸ ਘਟਨਾ ਤੋਂ ਪ੍ਰਭਾਵਿਤ ਸਾਰੇ ਲੋਕਾਂ ਨਾਲ ਉਨ੍ਹਾਂ ਦੀ ਪੂਰੀ ਹਮਦਰਦੀ ਹੈ। ਉੱਥੇ ਹੀ ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਕਿਹਾ ਕਿ “ਇਹ ਚੰਗੀ ਗੱਲ ਹੈ ਕਿ ਰਾਸ਼ਟਰਪਤੀ ਟਰੰਪ ਅਤੇ ਉਨ੍ਹਾਂ ਦੀ ਪਤਨੀ ਹਾਲੀਆ ਘਟਨਾਕ੍ਰਮ ਤੋਂ ਬਾਅਦ ਸੁਰੱਖਿਅਤ ਹਨ।” ਜਦਕਿ ਆਸਟ੍ਰੇਲਿਆਈ ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੇ ਕਿਹਾ ਕਿ ਉਨ੍ਹਾਂ ਨੂੰ ਇਹ ਜਾਣ ਕੇ ਖੁਸ਼ੀ ਹੋਈ ਕਿ ਪ੍ਰੋਗਰਾਮ ਵਿਚ ਸ਼ਾਮਲ ਸਾਰੇ ਲੋਕ ਸੁਰੱਖਿਅਤ ਹਨ। ਉਨ੍ਹਾਂ ਨੇ ਇਕ ਬਿਆਨ ਵਿਚ ਕਿਹਾ, “ਅਸੀਂ ਤੁਰੰਤ ਕਾਰਵਾਈ ਲਈ ਸੀਕਰੇਟ ਸਰਵਿਸ ਅਤੇ ਹੋਰ ਸੁਰੱਖਿਆ ਏਜੰਸੀਆਂ ਦੇ ਕੰਮ ਦੀ ਸ਼ਲਾਘਾ ਕਰਦੇ ਹਾਂ।”

# ਪੇਸ਼ੇ ਤੋਂ ਅਧਿਆਪਕ ਹੈ ਵ੍ਹਾਈਟ ਹਾਊਸ ’ਚ ਗੋਲੀਬਾਰੀ ਕਰਨ ਵਾਲਾ ਵਿਅਕਤੀ !



*ਟਰੰਪ ਦੇ ਰਾਤਰੀ ਭੋਜ ਦੌਰਾਨ ਗੋਲੀਬਾਰੀ ਕਰਨ ਵਾਲਾ ਮੁਲਜ਼ਮ।*

**ਵਾਸ਼ਿੰਗਟਨ, (ਪੰਜਾਬ ਮੇਲ)-** ਸ਼ਨਿੱਚਰਵਾਰ ਨੂੰ ਵਾਈਟ ਹਾਊਸ ਪੱਤਰਕਾਰਾਂ ਦੇ ਰਾਤਰੀ ਭੋਜ (ਡਿਨਰ) ’ਤੇ ਗੋਲੀਬਾਰੀ ਦੇ ਦੋਸ਼ ਵਿਚ ਕੈਲੀਫੋਰਨੀਆ ਦੇ ਰਹਿਣ ਵਾਲੇ ਜਿਸ ਵਿਅਕਤੀ ਨੂੰ ਫੜਿਆ ਗਿਆ ਹੈ, ਉਹ ਕਾਫੀ ਪੜ੍ਹਿਆ-ਲਿਖਿਆ ਹੈ ਅਤੇ ਪੇਸ਼ੇ ਤੋਂ ਇੱਕ ਅਧਿਆਪਕ ਹੋਣ ਦੇ ਨਾਲ-ਨਾਲ ਵੀਡੀਓ ਗੇਮ ਡਿਵੈਲਪਰ ਵੀ ਹੈ।

ਕੈਲੀਫੋਰਨੀਆ ਦੇ ਟੋਰੈਂਸ ਸ਼ਹਿਰ ਦੇ ਰਹਿਣ ਵਾਲੇ, ਕੋਲ ਟੋਮਾਸ ਐਲਨ ਦੀ ਮਈ 2025 ਦੀ ਇੱਕ ਪ੍ਰੋਫਾਈਲ ਫੋਟੋ ਉਸ ਵਿਅਕਤੀ ਨਾਲ ਬਿਲਕੁਲ ਮੇਲ ਖਾਂਦੀ ਹੈ, ਜਿਸ ਦੀ ਫੋਟੋ ਰਾਸ਼ਟਰਪਤੀ ਡੋਨਲਡ ਟਰੰਪ ਨੇ ਸ਼ਨਿੱਚਰਵਾਰ ਰਾਤ ਨੂੰ ਗ੍ਰਿਫਤਾਰੀ ਦੌਰਾਨ ਸਾਂਝੀ ਕੀਤੀ ਸੀ। ਸੋਸ਼ਲ ਮੀਡੀਆ ਸਾਈਟ ਲਿੰਕਡਇਨ ’ਤੇ ਮੌਜੂਦ ਇਸ ਫੋਟੋ ਵਿਚ ਉਹ ਕੈਲੀਫੋਰਨੀਆ ਸਟੇਟ ਯੂਨੀਵਰਸਿਟੀ-ਡੋਮਿੰਗੁਏਜ਼ ਹਿਲਜ਼ ਤੋਂ ਕੰਪਿਊਟਰ ਸਾਇੰਸ ਦੀ ਮਾਸਟਰ ਡਿਗਰੀ ਪੂਰੀ ਕਰਨ ਤੋਂ ਬਾਅਦ ਗ੍ਰੈਜੂਏਸ਼ਨ ਵਾਲੀ ਟੋਪੀ ਅਤੇ ਗਾਊਨ ਪਹਿਨੇ ਹੋਏ ਦਿਖਾਈ ਦੇ ਰਿਹਾ ਹੈ।

31 ਸਾਲ ਦੇ ਐਲਨ ਨੇ 2017 ਵਿਚ ਪਾਸਾਡੇਨਾ ਦੇ ਕੈਲੀਫੋਰਨੀਆ ਇੰਸਟੀਚਿਊਟ ਆਫ਼ ਟੈਕਨਾਲੋਜੀ (Caltech) ਤੋਂ ਮਕੈਨੀਕਲ ਇੰਜੀਨੀਅਰਿੰਗ ਦੀ ਪੜ੍ਹਾਈ ਪੂਰੀ ਕੀਤੀ ਸੀ। ਉਸ ਨੇ ਲਿੰਕਡਇਨ ਉੱਤੇ ਦੱਸਿਆ ਸੀ ਕਿ ਕਾਲਜ ਦੇ ਦਿਨਾਂ ਦੌਰਾਨ ਉਹ ਇੱਕ ਈਸਾਈ ਵਿਦਿਆਰਥੀ ਗਰੁੱਪ ਦਾ ਹਿੱਸਾ ਸੀ ਅਤੇ ਇੱਕ ਅਜਿਹੇ ਕੈਂਪਸ ਗਰੁੱਪ ਵਿਚ ਵੀ ਸ਼ਾਮਲ ਸੀ, ਜੋ ਨਰਫ ਗਨ (ਖਿਡੌਣਾ ਬੰਦੂਕਾਂ) ਨਾਲ ਮੁਕਾਬਲੇ ਕਰਦਾ ਸੀ।




# ਹੋਰਮੂਜ਼ ਜਲਡਮਰੂ ’ਚ ਜਹਾਜ਼ਾਂ ਦੀ ਆਵਾਜਾਈ ਠੱਪ; ਲਗਭਗ 20,000 ਮਲਾਹ ਖਾੜੀ ’ਚ ਫਸੇ



**ਦੁਬਈ, (ਪੰਜਾਬ ਮੇਲ)-** ਹੋਰਮੂਜ਼ ਸਟ੍ਰੇਟ ਨੂੰ ਪਾਰ ਕਰਨ ਵਿਚ ਅਸਮਰੱਥਾ ਕਾਰਨ ਸੈਂਕੜੇ ਜਹਾਜ਼ਾਂ ’ਤੇ ਸਵਾਰ ਲਗਭਗ 20,000 ਮਲਾਹ ਖਾੜੀ ਵਿਚ ਫਸੇ ਹੋਏ ਹਨ। ਇਨ੍ਹਾਂ ਜਹਾਜ਼ਾਂ ਵਿਚ ਗੈਸ ਅਤੇ ਤੇਲ ਦੇ ਟੈਂਕਰ ਅਤੇ ਕਈ ਕਾਰਗੋ ਜਹਾਜ਼ ਸ਼ਾਮਲ ਹਨ। ਦੁਨੀਆਂ ਦੇ ਤੇਲ ਅਤੇ ਤਰਲ ਕੁਦਰਤੀ ਗੈਸ (ਐੱਲ.ਐੱਨ.ਜੀ.) ਦਾ ਲਗਭਗ ਪੰਜਵਾਂ ਹਿੱਸਾ ਇਸ ਜਲ ਮਾਰਗ ਰਾਹੀਂ ਲੰਘਦਾ ਹੈ। ਸਮੁੰਦਰੀ ਡੇਟਾ ਕੰਪਨੀ, ਲੋਇਡਜ਼ ਲਿਸਟ ਇੰਟੈਲੀਜੈਂਸ ਅਨੁਸਾਰ 13 ਤੋਂ 19 ਅਪ੍ਰੈਲ ਦੇ ਵਿਚਕਾਰ ਲਗਭਗ 80 ਜਹਾਜ਼ ਜਲਡਮਰੂ ਵਿਚੋਂ ਲੰਘੇ।

ਯੁੱਧ ਤੋਂ ਪਹਿਲਾਂ, ਲਗਭਗ 130 ਜਾਂ ਵੱਧ ਜਹਾਜ਼ ਰੋਜ਼ਾਨਾ ਇਸ ਰਸਤੇ ਰਾਹੀਂ ਲੰਘਦੇ ਸਨ। ਸੰਯੁਕਤ ਰਾਸ਼ਟਰ ਦੇ ਅਨੁਸਾਰ ਯੁੱਧ ਸ਼ੁਰੂ ਹੋਣ ਤੋਂ ਬਾਅਦ ਦਰਜਨਾਂ ਜਹਾਜ਼ਾਂ ’ਤੇ ਹਮਲਿਆਂ ਵਿਚ ਘੱਟੋ-ਘੱਟ 10 ਮਲਾਹ ਮਾਰੇ ਗਏ ਹਨ। ਪਿਛਲੇ ਹਫ਼ਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜੰਗਬੰਦੀ ਨੂੰ ਅਣਮਿੱਥੇ ਸਮੇਂ ਲਈ ਵਧਾ ਦਿੱਤਾ। ਇਸ ਦੇ ਬਾਵਜੂਦ ਅਮਰੀਕਾ ਨੇ ਈਰਾਨੀ ਬੰਦਰਗਾਹਾਂ ਦੀ ਨਾਕਾਬੰਦੀ ਜਾਰੀ ਰੱਖੀ। ਜਵਾਬ ਵਿਚ, ਈਰਾਨ ਨੇ ਜਲਡਮਰੂ ਵਿਚ ਜਹਾਜ਼ਾਂ ’ਤੇ ਗੋਲੀਬਾਰੀ ਕੀਤੀ ਅਤੇ ਦੋ ਨੂੰ ਜ਼ਬਤ ਕਰ ਲਿਆ।

ਇਸ ਦੌਰਾਨ ਸਟਾਕਹੋਮ ਇੰਟਰਨੈਸ਼ਨਲ ਪੀਸ ਰਿਸਰਚ ਇੰਸਟੀਚਿਊਟ ਦੀ ਇੱਕ ਰਿਪੋਰਟ ਅਨੁਸਾਰ, 2025 ਵਿਚ ਮੱਧ ਪੂਰਬ ’ਚ ਫੌਜੀ ਖਰਚਾ ਸਥਿਰ ਰਿਹਾ, ਜਦੋਂਕਿ ਦੁਨੀਆਂ ਦੇ ਹੋਰ ਹਿੱਸਿਆਂ ਵਿਚ ਇਹ ਵਧਿਆ। ਰਿਪੋਰਟ ਅਨੁਸਾਰ ਪੂਰੇ ਖੇਤਰ ਵਿਚ ਫੌਜੀ ਖਰਚ ਵਿਚ 0.1 ਪ੍ਰਤੀਸ਼ਤ ਦਾ ਵਾਧਾ ਹੋਇਆ, ਪਰ ਇਜ਼ਰਾਈਲ ਅਤੇ ਈਰਾਨ ਦੋਵਾਂ ਦੇ ਖਰਚੇ ਅਸਲ ਵਿਚ ਘਟੇ। ਇਜ਼ਰਾਈਲ ਦਾ ਫੌਜੀ ਖਰਚ 2025 ਵਿਚ 4.9 ਪ੍ਰਤੀਸ਼ਤ ਘੱਟ ਕੇ 48.3 ਬਿਲੀਅਨ ਡਾਲਰ ਹੋ ਗਿਆ। ਇਹ ਗਿਰਾਵਟ 2024 ਦੇ ਮੁਕਾਬਲੇ ਦੁਸ਼ਮਣੀ ਦੀ ਤੀਬਰਤਾ ਵਿਚ ਕਮੀ ਨੂੰ ਦਰਸਾਉਂਦੀ ਹੈ। ਰਿਪੋਰਟ ਅਨੁਸਾਰ ਖਰਚ ਵਿਚ ਇਹ ਕਮੀ ਮੁੱਖ ਤੌਰ ’ਤੇ ਨਵੰਬਰ 2024 ਵਿਚ ਲੇਬਨਾਨ ਅਤੇ ਅਕਤੂਬਰ 2025 ਵਿਚ ਗਾਜ਼ਾ ਵਿਚ ਹੋਏ ਜੰਗਬੰਦੀ ਸਮਝੌਤਿਆਂ ਕਾਰਨ ਹੈ। ਹਾਲਾਂਕਿ ਵੱਡੇ ਪੱਧਰ ’ਤੇ ਫੌਜੀ ਕਾਰਵਾਈਆਂ ਦੀ ਸਮਾਪਤੀ ਦੇ ਬਾਵਜੂਦ ਇਜ਼ਰਾਈਲ ਨੇ ਦੋਵਾਂ ਖੇਤਰਾਂ ਵਿਚ ਆਪਣੀ ਜ਼ਮੀਨੀ ਮੌਜੂਦਗੀ ਅਤੇ “ਸਟੀਕ ਹਮਲੇ” ਜਾਰੀ ਰੱਖੇ ਹਨ। ਇਸ ਦੌਰਾਨ ਈਰਾਨ ਦਾ ਖਰਚਾ 5.6 ਪ੍ਰਤੀਸ਼ਤ ਘੱਟ ਕੇ 7.4 ਬਿਲੀਅਨ ਡਾਲਰ ਹੋ ਗਿਆ। ਇਸਦਾ ਕਾਰਨ ਮਹਿੰਗਾਈ ਅਤੇ ਵਿਸ਼ਾਲ ਆਰਥਿਕ ਦਬਾਅ ਦੱਸਿਆ ਜਾ ਰਿਹਾ ਹੈ।

## ਲੱਖਾਂ ਅਮਰੀਕੀਆਂ ਲਈ ਕੈਨੇਡੀਅਨ ਨਾਗਰਿਕਤਾ ਲੈਣ ਦਾ ਰਾਹ ਹੋਇਆ ਸੌਖਾ

**ਸਿਓਸ ਫਾਲਜ਼ (ਅਮਰੀਕਾ), (ਪੰਜਾਬ ਮੇਲ)-** ਲੱਖਾਂ ਅਮਰੀਕੀਆਂ ਲਈ ਹੁਣ ਕੈਨੇਡੀਅਨ ਨਾਗਰਿਕਤਾ ਲੈਣ ਦਾ ਰਾਹ ਬਹੁਤ ਸੌਖਾ ਹੋ ਗਿਆ ਹੈ। ਇਸ ਕਾਰਨ ਲੋਕਾਂ ਵਿਚ ਆਪਣੇ ਪੁਰਖਿਆਂ ਦੀ ਵਿਰਾਸਤ ਦੀ ਪਛਾਣ ਕਰਨ ਅਤੇ ਦੋਹਰੀ ਨਾਗਰਿਕਤਾ ਲਈ ਕਾਗਜ਼ੀ ਕਾਰਵਾਈ ਕਰਨ ਦੀ ਦੌੜ ਲੱਗ ਗਈ ਹੈ। ਫਾਰਮਿੰਗਟਨ, ਮਿਨੀਸੋਟਾ ਦੇ ਜ਼ੈਕ ਲਾਊਡ ਵਰਗੇ ਵਿਅਕਤੀਆਂ ਨੂੰ ਇਹ ਜਾਣ ਕੇ ਹੈਰਾਨੀ ਹੋਈ ਕਿ ਨਵੇਂ ਕਾਨੂੰਨ ਤਹਿਤ ਕੈਨੇਡਾ ਪਹਿਲਾਂ ਹੀ ਉਸ ਨੂੰ ਅਤੇ ਉਸ ਦੇ ਭੈਣ-ਭਰਾਵਾਂ ਨੂੰ ਨਾਗਰਿਕ ਮੰਨਦਾ ਹੈ ਕਿਉਂਕਿ ਉਨ੍ਹਾਂ ਦੀ ਦਾਦੀ ਕੈਨੇਡੀਅਨ ਹੈ। ਉਸ ਨੇ ਕਿਹਾ, “ਮੈਂ ਤੇ ਮੇਰੀ ਪਤਨੀ ਪਹਿਲਾਂ ਹੀ ਦੇਸ਼ ਤੋਂ ਬਾਹਰ ਨੌਕਰੀਆਂ ਲੱਭਣ ਬਾਰੇ ਵਿਚਾਰ ਕਰ ਰਹੇ ਸੀ ਪਰ ਨਾਗਰਿਕਤਾ ਮਿਲਣ ਦੀ ਸੰਭਾਵਨਾ ਕਾਰਨ ਕੈਨੇਡਾ ਸਾਡੀ ਸੂਚੀ ਵਿਚ ਸਭ ਤੋਂ ਉਪਰ ਆ ਗਿਆ ਹੈ।”

ਨਵਾਂ ਕਾਨੂੰਨ 15 ਦਸੰਬਰ 2025 ਤੋਂ ਲਾਗੂ ਹੋਇਆ ਹੈ। ਅਮਰੀਕਾ ਅਤੇ ਕੈਨੇਡਾ ਦੇ ਇਮੀਗਰੇਸ਼ਨ ਵਕੀਲਾਂ ਦਾ ਕਹਿਣਾ ਹੈ ਕਿ ਉਨ੍ਹਾਂ ਕੋਲ ਨਾਗਰਿਕਤਾ ਦੇ ਸਬੂਤ ਵਜੋਂ ਅਰਜ਼ੀਆਂ ਜਮ੍ਹਾਂ ਕਰਾਉਣ ਵਿਚ ਮਦਦ ਮੰਗਣ ਵਾਲੇ ਮੁਵੱਕਿਲਾਂ ਦੀ ਭੀੜ ਲੱਗ ਗਈ ਹੈ।

## ਟਰੰਪ ਦੇ 5 ਮਿਲੀਅਨ ਡਾਲਰ ਗੋਲਡ ਕਾਰਡ ਵੀਜ਼ਾ ਪ੍ਰੋਗਰਾਮ ਨੂੰ ਸਿਰਫ਼ ਇੱਕ ਹੀ ਮਨਜ਼ੂਰ ਅਰਜ਼ੀ ਮਿਲੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਸ਼ੁਰੂ ਕੀਤੇ ਗਏ “ਗੋਲਡ ਕਾਰਡ ਵੀਜ਼ਾ” ਪ੍ਰੋਗਰਾਮ ਨੂੰ ਹੁਣ ਤੱਕ ਬਹੁਤ ਹੀ ਹੌਲੀ ਪ੍ਰਤੀਕਿਰਿਆ ਮਿਲੀ ਹੈ ਅਤੇ ਸਰਕਾਰੀ ਜਾਣਕਾਰੀ ਅਨੁਸਾਰ ਇਸ ਹਾਈ-ਇਨਕਮ ਰਿਹਾਇਸ਼ ਪ੍ਰੋਗਰਾਮ ਹੇਠ ਸਿਰਫ਼ ਇੱਕ ਹੀ ਅਰਜ਼ੀ ਨੂੰ ਮਨਜ਼ੂਰੀ ਮਿਲੀ ਹੈ।

ਇਹ ਪ੍ਰੋਗਰਾਮ ਅਮੀਰ ਵਿਦੇਸ਼ੀਆਂ ਨੂੰ ਅਮਰੀਕਾ ਵਿਚ ਰਹਿਣ ਅਤੇ ਕੰਮ ਕਰਨ ਦੀ ਆਗਿਆ ਦੇਣ ਲਈ ਬਣਾਇਆ ਗਿਆ ਹੈ, ਜਿਸ ਵਿਚ ਘੱਟੋ-ਘੱਟ ਇੱਕ ਮਿਲੀਅਨ ਡਾਲਰ ਦੀ ਨਿਵੇਸ਼ ਰਕਮ ਅਤੇ ਵਾਧੂ ਫੀਸਾਂ ਸ਼ਾਮਲ ਹਨ, ਜਦਕਿ ਕੁਝ ਵਿਕਲਪਾਂ ਵਿਚ ਪੰਜ ਮਿਲੀਅਨ ਡਾਲਰ ਤੱਕ ਦੀ ਯੋਜਨਾ ਵੀ ਪੇਸ਼ ਕੀਤੀ ਗਈ ਹੈ।

ਅਮਰੀਕੀ ਕਾਮਰਸ ਸੈਕਟਰੀ ਹਾਵਰਡ ਲਟਨਿਕ ਨੇ ਕਾਂਗਰਸ ਨੂੰ ਦੱਸਿਆ ਕਿ ਹਾਲਾਂਕਿ ਸੈਂਕੜੇ ਲੋਕ ਅਰਜ਼ੀਆਂ ਦੇ ਚਰਨ ਵਿਚ ਹਨ ਪਰ ਮਨਜ਼ੂਰੀ ਦੀ ਰਫ਼ਤਾਰ ਬਹੁਤ ਧੀਮੀ ਹੈ ਅਤੇ ਸਿਰਫ਼ ਇੱਕ ਅਰਜ਼ੀ ਹੀ ਅਧਿਕਾਰਕ ਤੌਰ ’ਤੇ ਮਨਜ਼ੂਰ ਹੋਈ ਹੈ।

ਇਸ ਪ੍ਰੋਗਰਾਮ ਦੇ ਖ਼ਿਲਾਫ਼ ਪਾਰਦਰਸ਼ਤਾ ਨੂੰ ਲੈ ਕੇ ਵੀ ਕਾਨੂੰਨੀ ਚੁਣੌਤੀ ਖੜ੍ਹੀ ਹੋ ਗਈ ਹੈ ਅਤੇ ਇੱਕ ਵਾਚਡਾਗ ਗਰੁੱਪ ਡੈਮੋਕ੍ਰੇਸੀ ਡਿਫੈਂਡਰਜ਼ ਫੰਡ ਨੇ ਅਦਾਲਤ ਵਿਚ ਮਾਮਲਾ ਦਰਜ ਕੀਤਾ ਹੈ, ਜਿਸ ਵਿਚ ਸਰਕਾਰ ਤੋਂ ਇਸ ਪ੍ਰੋਗਰਾਮ ਨਾਲ ਜੁੜੇ ਦਸਤਾਵੇਜ਼ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।

ਇਸ ਯੋਜਨਾ ਹੇਠ ਅਮੀਰ ਵਿਦੇਸ਼ੀ ਨਾਗਰਿਕਾਂ ਨੂੰ ਤੇਜ਼ ਰਿਹਾਇਸ਼ ਦੇਣ ਦੇ ਬਦਲੇ ਵੱਡੀ ਰਕਮ ਦੇਣੀ ਪੈਂਦੀ ਹੈ ਅਤੇ ਕੁਝ ਕਾਰਪੋਰੇਟ ਵਿਕਲਪਾਂ ਵਿਚ ਕੰਪਨੀਆਂ ਵੱਲੋਂ ਵੀ ਨਿਵੇਸ਼ ਕਰਕੇ ਵਿਦੇਸ਼ੀ ਕਰਮਚਾਰੀਆਂ ਲਈ ਰਸਤਾ ਖੋਲ੍ਹਿਆ ਜਾਂਦਾ ਹੈ। ਵਿਵਾਦ ਇਸ ਗੱਲ ’ਤੇ ਕੇਂਦਰਿਤ ਹੈ ਕਿ ਕੀ ਅਮਰੀਕੀ ਸਥਾਈ ਰਿਹਾਇਸ਼ ਸਿਰਫ਼ ਉਨ੍ਹਾਂ ਲਈ ਹੋਣੀ ਚਾਹੀਦੀ ਹੈ, ਜੋ ਵੱਡੀ ਰਕਮ ਅਦਾ ਕਰ ਸਕਦੇ ਹਨ ਜਾਂ ਨਹੀਂ। ਕਈ ਆਲੋਚਕਾਂ ਦਾ ਕਹਿਣਾ ਹੈ ਕਿ ਇਹ ਨੀਤੀ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਧਨਵਾਨ ਲੋਕਾਂ ਲਈ ਵਪਾਰਕ ਬਣਾਉਂਦੀ ਹੈ।

ਸਰਕਾਰ ਵੱਲੋਂ ਇਹ ਵੀ ਕਿਹਾ ਗਿਆ ਹੈ ਕਿ ਇਸ ਪ੍ਰੋਗਰਾਮ ਤੋਂ ਆਉਣ ਵਾਲੀ ਰਕਮ ਦੇਸ਼ ਦੇ ਹਿਤ ਵਿਚ ਵਰਤੀ ਜਾਵੇਗੀ ਪਰ ਅਜੇ ਤੱਕ ਪੂਰੀ ਜਾਣਕਾਰੀ ਅਤੇ ਪਾਰਦਰਸ਼ਤਾ ’ਤੇ ਸਵਾਲ ਉਠ ਰਹੇ ਹਨ।



# ‘ਆਪ’ ਦੇ ਬਾਗ਼ੀ ਸੰਸਦ ਮੈਂਬਰਾਂ ਖਿਲਾਫ਼ ਪੰਜਾਬ ਭਰ ’ਚ ਰੋਸ ਪ੍ਰਦਰਸ਼ਨ



**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਨੇ ਪਾਰਟੀ ਤੋਂ ਬਾਗ਼ੀ ਹੋ ਕੇ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਸੱਤ ਰਾਜ ਸਭਾ ਮੈਂਬਰਾਂ ਖ਼ਿਲਾਫ਼ ਪੰਜਾਬ ਭਰ ਵਿਚ ਰੋਸ ਪ੍ਰਦਰਸ਼ਨ ਕੀਤੇ। ‘ਆਪ’ ਵਰਕਰਾਂ ਨੇ ਬਾਗ਼ੀ ਸੰਸਦ ਮੈਂਬਰਾਂ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਤੇ ਉਨ੍ਹਾਂ ਦੇ ਪੁਤਲੇ ਸਾੜੇ। ਇਨ੍ਹਾਂ ਸੰਸਦ ਮੈਂਬਰਾਂ ਦੇ ਘਰਾਂ ਦੀਆਂ ਦੀਵਾਰਾਂ ’ਤੇ ‘ਗੱਦਾਰ’ ਲਿਖ ਦਿੱਤਾ ਅਤੇ ਦਲ ਬਦਲੂਆਂ ਦੀ ਰਾਜ ਸਭਾ ਮੈਂਬਰੀ ਰੱਦ ਕਰਨ ਦੀ ਮੰਗ ਕੀਤੀ।

ਕੈਬਨਿਟ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਕਿਹਾ ਕਿ ਸੰਸਦ ਮੈਂਬਰਾਂ ਦਾ ਮੁੱਖ ਕੰਮ ਰਾਜ ਸਭਾ ਵਿਚ ਸੂਬੇ ਦੀ ਆਵਾਜ਼ ਬਣਨਾ ਹੁੰਦਾ ਹੈ, ਪਰ ਉਹ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਬਜਾਏ ਭਾਜਪਾ ਨਾਲ ਜਾ ਮਿਲੇ। ਇਹ ਸ਼ਰਮਨਾਕ ਕਾਰਾ ਤਿੰਨ ਕਰੋੜ ਪੰਜਾਬੀਆਂ ਨਾਲ ਦਗ਼ਾ ਹੈ। ਭਾਜਪਾ ਨੇ ‘ਆਪ੍ਰੇਸ਼ਨ ਲੋਟਸ’ ਤਹਿਤ ਈ.ਡੀ. ਅਤੇ ਸੀ.ਬੀ.ਆਈ. ਦਾ ਡਰਾਵਾ ਦੇ ਕੇ ਇਨ੍ਹਾਂ ਆਗੂਆਂ ਨੂੰ ਜ਼ਬਰਦਸਤੀ ਪਾਰਟੀ ਵਿਚ ਸ਼ਾਮਲ ਕਰਵਾਇਆ। ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਇਹ ਸੰਸਦ ਮੈਂਬਰ ‘ਆਪ’ ਵਿਧਾਇਕਾਂ ਦੇ ਸਹਿਯੋਗ ਨਾਲ ਪੰਜਾਬ ਦੇ ਹਿੱਤਾਂ ਦੀ ਨੁਮਾਇੰਦਗੀ ਕਰਨ ਲਈ ਚੁਣੇ ਗਏ ਸਨ। ਪੰਜਾਬ ਦੀ ਆਵਾਜ਼ ਬੁਲੰਦ ਕਰਨ ਦੀ

**■ ਪ੍ਰਦਰਸ਼ਨਕਾਰੀਆਂ ਨੇ ਰਾਜ ਸਭਾ ਮੈਂਬਰਾਂ ਦੇ ਪੁਤਲੇ ਸਾੜੇ**

ਬਜਾਏ ਉਨ੍ਹਾਂ ਨੇ ਰਾਜ ਅਤੇ ਪਾਰਟੀ ਦੀ ਪਿੱਠ ਵਿਚ ਛੁਰਾ ਮਾਰਿਆ ਹੈ। ਵਿਰੋਧੀ ਸਰਕਾਰਾਂ ਨੂੰ ਅਸਥਿਰ ਕਰਨ ਲਈ ਭਾਜਪਾ ਦੀਆਂ ਅਜਿਹੀਆਂ ਚਾਲਾਂ ਸਭ ਦੇ ਸਾਹਮਣੇ ਹਨ।

ਲਹਿਰਾਗਾਗਾ ਵਿਚ ਪ੍ਰਦਰਸ਼ਨ ਦੌਰਾਨ ਕੈਬਨਿਟ ਮੰਤਰੀ ਬਰਿੰਦਰ ਗੋਇਲ ਨੇ ਕਿਹਾ ਕਿ ਭਾਜਪਾ ਹਮੇਸ਼ਾ ਖਰੀਦੋ-ਫਰੋਖਤ ਦੀ ਰਾਜਨੀਤੀ ਕਰਦੀ ਹੈ। ਇਨ੍ਹਾਂ ਲੋਕਾਂ ਦੇ ਜਾਣ ਨਾਲ ਪੰਜਾਬ ਦੀ ਰਾਜਨੀਤੀ ’ਤੇ ਕੋਈ ਅਸਰ ਨਹੀਂ ਪਿਆ, ਸਗੋਂ ਇਨ੍ਹਾਂ ਦੇ ਅਸਲੀ ਚਿਹਰੇ ਲੋਕਾਂ ਸਾਹਮਣੇ ਬੇਨਕਾਬ ਹੋ ਗਏ ਹਨ। ਵਿਧਾਇਕ ਬਲਕਾਰ ਸਿੰਘ ਸਿੱਧੂ ਨੇ ਕਿਹਾ ਕਿ ਇਨ੍ਹਾਂ ਆਗੂਆਂ ਦੇ ਨਾਂ ਇਤਿਹਾਸ ਵਿਚ ‘ਗੱਦਾਰਾਂ’ ਵਜੋਂ ਲਿਖੇ ਜਾਣਗੇ। ‘ਆਪ’ ਨੇ ਇਨ੍ਹਾਂ ਨੂੰ ਪਛਾਣ ਅਤੇ ਅਹੁਦੇ ਦਿੱਤੇ, ਪਰ ਇਹ ਉਸ ਭਰੋਸੇ ਨੂੰ ਬਰਕਰਾਰ ਰੱਖਣ ਵਿਚ ਨਾਕਾਮ ਰਹੇ। ਪੰਜਾਬ ਦੇ ਲੋਕ ਇਸ ਧੋਖੇ ਨੂੰ ਕਦੇ ਮੁਆਫ਼ ਨਹੀਂ ਕਰਨਗੇ ਅਤੇ ਅਜਿਹੇ ਆਗੂ ਸਿਆਸੀ ਤੌਰ ’ਤੇ ਅਲੱਗ-ਥਲੱਗ ਹੋ ਜਾਣਗੇ। ਵਿਧਾਇਕ ਮਨਿੰਦਰ ਸਿੰਘ ਗਿਆਸਪੁਰਾ ਨੇ ਮੰਗ ਕੀਤੀ ਕਿ ਪੰਜਾਬ ਦੇ ਲੋਕਾਂ ਨਾਲ ਧੋਖਾ ਕਰਨ ਵਾਲੇ ਰਾਜ ਸਭਾ ਮੈਂਬਰਾਂ ਦੀ ਮੈਂਬਰਸ਼ਿਪ ਰੱਦ ਕੀਤੀ ਜਾਵੇ।

‘ਆਪ’ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕਾਂ ਨੇ ਪਾਰਟੀ ਨੂੰ ਇਤਿਹਾਸਕ ਫਤਵਾ ਦਿੱਤਾ ਸੀ, ਜਿਸ ਤੋਂ ਬਾਅਦ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਸੱਤ ਮੈਂਬਰ ਰਾਜ ਸਭਾ ਲਈ ਚੁਣੇ ਗਏ ਸਨ। ਉਨ੍ਹਾਂ ਵਿਚੋਂ 6 ਸੰਸਦ ਮੈਂਬਰਾਂ ਨੇ ਹੁਣ ਨਿੱਜੀ ਹਿੱਤਾਂ ਲਈ ਅਤੇ ਕੇਂਦਰੀ ਏਜੰਸੀਆਂ ਦੇ ਦਬਾਅ ਅੱਗੇ ਝੁਕ ਕੇ ਗ਼ੈਰ-ਜਮਹੂਰੀ ਤਰੀਕੇ ਨਾਲ ਭਾਜਪਾ ਦਾ ਪੱਲਾ ਫੜ ਲਿਆ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀਆਂ ਅਜਿਹੀਆਂ ਕਾਰਵਾਈਆਂ ਪਾਰਟੀ ਨੂੰ ਕਮਜ਼ੋਰ ਨਹੀਂ ਕਰ ਸਕਦੀਆਂ। ਉਨ੍ਹਾਂ ਨੇ ਇਸ ਪੂਰੇ ਘਟਨਾਕ੍ਰਮ ਨੂੰ ਭਾਜਪਾ ਦੇ ‘ਆਪ੍ਰੇਸ਼ਨ ਲੋਟਸ’ ਦਾ ਹਿੱਸਾ ਦੱਸਿਆ ਹੈ। ‘ਆਪ’ ਆਗੂਆਂ ਨੇ ਕਿਹਾ ਕਿ ਪੰਜਾਬ ਦੇ ਲੋਕ ਭਾਜਪਾ ਅਤੇ ਬਾਗ਼ੀ ਸੰਸਦ ਮੈਂਬਰਾਂ ਨੂੰ ਮੋੜਵਾਂ ਜਵਾਬ ਜ਼ਰੂਰ ਦੇਣਗੇ।

ਰਾਜ ਸਭਾ ਮੈਂਬਰ ਤੇ ਟਰਾਈਡੈਂਟ ਗਰੁੱਪ ਦੇ ਚੇਅਰਮੈਨ ਰਾਜਿੰਦਰ ਗੁਪਤਾ ਦੇ ਘਰ ਦੀ ਕੰਧ ਉੱਤੇ ‘ਗੱਦਾਰ’ ਲਿਖੇ ਜਾਣ ਮਗਰੋਂ ਚੰਡੀਗੜ੍ਹ ਪੁਲਿਸ ਨੇ ਉਨ੍ਹਾਂ ਦੇ ਚੰਡੀਗੜ੍ਹ ਸਥਿਤ ਘਰ ਦੇ ਬਾਹਰ ਇਹਤਿਆਤ ਵਜੋਂ ਸੁਰੱਖਿਆ ਵਧਾ ਦਿੱਤੀ ਹੈ। ਪੁਲਿਸ ਵੱਲੋਂ ਮੁਲਜ਼ਮ ਦੀ ਪਛਾਣ ਲਈ ਨੇੜਲੇ ਸੀ.ਸੀ.ਟੀ.ਵੀ. ਫਰੋਲੇ ਜਾ ਰਹੇ ਹਨ।

## ਪੰਜਾਬ ਸਰਕਾਰ ਨੇ ਹਰਭਜਨ ਸਿੰਘ ਤੋਂ ਸੁਰੱਖਿਆ ਲਈ ਵਾਪਸ

**ਜਲੰਧਰ, (ਪੰਜਾਬ ਮੇਲ)-** ਪੰਜਾਬ ਦੀ ਆਮ ਆਦਮੀ ਪਾਰਟੀ (ਆਪ) ਸਰਕਾਰ ਨੇ ਸਾਬਕਾ ਕ੍ਰਿਕਟਰ ਤੇ ਬਾਗ਼ੀ ਸੰਸਦ ਮੈਂਬਰ ਹਰਭਜਨ ਸਿੰਘ ਭੱਜੀ ਨੂੰ ਦਿੱਤੀ ਵਾਈ ਸ਼੍ਰੇਣੀ ਦੀ ਸੁਰੱਖਿਆ ਵਾਪਸ ਲੈ ਲਈ ਹੈ। ਭੱਜੀ ਦੇ ਘਰ ਦੇ ਬਾਹਰ ਤਾਇਨਾਤ ਪੰਜਾਬ ਪੁਲਿਸ ਦੇ ਜਵਾਨਾਂ ਨੂੰ ਫੌਰੀ ਵਾਪਸ ਬੁਲਾ ਲਿਆ ਗਿਆ ਹੈ।

ਹਾਲਾਂਕਿ ਇਸ ਪੇਸ਼ਕਦਮੀ ਤੋਂ ਥੋੜ੍ਹੀ ਦੇਰ ਬਾਅਦ ਹੀ ਕੇਂਦਰ ਸਰਕਾਰ ਨੇ ਸਾਬਕਾ ਕ੍ਰਿਕਟਰ ਨੂੰ ਸੀ.ਆਰ.ਪੀ.ਐੱਫ. ਸੁਰੱਖਿਆ ਪ੍ਰਦਾਨ ਕਰ ਦਿੱਤੀ। ਭੱਜੀ ਨੇ ਭਾਵੇਂ ਅਜੇ ਤੱਕ ‘ਆਪ’ ਛੱਡਣ ਜਾਂ ਭਾਜਪਾ ਵਿਚ ਸ਼ਾਮਲ ਹੋਣ ਬਾਰੇ ਕੋਈ ਅਧਿਕਾਰਤ ਟਿੱਪਣੀ ਨਹੀਂ ਕੀਤੀ, ਪਰ ਬਾਗ਼ੀ ਰਾਜ ਸਭਾ ਮੈਂਬਰਾਂ ਦੀ ਅਗਵਾਈ ਕਰ ਰਹੇ ਰਾਘਵ ਚੱਢਾ ਨੇ ਦਾਅਵਾ ਕੀਤਾ ਹੈ ਕਿ ਉਹ ਵੀ ਉਨ੍ਹਾਂ ਦੇ ਨਾਲ ਹੈ। ਭੱਜੀ ਤੋਂ ਪਹਿਲਾਂ ‘ਆਪ’ ਸਰਕਾਰ ਰਾਘਵ ਚੱਢਾ ਦੀ ਜ਼ੈੱਡ+ ਸੁਰੱਖਿਆ ਰੱਦ ਕਰ ਚੁੱਕੀ ਹੈ। ਹਾਲਾਂਕਿ ਚੱਢਾ ਕੋਲ ਵੀ ਇਸ ਵੇਲੇ ਕੇਂਦਰ ਸਰਕਾਰ ਵੱਲੋਂ ਮੁਹੱਈਆ ਕੀਤਾ ਸੁਰੱਖਿਆ ਘੇਰਾ ਹੈ।

## ‘ਆਪ’ ਦੇ 7 ਐੱਮ.ਪੀਜ਼ ਦੇ ਭਾਜਪਾ ’ਚ ਸ਼ਾਮਲ ਹੋਣ ਨੂੰ ਰਾਜ ਸਭਾ ਸਪੀਕਰ ਦੀ ਮਨਜ਼ੂਰੀ

**ਨਵੀਂ ਦਿੱਲੀ, (ਪੰਜਾਬ ਮੇਲ)-** ਰਾਘਵ ਚੱਢਾ ਸਮੇਤ 7 ਰਾਜ ਸਭਾ ਸੰਸਦ ਮੈਂਬਰਾਂ ਦੇ ਆਮ ਆਦਮੀ ਪਾਰਟੀ ਤੋਂ ਵੱਖ ਹੋ ਕੇ ਭਾਜਪਾ ’ਚ ਸ਼ਾਮਲ ਹੋਣ ਨੂੰ ਰਾਜ ਸਭਾ ਸਪੀਕਰ ਦੀ ਮਨਜ਼ੂਰੀ ਮਿਲ ਗਈ ਹੈ। ਅਜਿਹੇ ’ਚ ਰਾਜ ਸਭਾ ’ਚ ਭਾਜਪਾ ਸੰਸਦ ਮੈਂਬਰਾਂ ਦੀ ਗਿਣਤੀ 106 ਤੋਂ ਵੱਧ ਕੇ 113 ਹੋ ਗਈ ਹੈ। ਉੱਥੇ ਹੀ ਆਮ ਆਦਮੀ ਪਾਰਟੀ ਦੇ ਮੈਂਬਰਾਂ ਦੀ ਗਿਣਤੀ 10 ਤੋਂ ਘੱਟ ਕੇ 3 ਰਹਿ ਗਈ ਹੈ। ਰਾਘਵ ਚੱਢਾ ਨੇ ਪਿਛਲੇ ਦਿਨੀਂ ਐਲਾਨ ਕੀਤਾ ਸੀ ਕਿ ਉਨ੍ਹਾਂ ਨਾਲ ‘ਆਪ’ ਦੇ 6 ਸੰਸਦ ਮੈਂਬਰ ਪਾਰਟੀ ਛੱਡ ਭਾਜਪਾ ’ਚ ਸ਼ਾਮਲ ਹੋ ਰਹੇ ਹਨ। ਭਾਜਪਾ ਪ੍ਰਧਾਨ ਨਿਤਿਨ ਨਬੀਨ ਨੇ ‘ਆਪ’ ਸੰਸਦ ਮੈਂਬਰਾਂ ਦਾ ਸੁਆਗਤ ਮਠਿਆਈ ਖੁਆ ਕੇ ਕੀਤਾ ਸੀ।

ਦੱਸਣਯੋਗ ਹੈ ਕਿ ‘ਆਪ’ ਨੂੰ ਸ਼ੁੱਕਰਵਾਰ ਨੂੰ ਉਸ ਸਮੇਂ ਵੱਡਾ ਝਟਕਾ ਲੱਗਾ ਸੀ, ਜਦੋਂ ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਰਾਜੇਂਦਰ ਗੁਪਤਾ, ਵਿਕਰਮ ਸਾਹਨੀ ਅਤੇ ਸਵਾਤੀ ਮਾਲੀਵਾਲ ਨੇ ਪਾਰਟੀ ਛੱਡ ਦਿੱਤੀ ਅਤੇ ਭਾਜਪਾ ’ਚ ਸ਼ਾਮਲ ਹੋ ਗਏ। ਉਨ੍ਹਾਂ ਦੋਸ਼ ਲਗਾਇਆ ਕਿ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਆਪਣੇ ਸਿਧਾਂਤਾਂ ਤੋਂ ਭਟਕ ਗਈ ਹੈ। ਰਾਘਵ ਚੱਢਾ ਨੇ ਰਾਜ ਸਭਾ ’ਚ ਪਾਰਟੀ ਦੇ 10 ਸੰਸਦ ਮੈਂਬਰਾਂ ਦਾ ਸੰਦਰਭ ਦਿੰਦੇ ਹੋਏ ਕਿਹਾ ਕਿ ਸੰਵਿਧਾਨ ਅਨੁਸਾਰ, ਕਿਸੇ ਪਾਰਟੀ ਦੇ ਕੁੱਲ ਸੰਸਦ ਮੈਂਬਰਾਂ ’ਚੋਂ ਦੋ-ਤਿਹਾਈ ਸੰਸਦ ਮੈਂਬਰ ਦੂਜੀ ਪਾਰਟੀ ’ਚ ਸ਼ਾਮਲ ਹੋ ਸਕਦੇ ਹਨ। ਦਿੱਲੀ ਤੋਂ ਰਾਜ ਸਭਾ ਮੈਂਬਰ ਮਾਲੀਵਾਲ ਨੂੰ ਛੱਡ ਕੇ ਬਾਕੀ ਸਾਰੇ ਪੰਜਾਬ ਤੋਂ ਹਨ।

## ਐੱਮ.ਪੀ. ਸੀਚੇਵਾਲ ਦਾ ਦਾਅਵਾ: ‘ਆਜ਼ਾਦ ਗਰੁੱਪ’ ’ਚ ਸ਼ਾਮਲ ਹੋਣ ਲਈ ਕੀਤਾ ਗਿਆ ਸੀ ਸੰਪਰਕ!

**ਚੰਡੀਗੜ੍ਹ, (ਪੰਜਾਬ ਮੇਲ)-** ‘ਆਪ’ ਦੇ ਸੰਸਦ ਮੈਂਬਰ ਬਲਬੀਰ ਸਿੰਘ ਸੀਚੇਵਾਲ ਨੇ ਐਤਵਾਰ ਨੂੰ ਦਾਅਵਾ ਕੀਤਾ ਕਿ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਜੋ ਸ਼ੁੱਕਰਵਾਰ ਨੂੰ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਸੱਤ ਸੰਸਦ ਮੈਂਬਰਾਂ ਵਿਚੋਂ ਇੱਕ ਹਨ, ਨੇ ਉਨ੍ਹਾਂ ਨੂੰ ‘ਆਜ਼ਾਦ ਗਰੁੱਪ’ ਵਿਚ ਸ਼ਾਮਲ ਹੋਣ ਲਈ ਸੰਪਰਕ ਕੀਤਾ ਸੀ, ਪਰ ਉਨ੍ਹਾਂ ਨੇ ਇਨਕਾਰ ਕਰ ਦਿੱਤਾ।



ਵਾਤਾਵਰਣ ਪ੍ਰੇਮੀ ਅਤੇ ਪੰਜਾਬ ਤੋਂ ‘ਆਪ’ ਦੇ ਰਾਜ ਸਭਾ ਮੈਂਬਰ ਸੀਚੇਵਾਲ ਨੇ 7 ਸੰਸਦ ਮੈਂਬਰਾਂ ਵੱਲੋਂ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਾਲੀ ਪਾਰਟੀ ਛੱਡਣ ਦੇ ਅਚਾਨਕ ਫੈਸਲੇ ’ਤੇ ਦੁੱਖ ਪ੍ਰਗਟ ਕੀਤਾ। ਉਨ੍ਹਾਂ ਕਿਹਾ ਕਿ ਇਨ੍ਹਾਂ ਮੈਂਬਰਾਂ ਨੇ ‘ਆਪ’ ਨਾਲ ‘ਧੋਖਾ’ ਕੀਤਾ ਹੈ, ਜਿਸ ਨੇ ਉਨ੍ਹਾਂ ਨੂੰ ਪੰਜਾਬ ਦੇ ਮੁੱਦੇ ਚੁੱਕਣ ਲਈ ਉਪਰਲੇ ਸਦਨ ਵਿਚ ਭੇਜਿਆ ਸੀ। ਸੀਚੇਵਾਲ ਨੇ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਸ਼ੁੱਕਰਵਾਰ ਸਵੇਰੇ ਸਾਹਨੀ ਦਾ ਫੋਨ ਆਇਆ ਸੀ, ਜਿਸ ਵਿਚ ਉਨ੍ਹਾਂ ਨੂੰ ਇੱਕ ਨਵੇਂ ਬਣ ਰਹੇ ਗਰੁੱਪ ਵਿਚ ਸ਼ਾਮਲ ਹੋਣ ਲਈ ਕਿਹਾ ਗਿਆ ਸੀ, ਜਿਸ ਵਿਚ ਪਹਿਲਾਂ ਹੀ 6-7 ਰਾਜ ਸਭਾ ਮੈਂਬਰਾਂ ਨੇ ਦਸਤਖਤ ਕਰ ਦਿੱਤੇ ਸਨ। ਸਾਹਨੀ ਨੇ ਉਨ੍ਹਾਂ ਨੂੰ ਕਿਹਾ ਕਿ ਪੰਜਾਬ ਦੇ ਮੁੱਦੇ ਚੁੱਕਣ ਲਈ ਇੱਕ ‘ਆਜ਼ਾਦ ਗਰੁੱਪ’ ਬਣਾਇਆ ਜਾ ਰਿਹਾ ਹੈ, ਪਰ ਸੀਚੇਵਾਲ ਨੇ ਸਪੱਸ਼ਟ ਕਰ ਦਿੱਤਾ ਕਿ ਉਨ੍ਹਾਂ ਦਾ ਅਜਿਹੇ ਕਿਸੇ ਗਰੁੱਪ ਵਿਚ ਸ਼ਾਮਲ ਹੋਣ ਦਾ ਕੋਈ ਇਰਾਦਾ ਨਹੀਂ ਹੈ। ਉਨ੍ਹਾਂ ਨੇ ਬਾਅਦ ਵਿਚ ਮੀਡੀਆ ਰਾਹੀਂ ਇਨ੍ਹਾਂ ਮੈਂਬਰਾਂ ਦੇ ਭਾਜਪਾ ਵਿਚ ਸ਼ਾਮਲ ਹੋਣ ਦੀ ਖ਼ਬਰ ਸੁਣੀ। ਸੀਚੇਵਾਲ ਨੇ ਰਾਘਵ ਚੱਢਾ ਅਤੇ ਸੰਦੀਪ ਪਾਠਕ ’ਤੇ ਵੀ ਨਿਸ਼ਾਨਾ ਸੇਧਿਆ ਅਤੇ ਕਿਹਾ ਕਿ ਉਨ੍ਹਾਂ ਨੇ ਪੰਜਾਬ ਵਿਚ ਸਾਰੀਆਂ ਸ਼ਕਤੀਆਂ ਦਾ ਆਨੰਦ ਮਾਣਿਆ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਉਨ੍ਹਾਂ ਨੂੰ ਕਦੇ ਵੀ ਸਦਨ ਵਿਚ ਕਿਸੇ ਬਿੱਲ ’ਤੇ ਬੋਲਣ ਨਹੀਂ ਦਿੱਤਾ ਗਿਆ, ਕਿਉਂਕਿ ਹਮੇਸ਼ਾ ਚੱਢਾ ਅਤੇ ਪਾਠਕ ਹੀ ਬੋਲਦੇ ਸਨ ਅਤੇ ਉਹ ਸਿਰਫ਼ ਜ਼ੀਰੋ ਆਵਰ ਦੌਰਾਨ ਹੀ ਮੁੱਦੇ ਚੁੱਕਦੇ ਸਨ।

## ਵੈੱਬ ਸੀਰੀਜ਼ ਦਾ ਵਿਰੋਧ ਕਰਨਾ ਪਿਆ ਮਹਿੰਗਾ; ਲਾਰੈਂਸ ਗਰੁੱਪ ਵੱਲੋਂ ਰੰਧਾਵਾ, ਵੜਿੰਗ ਤੇ ਮਜੀਠੀਆ ਨੂੰ ਧਮਕੀਆਂ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਸਾਬਕਾ ਉਪ-ਮੁੱਖ ਮੰਤਰੀ ਅਤੇ ਗੁਰਦਾਸਪੁਰ ਤੋਂ ਸੰਸਦ ਮੈਂਬਰ ਸੁਖਜਿੰਦਰ ਸਿੰਘ ਰੰਧਾਵਾ ਨੂੰ ਲਾਰੈਂਸ ਬਿਸ਼ਨੋਈ ਗਰੁੱਪ ਵੱਲੋਂ ਧਮਕੀ ਭਰਿਆ ਸੁਨੇਹਾ ਮਿਲਿਆ ਹੈ। ਇਹ ਧਮਕੀ ਰੰਧਾਵਾ ਵੱਲੋਂ ਵਿਵਾਦਤ ਡਾਕੂਮੈਂਟਰੀ/ਵੈੱਬ ਸੀਰੀਜ਼ ‘ਲਾਰੈਂਸ ਆਫ ਪੰਜਾਬ’ ਦੀ ਰਿਲੀਜ਼ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਅਤੇ ਇਸ ’ਤੇ ਪਾਬੰਦੀ ਲਗਾਉਣ ਦੀ ਮੰਗ ਕਰਨ ਤੋਂ ਬਾਅਦ ਦਿੱਤੀ ਗਈ ਹੈ। ਰੰਧਾਵਾ ਨੇ ਇਸ ਬਾਰੇ ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਨੂੰ ਜਾਣੂ ਕਰਵਾ ਦਿੱਤਾ ਹੈ।

ਧਮਕੀ ਮਿਲਣ ਤੋਂ ਬਾਅਦ ਰੰਧਾਵਾ ਨੇ ਗੈਂਗਸਟਰਾਂ ਨੂੰ ਕੇਂਦਰੀ ਏਜੰਸੀਆਂ ਦੀ ਪੁਸ਼ਤਪਨਾਹੀ ਹੋਣ ਦਾ ਦੋਸ਼ ਲਾਇਆ। ਉਨ੍ਹਾਂ ਸਵਾਲ ਕੀਤਾ ਕਿ ਗੁਜਰਾਤ ਦੀ ਸਾਬਰਮਤੀ ਜੇਲ੍ਹ ਵਿਚ ਬੰਦ ਲਾਰੈਂਸ ਬਿਸ਼ਨੋਈ ਅਜੇ ਵੀ ਕਿਵੇਂ ਸਰਗਰਮ ਹੈ ਅਤੇ ਧਮਕੀਆਂ ਦੇ ਰਿਹਾ ਹੈ? ਇਸੇ ਤਰ੍ਹਾਂ ਉਨ੍ਹਾਂ ਡਿਬਰੂਗੜ੍ਹ ਜੇਲ੍ਹ ਵਿਚ ਬੰਦ ਜੱਗੂ ਭਗਵਾਨਪੁਰੀਆ ਵੱਲੋਂ ਖੁੱਲ੍ਹੇਆਮ ਮੋਬਾਈਲ ਫ਼ੋਨ ਵਰਤਣ ਦੇ ਵੀ ਗੰਭੀਰ ਦੋਸ਼ ਲਾਏ। ਜਾਣਕਾਰੀ ਅਨੁਸਾਰ ਰੰਧਾਵਾ ਤੋਂ ਇਲਾਵਾ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ, ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਅਤੇ ਖ਼ੁਦ ਡੀ.ਜੀ.ਪੀ. ਗੌਰਵ ਯਾਦਵ ਨੂੰ ਵੀ ਵਟਸਐਪ ਰਾਹੀਂ ਅਜਿਹੇ ਹੀ ਧਮਕੀ ਭਰੇ ਸੁਨੇਹੇ ਭੇਜੇ ਗਏ ਹਨ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਗੈਂਗਸਟਰਾਂ ਵਿਰੁੱਧ ਇਸ ਲੜਾਈ ਨੂੰ ਨਿਰਣਾਇਕ ਮੋੜ ਤੱਕ ਲੈ ਕੇ ਜਾਵੇਗੀ। ਉਨ੍ਹਾਂ ਐਲਾਨ ਕੀਤਾ ਕਿ ‘ਗੈਂਗਸਟਰ ਮੁਕਤ ਪੰਜਾਬ’ ਉਨ੍ਹਾਂ ਦੀ ਪਾਰਟੀ ਦੀ ਮੁੱਖ ਤਰਜੀਹ ਹੋਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪੰਜਾਬੀਆਂ ਦੇ ਸਖ਼ਤ ਵਿਰੋਧ ਮਗਰੋਂ ਭਾਰਤ ਸਰਕਾਰ ਨੇ ਇਸ ਵੈੱਬ ਸੀਰੀਜ਼ ਦੀ ਰਿਲੀਜ਼ ’ਤੇ ਰੋਕ ਲਗਾ ਦਿੱਤੀ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

## ਅੰਮ੍ਰਿਤਪਾਲ ਨੂੰ 30 ਅਪ੍ਰੈਲ ਤੱਕ ਨਿਆਂਇਕ ਹਿਰਾਸਤ ’ਚ ਭੇਜਿਆ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਦੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਨੂੰ ਅਜਨਾਲਾ ਅਦਾਲਤ ਨੇ 30 ਅਪ੍ਰੈਲ ਤੱਕ ਨਿਆਂਇਕ ਹਿਰਾਸਤ ਵਿਚ ਭੇਜ ਦਿੱਤਾ ਹੈ। ਦੱਸ ਦੇਈਏ ਕਿ ਅੰਮ੍ਰਿਤਪਾਲ ਦਾ ਦੋ ਦਿਨਾਂ ਦਾ ਪੁਲਿਸ ਰਿਮਾਂਡ ਖ਼ਤਮ ਹੋਣ ਤੋਂ ਬਾਅਦ, ਅਸਾਮ ਦੀ ਡਿਬਰੂਗੜ੍ਹ ਕੇਂਦਰੀ ਜੇਲ੍ਹ ਤੋਂ ਵੀਡੀਓ ਕਾਨਫਰੰਸਿੰਗ ਰਾਹੀਂ ਅਜਨਾਲਾ ਅਦਾਲਤ ਵਿਚ ਪੇਸ਼ ਕੀਤਾ ਗਿਆ ਸੀ। ਪੁਲਿਸ ਵੱਲੋਂ ਇਸ ਵਾਰ ਵਾਧੂ ਰਿਮਾਂਡ ਦੀ ਮੰਗ ਨਹੀਂ ਕੀਤੀ ਗਈ।



ਅੰਮ੍ਰਿਤਪਾਲ ਸਿੰਘ ਦੇ ਵਕੀਲ ਰਿਤੂਰਾਜ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਰਾਸ਼ਟਰੀ ਸੁਰੱਖਿਆ ਕਾਨੂੰਨ (ਐੱਨ.ਐੱਸ.ਏ.) ਤਹਿਤ ਨਜ਼ਰਬੰਦੀ 22 ਅਪ੍ਰੈਲ ਨੂੰ ਖ਼ਤਮ ਹੋ ਚੁੱਕੀ ਹੈ। ਇਸ ਤੋਂ ਬਾਅਦ ਪੁਲਿਸ ਨੇ ਪੁਰਾਣੇ ਕੇਸਾਂ ਵਿਚ ਕਾਰਵਾਈ ਤੇਜ਼ ਕਰ ਦਿੱਤੀ ਹੈ।

ਇਹ ਮਾਮਲਾ ਫਰਵਰੀ 2023 ਦਾ ਹੈ, ਜਦੋਂ ਅੰਮ੍ਰਿਤਪਾਲ ਸਿੰਘ ਅਤੇ ਉਨ੍ਹਾਂ ਦੇ ਸਮਰਥਕਾਂ ਨੇ ਆਪਣੇ ਇੱਕ ਸਾਥੀ ਨੂੰ ਛੁਡਾਉਣ ਲਈ ਅਜਨਾਲਾ ਪੁਲਿਸ ਥਾਣੇ ’ਤੇ ਧਾਵਾ ਬੋਲਿਆ ਸੀ। ਇਸ ਦੌਰਾਨ ਬੈਰੀਕੇਡ ਤੋੜੇ ਗਏ ਅਤੇ ਪੁਲਿਸ ਨਾਲ ਝੜਪ ਹੋਈ ਸੀ। ਇਸ ਸਬੰਧੀ ਦਰਜ ਐੱਫ.ਆਈ.ਆਰ. ਨੰਬਰ 39 ’ਚ ਅੰਮ੍ਰਿਤਪਾਲ ਸਿੰਘ ਸਮੇਤ ਕੁੱਲ 41 ਲੋਕਾਂ ਨੂੰ ਨਾਮਜ਼ਦ ਕੀਤਾ ਗਿਆ ਹੈ। ਪੁਲਿਸ ਅਨੁਸਾਰ ਅੰਮ੍ਰਿਤਪਾਲ ਸਿੰਘ ਇਸ ਕੇਸ ਦਾ ਮੁੱਖ ਮੁਲਜ਼ਮ ਹੈ। ਉਸ ’ਤੇ ਕਤਲ ਦੀ ਕੋਸ਼ਿਸ਼ (ਧਾਰਾ 307), ਸਰਕਾਰੀ ਕਰਮਚਾਰੀਆਂ ’ਤੇ ਹਮਲਾ, ਅਪਰਾਧਿਕ ਸਾਜ਼ਿਸ਼ ਅਤੇ ਦੰਗੇ ਕਰਨ ਵਰਗੇ ਗੰਭੀਰ ਇਲਜ਼ਾਮ ਲਗਾਏ ਗਏ ਹਨ, ਅਦਾਲਤ ਹੁਣ ਇਸ ਮਾਮਲੇ ਦੀ ਅਗਲੀ ਸੁਣਵਾਈ 30 ਅਪ੍ਰੈਲ ਨੂੰ ਕਰੇਗੀ।

## ਹੁਣ ਤੱਕ 35 ਵੱਡੇ ਆਗੂਆਂ ਨੇ ‘ਆਪ’ ਤੋਂ ਕੀਤਾ ਕਿਨਾਰਾ!

**ਨਵੀਂ ਦਿੱਲੀ/ਜਲੰਧਰ, (ਪੰਜਾਬ ਮੇਲ)-** ਆਮ ਆਦਮੀ ਪਾਰਟੀ (ਆਪ) ਨੂੰ ਉਸ ਸਮੇਂ ਵੱਡਾ ਸਿਆਸੀ ਝਟਕਾ ਲੱਗਿਆ, ਜਦੋਂ ਪਾਰਟੀ ਦੇ ਦਿੱਗਜ ਆਗੂ ਅਤੇ ਰਾਜ ਸਭਾ ਮੈਂਬਰ ਰਾਘਵ ਚੱਢਾ ਆਪਣੇ ਸਾਥੀ ਸੰਸਦ ਮੈਂਬਰਾਂ ਸਮੇਤ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋ ਗਏ। ਚੱਢਾ ਨੇ ਦਾਅਵਾ ਕੀਤਾ ਹੈ ਕਿ ਉਨ੍ਹਾਂ ਸਮੇਤ ‘ਆਪ’ ਦੇ 7 ਸੰਸਦ ਮੈਂਬਰਾਂ ਨੇ ਪਾਰਟੀ ਛੱਡ ਦਿੱਤੀ ਹੈ, ਜਿਨ੍ਹਾਂ ਵਿਚੋਂ 6 ਸੰਸਦ ਮੈਂਬਰ ਪੰਜਾਬ ਨਾਲ ਸਬੰਧਤ ਹਨ।

ਭਾਜਪਾ ਵਿੱਚ ਸ਼ਾਮਲ ਹੋਣ ਮੌਕੇ ਰਾਘਵ ਚੱਢਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਗਠਨ ਭ੍ਰਿਸ਼ਟਾਚਾਰ ਨੂੰ ਖ਼ਤਮ ਕਰਨ ਲਈ

**▌ਪੰਜਾਬ ਤੋਂ ਸਭ ਤੋਂ ਵਧੇਰੇ ਆਗੂ ਆਮ ਆਦਮੀ ਪਾਰਟੀ ਤੋਂ ਹੋਏ ਵੱਖ**

ਹੋਇਆ ਸੀ, ਪਰ ਹੁਣ ਇਹ ਪਾਰਟੀ ਆਪਣੇ ਮੂਲ ਟੀਚੇ ਨੂੰ ਭੁੱਲ ਚੁੱਕੀ ਹੈ। ਉਨ੍ਹਾਂ ਦੇ ਨਾਲ ਪਾਰਟੀ ਦੇ ਰਾਸ਼ਟਰੀ ਜਨਰਲ ਸਕੱਤਰ (ਸੰਗਠਨ) ਸੰਦੀਪ ਪਾਠਕ ਅਤੇ ਰਾਜ ਸਭਾ ਮੈਂਬਰ ਅਸ਼ੋਕ ਮਿੱਤਲ ਨੇ ਵੀ ਭਾਜਪਾ ਦਾ ਪੱਲਾ ਫੜ ਲਿਆ ਹੈ। ਇਸ ਤੋਂ ਇਲਾਵਾ ਹਰਭਜਨ ਸਿੰਘ, ਰਾਜਿੰਦਰ ਗੁਪਤਾ ਅਤੇ ਵਿਕਰਮਜੀਤ ਸਿੰਘ ਸਾਹਨੀ ਵਰਗੇ ਵੱਡੇ ਨਾਵਾਂ ਦੇ ਵੀ ਪਾਰਟੀ ਛੱਡਣ ਦੀ ਚਰਚਾ ਹੈ।

ਸਰੋਤਾਂ ਅਨੁਸਾਰ, 2012 ਵਿਚ ਪਾਰਟੀ ਦੇ ਗਠਨ ਤੋਂ ਲੈ ਕੇ ਹੁਣ ਤੱਕ ਆਮ ਆਦਮੀ ਪਾਰਟੀ ਨਾਲ ਮਤਭੇਦਾਂ ਕਾਰਨ 35 ਵੱਡੇ ਚਿਹਰੇ ਪਾਰਟੀ ਤੋਂ ਕਿਨਾਰਾ ਕਰ ਚੁੱਕੇ ਹਨ। ਇਨ੍ਹਾਂ ਵਿਚੋਂ ਸਭ ਤੋਂ ਵੱਧ 20 ਆਗੂ ਪੰਜਾਬ ਦੇ ਹਨ। ਪਾਰਟੀ ਛੱਡਣ ਵਾਲੇ ਪ੍ਰਮੁੱਖ ਆਗੂਆਂ ਵਿਚ ਸੰਸਥਾਪਕ ਮੈਂਬਰ ਯੋਗੇਂਦਰ ਯਾਦਵ, ਪ੍ਰਸ਼ਾਂਤ ਭੂਸ਼ਣ, ਸ਼ਾਂਤੀ ਭੂਸ਼ਣ ਅਤੇ ਕੁਮਾਰ ਵਿਸ਼ਵਾਸ ਵਰਗੇ ਨਾਮ ਸ਼ਾਮਲ ਹਨ।

ਪੰਜਾਬ ਵਿਚ ‘ਆਪ’ ਨੂੰ ਪਹਿਲਾਂ ਵੀ ਕਈ ਵਾਰ ਅਜਿਹੇ ਝਟਕੇ ਲੱਗ ਚੁੱਕੇ ਹਨ। ਪਾਰਟੀ ਛੱਡਣ ਵਾਲੇ ਪੰਜਾਬ ਦੇ ਪ੍ਰਮੁੱਖ ਨੇਤਾਵਾਂ ਵਿਚ ਸੁੱਚਾ ਸਿੰਘ ਛੋਟੇਪੁਰ, ਐਡਵੋਕੇਟ ਐੱਚ.ਐੱਸ. ਫੂਲਕਾ, ਗੁਰਪ੍ਰੀਤ ਘੁੱਗੀ, ਡਾ. ਧਰਮਵੀਰ ਗਾਂਧੀ ਅਤੇ ਸੁਖਪਾਲ ਸਿੰਘ ਖਹਿਰਾ ਸ਼ਾਮਲ ਹਨ। ਜ਼ਿਆਦਾਤਰ ਆਗੂਆਂ ਨੇ ਪਾਰਟੀ ਦੇ ਅੰਦਰੂਨੀ ਲੋਕਤੰਤਰ ਦੀ ਕਮੀ ਅਤੇ ਟਿਕਟਾਂ ਦੀ ਵੰਡ ਵਿਚ ਬੇਨਿਯਮੀਆਂ ਦੇ ਦੋਸ਼ ਲਗਾਏ ਹਨ।

ਹਾਲ ਹੀ ਵਿਚ ਸਵਾਤੀ ਮਾਲੀਵਾਲ ਵੱਲੋਂ ਲਗਾਏ ਗਏ ਕੁੱਟਮਾਰ ਦੇ ਦੋਸ਼ਾਂ ਤੇ ਪਾਰਟੀ ਅੰਦਰ ਚੱਲ ਰਹੀ ਖਿੱਚੋਤਾਣ ਨੇ ਇਸ ਸੰਕਟ ਨੂੰ ਹੋਰ ਡੂੰਘਾ ਕਰ ਦਿੱਤਾ ਹੈ। ਰਾਘਵ ਚੱਢਾ ਦੇ ਇਸ ਕਦਮ ਨਾਲ ਪੰਜਾਬ ਅਤੇ ਦਿੱਲੀ ਦੀ ਸਿਆਸਤ ਵਿਚ ਨਵਾਂ ਭੂਚਾਲ ਆ ਗਿਆ ਹੈ, ਜਿਸ ਨਾਲ ਆਉਣ ਵਾਲੇ ਦਿਨਾਂ ਵਿਚ ‘ਆਪ’ ਲਈ ਮੁਸ਼ਕਲਾਂ ਹੋਰ ਵਧ ਸਕਦੀਆਂ ਹਨ।

# ਕੈਨੇਡਾ 'ਚ ਸਿੱਖ ਬਜ਼ੁਰਗ ਨਾਲ ਨਸਲੀ ਵਿਤਕਰੇ ਦੀ ਵੀਡੀਓ ਵਾਇਰਲ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਵੁੱਡਸਟੌਕ ਵਿਚ ਇੱਕ ਬਜ਼ੁਰਗ ਸਿੱਖ ਵਿਅਕਤੀ ਨੂੰ ਪਰੇਸ਼ਾਨ ਅਤੇ ਉਸ ਨਾਲ ਨਸਲੀ ਵਿਤਕਰਾ ਕਰਨ ਦੀ ਵੀਡੀਓ ਸਾਹਮਣੇ ਆਈ ਹੈ, ਜਿਸ ਤੋਂ ਬਾਅਦ ਹਰ ਪਾਸੇ ਇਸ ਘਟਨਾ ਦੀ ਨਿਖੇਧੀ ਹੋ ਰਹੀ ਹੈ। ਇਸ ਘਟਨਾ ਨੇ ਕੈਨੇਡਾ ਵਿੱਚ ਸਿੱਖਾਂ ਵਿਰੁੱਧ ਵਧ ਰਹੇ ਨਫ਼ਰਤੀ ਅਪਰਾਧਾਂ ਬਾਰੇ ਚਿੰਤਾਵਾਂ ਨੂੰ ਇੱਕ ਵਾਰ ਫਿਰ ਵਧਾ ਦਿੱਤਾ ਹੈ।

**ਸਿੱਖ ਭਾਈਚਾਰੇ 'ਚ ਭਾਰੀ ਰੋਸ**



ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਇਸ ਵੀਡੀਓ ਵਿਚ ਦੇਖਿਆ ਜਾ ਸਕਦਾ ਹੈ ਕਿ ਕਿਵੇਂ ਇੱਕ ਬਜ਼ੁਰਗ ਨੂੰ ਜਨਤਕ ਥਾਂ 'ਤੇ ਨਿਸ਼ਾਨਾ ਬਣਾਇਆ ਗਿਆ। ਇਸ ਘਟਨਾ ਤੋਂ ਬਾਅਦ ਹੁਣ ਨਸਲਵਾਦ ਅਤੇ ਵਿਤਕਰੇ ਖਿਲਾਫ ਸਖ਼ਤ ਕਾਰਵਾਈ ਕਰਨ ਦੀ ਮੰਗ ਉੱਠ ਰਹੀ ਹੈ।

ਸਿੱਖ ਭਾਈਚਾਰੇ ਦੇ ਮੈਂਬਰਾਂ ਨੇ ਇਸ ਘਟਨਾ ਨੂੰ ਪੂਰੀ ਤਰ੍ਹਾਂ ਗਲਤ ਦੱਸਿਆ ਹੈ। ਉਨ੍ਹਾਂ ਨੇ ਸਾਫ਼ ਕਿਹਾ ਹੈ ਕਿ ਅਜਿਹੀ ਨਫ਼ਰਤ ਭਰੀ ਹਰਕਤ ਲਈ ਕੈਨੇਡੀਅਨ ਸਮਾਜ ਵਿਚ ਕੋਈ ਜਗ੍ਹਾ ਨਹੀਂ ਹੈ।

ਵੁੱਡਸਟੌਕ ਪੁਲਿਸ ਸਰਵਿਸ ਸਮੇਤ ਸਥਾਨਕ ਅਧਿਕਾਰੀਆਂ ਨੇ ਇਸ ਘਟਨਾ 'ਤੇ ਕਾਰਵਾਈ ਕੀਤੀ ਹੈ ਅਤੇ ਉਹ ਮਾਮਲੇ ਦੀ ਜਾਂਚ ਕਰ ਰਹੇ ਹਨ। ਉੱਥੇ ਹੀ ਸੋਸ਼ਲ ਮੀਡੀਆ 'ਤੇ ਲੋਕਾਂ ਨੇ ਆਪਣਾ ਗੁੱਸਾ ਜ਼ਾਹਿਰ ਕਰਦਿਆਂ ਕਿਹਾ ਹੈ ਕਿ ਇਹ ਸਿਰਫ਼ ਸਿੱਖਾਂ ਦਾ ਮਸਲਾ ਨਹੀਂ, ਸਗੋਂ ਇਨਸਾਨੀਅਤ ਨਾਲ ਜੁੜਿਆ ਮੁੱਦਾ ਹੈ।

ਇਹ ਪ੍ਰਤੀਕਿਰਿਆਵਾਂ ਸਮਾਜ ਵਿਚ ਵਧ ਰਹੀ ਨਫ਼ਰਤ ਅਤੇ ਮਾੜੇ ਵਿਵਹਾਰ ਪ੍ਰਤੀ ਡੂੰਘੀ ਚਿੰਤਾ ਨੂੰ ਬਿਆਨ ਕਰਦੀਆਂ ਹਨ। ਇਹ ਘਟਨਾ ਉਦੋਂ ਵਾਪਰੀ ਹੈ, ਜਦੋਂ 'ਵਰਲਡ ਸਿੱਖ ਆਰਗੇਨਾਈਜ਼ੇਸ਼ਨ ਆਫ਼ ਕੈਨੇਡਾ' (ਡਬਲਯੂ.ਐੱਸ.ਓ.) ਦੇਸ਼ ਵਿਚ ਸਿੱਖਾਂ ਵਿਰੁੱਧ ਹੁੰਦੇ ਵਿਤਕਰੇ ਨੂੰ ਰੋਕਣ ਲਈ ਸਰਗਰਮ ਹੈ। ਇਸ ਮੁੱਦੇ 'ਤੇ ਸੰਸਥਾ ਸਰੀ ਵਿਚ ਇੱਕ ਵਿਸ਼ੇਸ਼ ਚਰਚਾ ਕਰਵਾ ਰਹੀ ਹੈ।

ਦੱਸ ਦਈਏ ਕਿ 1,600 ਤੋਂ ਵੱਧ ਕੈਨੇਡੀਅਨ ਸਿੱਖਾਂ 'ਤੇ ਕੀਤੇ ਗਏ ਸਰਵੇਖਣ ਮੁਤਾਬਕ, ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ 80 ਫੀਸਦੀ ਲੋਕ ਮੰਨਦੇ ਹਨ ਕਿ ਪਿਛਲੇ ਕੁਝ ਸਾਲਾਂ ਵਿਚ ਸਿੱਖਾਂ ਵਿਰੁੱਧ ਨਫ਼ਰਤ ਵਧੀ ਹੈ। ਇਸ ਦੇ ਨਾਲ ਹੀ 65 ਫੀਸਦੀ ਲੋਕਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਭੱਦੀ ਸ਼ਬਦਾਵਲੀ ਜਾਂ ਜ਼ੁਬਾਨੀ ਪਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਹੈ। ਰਿਪੋਰਟ ਵਿਚ ਨਸਲਵਾਦ, ਬਾਹਰੀ ਲੋਕਾਂ ਪ੍ਰਤੀ ਨਫ਼ਰਤ ਅਤੇ ਫੈਲਾਈਆਂ ਜਾ ਰਹੀਆਂ ਗਲਤ ਜਾਣਕਾਰੀਆਂ ਨੂੰ ਇਸ ਦੇ ਮੁੱਖ ਕਾਰਨ ਦੱਸਿਆ ਗਿਆ ਹੈ।

# ਕੈਨੇਡਾ 'ਚ ਪੰਜਾਬੀ ਬਜ਼ੁਰਗ ਨੂੰ ਧੱਕੇ ਮਾਰਨ ਵਾਲੇ ਨੌਜਵਾਨ ਨੇ ਮੰਗੀ ਮੁਆਫ਼ੀ

**ਵੈਨਕੂਵਰ, (ਪੰਜਾਬ ਮੇਲ)-** ਪਿਛਲੇ ਦਿਨੀਂ ਕੈਨੇਡਾ ਦੇ ਵੁੱਡਕਾਸਟ ਇਲਾਕੇ 'ਚ ਸੈਰ ਕਰ ਰਹੇ ਇੱਕ ਪੰਜਾਬੀ ਬਜ਼ੁਰਗ ਨੂੰ ਇੱਕ ਅਣਪਛਾਤੇ ਵਿਅਕਤੀ ਵੱਲੋਂ ਨਸਲੀਆਂ ਟਿੱਪਣੀਆਂ ਕਰ ਕੇ ਧੱਕੇ ਮਾਰਨ ਦੀ ਘਟਨਾ ਮਗਰੋਂ ਪੁਲਿਸ ਵੱਲੋਂ ਮੌਕੇ 'ਤੇ ਜਾ ਕੇ ਮੁਲਜ਼ਮ ਨੂੰ ਕਾਬੂ ਕਰ ਲਿਆ ਗਿਆ ਸੀ। ਇਸ ਘਟਨਾ ਮਗਰੋਂ ਇਲਾਕੇ 'ਚ ਰਹਿੰਦੇ ਪੰਜਾਬੀ ਭਾਈਚਾਰੇ 'ਚ ਚਿੰਤਾ ਅਤੇ ਗੁੱਸੇ ਦੀ ਭਾਵਨਾ ਲਹਿਰ ਸੁਭਾਵਿਕ ਸੀ ।

ਪੁਲਿਸ ਵੱਲੋਂ ਚਿਤਾਵਨੀ ਦੇ ਕੇ ਉਕਤ ਘਟਨਾ ਦੇ ਜ਼ਿੰਮੇਵਾਰ ਵਿਅਕਤੀ ਨੂੰ ਰਿਹਾਅ ਕਰ ਦਿੱਤਾ ਗਿਆ ਸੀ, ਜਿਸ ਮਗਰੋਂ ਸਥਾਨਕ ਪੰਜਾਬੀ ਭਾਈਚਾਰੇ ਦੇ ਕੁਝ ਸਥਾਨਕ ਨੌਜਵਾਨਾਂ ਵੱਲੋਂ ਇਸ ਘਟਨਾ ਨੂੰ ਅੰਜਾਮ ਦੇਣ ਵਾਲੇ ਅਣਪਛਾਤੇ ਵਿਅਕਤੀ ਦੇ ਘਰ ਦਾ ਐਡਰੈਸ ਲੱਭਣ ਮਗਰੋਂ ਉਸਦੇ ਪਰਿਵਾਰ ਤੱਕ ਪਹੁੰਚ ਕੀਤੀ ਤੇ ਉਸ ਦੇ ਪਰਿਵਾਰ ਦੀ ਹਾਜ਼ਰੀ 'ਚ ਉਸ ਨੂੰ ਆਪਣੇ ਉਸ ਵੱਲੋਂ ਕੀਤੀ ਗਈ ਗਲਤੀ ਦਾ ਅਹਿਸਾਸ ਕਰਨ ਲਈ ਕਿਹਾ ਗਿਆ। ਇਸ ਮਗਰੋਂ ਉਕਤ ਨੌਜਵਾਨ ਨੇ ਆਪਣੇ ਵੱਲੋਂ ਕੀਤੀ ਇਸ ਘਿਨੌਣੀ ਘਟਨਾ ਲਈ ਮਾਫੀ ਮੰਗਦਿਆ ਭਵਿੱਖ ਵਿਚ ਅਜਿਹੀ ਗਲਤੀ ਨਾ ਦੁਹਰਾਉਣ ਦੀ ਗੱਲ ਕਹੀ।

# ਮੈਕਸੀਕੋ ਸਥਿਤ ਅਮਰੀਕੀ ਦੂਤਾਵਾਸ ਵੱਲੋਂ ਸੁਰੱਖਿਆ ਚੇਤਾਵਨੀ ਜਾਰੀ

**ਮੈਕਸੀਕੋ ਸਿਟੀ, (ਪੰਜਾਬ ਮੇਲ)-** ਮੈਕਸੀਕੋ ਸਥਿਤ ਅਮਰੀਕੀ ਦੂਤਾਵਾਸ ਨੇ ਇੱਕ ਸੁਰੱਖਿਆ ਚੇਤਾਵਨੀ ਜਾਰੀ ਕੀਤੀ ਹੈ, ਜਿਸ ਵਿਚ ਅਮਰੀਕੀ ਸਰਕਾਰੀ ਕਰਮਚਾਰੀਆਂ ਨੂੰ ਸਰਹੱਦੀ ਸ਼ਹਿਰ ਰੇਨੋਸਾ ਤੋਂ ਦੂਰ ਰਹਿਣ ਦਾ ਆਦੇਸ਼ ਦਿੱਤਾ ਗਿਆ ਹੈ ਕਿਉਂਕਿ ਉੱਥੋਂ ਹਿੰਸਕ ਅਪਰਾਧਿਕ ਗਤੀਵਿਧੀਆਂ ਵਿਚ ਵਾਧੇ ਦੀਆਂ ਰਿਪੋਰਟਾਂ ਆ ਰਹੀਆਂ ਹਨ। ਸੋਮਵਾਰ ਨੂੰ ਜਾਰੀ ਕੀਤੀ ਗਈ ਇਸ ਚੇਤਾਵਨੀ ਵਿਚ ਸ਼ਹਿਰ ਅਤੇ ਇਸਦੇ ਆਲੇ-ਦੁਆਲੇ ਸੜਕਾਂ 'ਤੇ ਰੁਕਾਵਟਾਂ ਅਤੇ ਸੁਰੱਖਿਆ ਖਤਰਿਆਂ ਸਮੇਤ ਕਈ ਘਟਨਾਵਾਂ ਦਾ ਹਵਾਲਾ ਦਿੱਤਾ ਗਿਆ ਹੈ। ਦੂਤਾਵਾਸ ਦੇ ਅਨੁਸਾਰ ਮੈਟਾਮੋਰੋਸ ਸਥਿਤ ਅਮਰੀਕੀ ਕੌਂਸਲੇਟ ਨੂੰ ਰੇਨੋਸਾ ਵਿਚ ਹਿੰਸਾ ਦੀਆਂ ਭਰੋਸੇਯੋਗ ਰਿਪੋਰਟਾਂ ਮਿਲੀਆਂ, ਜਿਸ ਕਾਰਨ ਅਮਰੀਕੀ ਸਰਕਾਰੀ ਕਰਮਚਾਰੀਆਂ ਦੁਆਰਾ ਇਸ ਖੇਤਰ ਵਿਚ ਯਾਤਰਾ ਕਰਨ 'ਤੇ ਤੁਰੰਤ ਪਾਬੰਦੀ ਲਗਾ ਦਿੱਤੀ ਗਈ। ਇਹ ਘਟਨਾਕ੍ਰਮ ਉੱਤਰੀ ਮੈਕਸੀਕਨ ਰਾਜ ਤਾਮੌਲੀਪਾਸ ਵਿਚ ਚੱਲ ਰਹੀਆਂ ਸੁਰੱਖਿਆ ਚਿੰਤਾਵਾਂ ਨੂੰ ਦਰਸਾਉਂਦਾ ਹੈ, ਜੋ ਕਿ ਅਮਰੀਕੀ ਰਾਜ ਟੈਕਸਾਸ ਨਾਲ ਲੱਗਦਾ ਹੈ।

# ਕੈਨੇਡਾ 'ਚ ਸਿੱਖਾਂ ਖਿਲਾਫ਼ ਨਫ਼ਰਤੀ ਅਪਰਾਧਾਂ ਵਿਚ ਭਾਰੀ ਵਾਧਾ

- **65 ਫੀਸਦੀ ਸਿੱਖ-ਕੈਨੇਡੀਅਨਾਂ ਨੇ ਹੰਢਾਇਆ ਵਿਤਕਰਾ: ਰਿਪੋਰਟ**
- **80% ਲੋਕਾਂ ਅਨੁਸਾਰ ਪਿਛਲੇ 5 ਸਾਲਾਂ ਵਿਚ ਵਧੀ ਨਫ਼ਰਤ**

**ਸਰੀ, (ਪੰਜਾਬ ਮੇਲ)-** ਕੈਨੇਡਾ ਵਿਚ ਰਹਿ ਰਹੇ ਸਿੱਖ ਭਾਈਚਾਰੇ ਲਈ ਇੱਕ ਚਿੰਤਾਜਨਕ ਰਿਪੋਰਟ ਸਾਹਮਣੇ ਆਈ ਹੈ, ਜਿਸ ਅਨੁਸਾਰ ਲਗਭਗ 65 ਫੀਸਦੀ ਸਿੱਖ-ਕੈਨੇਡੀਅਨਾਂ ਨੂੰ ਨਫ਼ਰਤ ਅਤੇ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਵਰਲਡ ਸਿੱਖ ਆਰਗੇਨਾਈਜ਼ੇਸ਼ਨ (ਡਬਲਯੂ.ਐੱਸ.ਓ.) ਵੱਲੋਂ ਜਾਰੀ ਕੀਤੀ ਗਈ 'ਕੈਨੇਡਾ ਵਿਚ ਸਿੱਖ ਵਿਰੋਧੀ ਨਫ਼ਰਤ ਨੂੰ ਸਮਝਣਾ ਅਤੇ ਹੱਲ ਕਰਨਾ' ਨਾਮਕ 78 ਪੰਨਿਆਂ ਦੀ ਇਸ ਰਿਪੋਰਟ ਨੇ ਦੇਸ਼ ਵਿਚ ਵੱਧ ਰਹੇ ਨਸਲੀ ਵਿਤਕਰੇ ਦੀ ਪੋਲ ਖੋਲ੍ਹ ਦਿੱਤੀ ਹੈ। ਸਰਵੇਖਣ ਦੇ ਹੈਰਾਨੀਜਨਕ ਅੰਕੜੇ ਜਨਵਰੀ ਅਤੇ ਮਾਰਚ 2025 ਦਰਮਿਆਨ 1,600 ਤੋਂ ਵੱਧ ਸਿੱਖ-ਕੈਨੇਡੀਅਨਾਂ 'ਤੇ ਕੀਤੇ ਗਏ ਇਸ ਸਰਵੇਖਣ ਵਿਚ ਸਾਹਮਣੇ ਆਇਆ ਹੈ ਕਿ 80 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਪਿਛਲੇ ਪੰਜ ਸਾਲਾਂ ਵਿਚ ਸਿੱਖਾਂ ਵਿਰੁੱਧ ਨਫ਼ਰਤ ਅਤੇ ਵਿਤਕਰੇ ਵਿਚ ਤੇਜ਼ੀ ਨਾਲ ਵਾਧਾ ਹੋਇਆ ਹੈ। ਰਿਪੋਰਟ ਮੁਤਾਬਕ 65 ਫੀਸਦੀ ਲੋਕਾਂ ਨੇ ਮੰਨਿਆ ਕਿ ਉਨ੍ਹਾਂ ਨੂੰ ਜਨਤਕ ਥਾਵਾਂ 'ਤੇ ਜ਼ੁਬਾਨੀ ਤੌਰ 'ਤੇ ਤੰਗ-ਪਰੇਸ਼ਾਨ ਕੀਤਾ ਗਿਆ ਹੈ।

ਨਫ਼ਰਤ ਦੇ ਮੁੱਖ ਕਾਰਨ ਕੈਨੇਡੀਅਨ ਰੇਸ ਰਿਲੇਸ਼ਨਜ਼ ਫਾਊਂਡੇਸ਼ਨ ਦੁਆਰਾ ਵਿੱਤੀ ਸਹਾਇਤਾ ਪ੍ਰਾਪਤ ਇਸ ਅਧਿਐਨ ਨੇ ਨਸਲਵਾਦ, ਵਿਦੇਸ਼ੀਆਂ ਪ੍ਰਤੀ ਡਰ ਅਤੇ ਭਾਰਤ ਨਾਲ ਜੁੜੀ ਗਲਤ ਜਾਣਕਾਰੀ ਨੂੰ ਸਿੱਖ ਵਿਰੋਧੀ ਭਾਵਨਾਵਾਂ ਦੇ ਮੁੱਖ ਕਾਰਕਾਂ ਵਜੋਂ ਪਛਾਣਿਆ ਹੈ। ਰਿਪੋਰਟ ਵਿਚ ਸਿੱਖ ਵਿਰੋਧੀ ਨਫ਼ਰਤ ਨੂੰ ਅਜਿਹੇ ਪੱਖਪਾਤ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ, ਜੋ ਕਿਸੇ ਵਿਅਕਤੀ ਦੀ ਸਿੱਖ ਪਛਾਣ, ਦਿੱਖ, ਵਿਸ਼ਵਾਸਾਂ ਜਾਂ ਉਨ੍ਹਾਂ ਦੀ ਵਕਾਲਤ ਕਾਰਨ ਪੈਦਾ ਹੁੰਦਾ ਹੈ। ਡਬਲਯੂ.ਐੱਸ.ਓ. ਦਾ ਕਹਿਣਾ ਹੈ ਕਿ ਇਹ ਰਿਪੋਰਟ ਕੈਨੇਡਾ ਭਰ ਵਿਚ ਸਿੱਖਾਂ ਦੇ ਵਿਤਕਰੇ ਦੇ ਤਜ਼ਰਬਿਆਂ ਨੂੰ ਦਸਤਾਵੇਜ਼ੀ ਰੂਪ ਵਿਚ ਪੇਸ਼ ਕਰਨ ਦੀ ਪਹਿਲੀ ਵਿਆਪਕ ਕੋਸ਼ਿਸ਼ ਹੈ, ਜਿਸ ਵਿਚ ਸਰਵੇਖਣ ਦੇ ਅੰਕੜਿਆਂ ਦੇ ਨਾਲ-ਨਾਲ ਕਮਿਊਨਿਟੀ ਟਾਊਨ ਹਾਲਾਂ ਤੋਂ ਪ੍ਰਾਪਤ ਜਾਣਕਾਰੀਆਂ ਨੂੰ ਵੀ ਸ਼ਾਮਲ ਕੀਤਾ ਗਿਆ ਹੈ।

# ਕੈਨੇਡਾ 'ਚ ਪੰਜਾਬੀ ਮੁਟਿਆਰ ਦੀ ਭੇਤਭਰੇ ਹਾਲਾਤਾਂ 'ਚ ਮੌਤ !

**ਬਰੈਂਪਟਨ, (ਪੰਜਾਬ ਮੇਲ)-** ਕੈਨੇਡਾ ਦੇ ਬਰੈਂਪਟਨ ਸ਼ਹਿਰ ਵਿਖੇ ਪੰਜਾਬੀ ਮੁਟਿਆਰ ਦੀ ਅਚਾਨਕ ਭੇਤਭਰੀ ਹਾਲਤ 'ਚ ਮੌਤ ਹੋਣ ਦੀ ਮੰਦਭਾਗੀ ਖਬਰ ਸਾਹਮਣੇ ਆਈ ਹੈ। ਮ੍ਰਿਤਕਾ ਦੀ ਪਛਾਣ ਪ੍ਰਤਿਭਾ ਗੁਪਤਾ (29) ਵਜੋਂ ਹੋਈ ਹੈ, ਜੋ ਕਿ ਲੁਧਿਆਣਾ ਜ਼ਿਲ੍ਹੇ ਦੇ ਸ਼ਹਿਰ ਅਹਿਮਦਗੜ੍ਹ ਦੇ ਸੰਜੀਵ ਕੁਮਾਰ ਜਿੰਦਲ ਦੇ ਪਰਿਵਾਰ ਦੀ ਇਕਲੌਤੀ ਧੀ ਸੀ। ਉਸ ਦੀ ਲਾਸ਼ ਉਸ ਦੇ ਕਿਰਾਏ ਦੇ ਘਰ ਦੀ ਪੌੜੀ ਦੇ ਕੋਲ ਪਈ ਮਿਲੀ। ਜਦੋਂ ਉਸ ਦੀ ਮੌਤ ਹੋਈ, ਤਾਂ ਉਸ ਵੇਲੇ ਮਕਾਨ ਮਾਲਕ ਅਮਰੀਕਾ ਗਿਆ ਹੋਇਆ ਸੀ ਤੇ ਘਰ 'ਚ ਪ੍ਰਤਿਭਾ ਤੋਂ ਬਿਨਾਂ ਕੋਈ ਨਹੀਂ ਸੀ।



ਜਦੋਂ ਮਾਪਿਆਂ ਨੇ ਪ੍ਰਤਿਭਾ ਦੇ ਨੰਬਰ 'ਤੇ ਕਈ ਵਾਰ ਫ਼ੋਨ ਕੀਤਾ ਤੇ ਉਨ੍ਹਾਂ ਦਾ ਜਵਾਬ ਨਾ ਮਿਲਿਆ, ਤਾਂ ਉਨ੍ਹਾਂ ਨੇ ਉਸ ਦੇ ਕੰਪਨੀ ਮਾਲਕ ਨੂੰ ਇਸ ਬਾਰੇ ਜਾਣਕਾਰੀ ਦਿੱਤੀ, ਜਿਸ ਤੋਂ ਬਾਅਦ ਮਾਮਲੇ ਵਿਚ ਕੈਨੇਡਾ ਪੁਲਿਸ ਤੋਂ ਮਦਦ ਦੀ ਮੰਗ ਕੀਤੀ ਗਈ। ਇਸ ਤੋਂ ਬਾਅਦ ਪੁਲਿਸ ਨੇ ਉਸ ਦੇ ਘਰ ਜਾ ਕੇ ਜਾਂਚ ਕੀਤੀ, ਤਾਂ ਉਸ ਦੀ ਲਾਸ਼ ਪੌੜੀ ਕੋਲ ਪਈ ਹੋਈ ਬਰਾਮਦ ਹੋਈ।

ਸ਼ਨੀਵਾਰ ਸਵੇਰੇ ਪ੍ਰਤਿਭਾ ਦੀ ਆਪਣੇ ਮਾਤਾ-ਪਿਤਾ ਨਾਲ ਗੱਲ ਹੋਈ ਸੀ, ਤਾਂ ਉਹ ਬਹੁਤ ਖੁਸ਼ ਸੀ, ਪਰ ਸ਼ਾਮ ਵੇਲੇ ਉਸ ਦਾ ਕੋਈ ਜਵਾਬ ਨਹੀਂ ਆਇਆ। ਪ੍ਰਤਿਭਾ ਕਰੀਬ ਸਾਢੇ ਤਿੰਨ ਸਾਲ ਪਹਿਲਾਂ ਵਰਕ ਪਰਮਿਟ 'ਤੇ ਕੈਨੇਡਾ ਗਈ ਸੀ ਅਤੇ ਇਸ ਵੇਲੇ ਇਕ ਨਿੱਜੀ ਟ੍ਰਾਂਸਪੋਰਟ ਕੰਪਨੀ ਵਿਚ ਕੰਮ ਕਰ ਰਹੀ ਸੀ। ਫਿਲਹਾਲ ਉਸ ਦੀ ਮੌਤ ਕਿਵੇਂ ਹੋਈ, ਇਸ ਦੀ ਜਾਂਚ ਕੀਤੀ ਜਾ ਰਹੀ ਹੈ ਤੇ ਪ੍ਰਤਿਭਾ ਦੀ ਇਸ ਬੇਵਕਤੀ ਮੌਤ ਕਾਰਨ ਉਸ ਦੇ ਪਰਿਵਾਰ ਦਾ ਰੋ-ਰੋ ਬੁਰਾ ਹਾਲ ਹੈ।

# ਇਮੀਗ੍ਰੇਸ਼ਨ ਬਿੱਲ ਡਿਗਨਿਟੀ ਐਕਟ 'ਤੇ ਰਿਪਬਲਿਕਨ ਪਾਰਟੀ ਵਿਚ ਵੱਡੀ ਫੁਟ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਸੁਧਾਰ ਸਬੰਧੀ ਡਿਗਨਿਟੀ ਐਕਟ ਨੂੰ ਲੈ ਕੇ ਰਿਪਬਲਿਕਨ ਪਾਰਟੀ ਅੰਦਰ ਗੰਭੀਰ ਅਸਹਿਮਤੀ ਸਾਹਮਣੇ ਆ ਰਹੀ ਹੈ ਅਤੇ ਇਹ ਮਸਲਾ ਪਾਰਟੀ ਦੇ ਨੇਤਾਵਾਂ ਨੂੰ ਦੋ ਵੱਖ-ਵੱਖ ਧੜਿਆਂ ਵਿਚ ਵੰਡ ਰਿਹਾ ਹੈ।

ਟੈਕਸਾਸ ਤੋਂ ਕਾਂਗਰਸਮੈਨ ਬ੍ਰੈਂਡਨ ਗਿੱਲ ਨੇ ਇਸ ਬਿੱਲ ਦੀ ਕੜੀ ਨਿੰਦਾ ਕਰਦਿਆਂ ਕਿਹਾ ਹੈ ਕਿ ਇਹ 2024 ਦੀਆਂ ਚੋਣਾਂ ਦੌਰਾਨ ਕੀਤੇ ਵਾਅਦਿਆਂ ਨਾਲ ਧੋਖਾ ਹੈ ਅਤੇ ਪਾਰਟੀ ਨੇ ਵੱਡੇ ਪੱਧਰ 'ਤੇ ਗੈਰ ਕਾਨੂੰਨੀ ਪ੍ਰਵਾਸੀਆਂ ਦੀ ਡਿਪੋਰਟੇਸ਼ਨ ਦਾ ਵਾਅਦਾ ਕੀਤਾ ਸੀ, ਜਿਸ 'ਤੇ ਕਾਇਮ ਰਹਿਣਾ ਚਾਹੀਦਾ ਹੈ

ਦੂਜੇ ਪਾਸੇ ਫਲੋਰਿਡਾ ਦੀ ਕਾਂਗਰਸਵੁਮੈਨ ਮਾਰੀਆ ਐਲਵੀਰਾ ਸਾਲਾਜ਼ਾਰ ਇਸ ਬਿੱਲ ਦੀ ਹਮਾਇਤ ਕਰ ਰਹੀ ਹੈ ਅਤੇ ਉਨ੍ਹਾਂ ਦਾ ਕਹਿਣਾ ਹੈ ਕਿ ਜਿਹੜੇ ਲੋਕ ਲੰਬੇ ਸਮੇਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ, ਕਿਸੇ ਅਪਰਾਧ ਵਿਚ ਸ਼ਾਮਲ ਨਹੀਂ ਹਨ ਅਤੇ ਅਰਥਵਿਵਸਥਾ ਵਿਚ ਯੋਗਦਾਨ ਪਾ ਰਹੇ ਹਨ, ਉਨ੍ਹਾਂ ਲਈ ਹੱਲ ਲੱਭਣਾ ਜ਼ਰੂਰੀ ਹੈ।

ਇਸ ਬਿੱਲ ਦੇ ਮੁੱਖ ਪ੍ਰਸਤਾਵਾਂ ਵਿਚ ਲੱਖਾਂ ਪ੍ਰਵਾਸੀਆਂ ਨੂੰ ਡਿਪੋਰਟੇਸ਼ਨ ਤੋਂ ਅਸਥਾਈ ਸੁਰੱਖਿਆ ਦੇਣਾ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਆਗਿਆ ਦੇਣਾ, ਸਰਹੱਦੀ ਸੁਰੱਖਿਆ ਲਈ ਵਾਧੂ ਫੰਡ ਮੁਹੱਈਆ ਕਰਨਾ, ਨੌਕਰੀਦਾਤਾਵਾਂ ਲਈ ਈ-ਵੈਰਾਫਾਈ ਸਿਸਟਮ ਲਾਜ਼ਮੀ ਕਰਨਾ ਅਤੇ DACA ਹੇਠ ਆਉਣ ਵਾਲਿਆਂ ਲਈ ਸਥਾਈ ਰਿਹਾਇਸ਼ ਦਾ ਰਸਤਾ ਤਿਆਰ ਕਰਨਾ ਸ਼ਾਮਲ ਹੈ।

ਨੇਬਰਾਸਕਾ ਤੋਂ ਰਿਪਬਲਿਕਨ ਨੇਤਾ ਡੌਨ ਬੇਕਨ ਨੇ ਕਿਹਾ ਹੈ ਕਿ ਇਹ ਬਿੱਲ ਇੱਕ ਸੰਤੁਲਿਤ ਹੱਲ ਪੇਸ਼ ਕਰਦਾ ਹੈ ਅਤੇ ਉਨ੍ਹਾਂ ਲੋਕਾਂ ਲਈ ਇਨਸਾਫ਼ ਦੀ ਗੱਲ ਕਰਦਾ ਹੈ, ਜੋ ਕਈ ਸਾਲਾਂ ਤੋਂ ਅਮਰੀਕਾ ਵਿਚ ਰਹਿ ਰਹੇ ਹਨ ਅਤੇ ਕਾਨੂੰਨ ਦੀ ਪਾਲਣਾ ਕਰਦੇ ਹਨ।

ਪਰ ਕਈ ਕੰਜ਼ਰਵੇਟਿਵ ਨੇਤਾ ਇਸਨੂੰ ਐਮਨੈਸਟੀ ਕਰਾਰ ਦੇ ਰਹੇ ਹਨ ਅਤੇ ਦੱਖਣੀ ਕੈਰੋਲੀਨਾ ਤੋਂ ਕਾਂਗਰਸਮੈਨ ਰਾਲਫ਼ ਨੌਰਮਨ ਨੇ ਕਿਹਾ ਹੈ ਕਿ ਇਹ ਸਿਰਫ਼ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਛੋਟ ਦੇਣ ਵਾਲਾ ਕਦਮ ਹੈ।

ਇਹ ਸਾਰਾ ਮਾਮਲਾ ਉਸ ਸਮੇਂ ਹੋਰ ਗਰਮਾਇਆ ਹੈ, ਜਦੋਂ ਸਾਬਕਾ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਇਮੀਗ੍ਰੇਸ਼ਨ ਨੀਤੀਆਂ ਅਤੇ ਸਖ਼ਤ ਕਾਨੂੰਨਾਂ 'ਤੇ ਦੇਸ਼ ਭਰ ਵਿਚ ਚਰਚਾ ਜਾਰੀ ਹੈ।

ਫਿਲਹਾਲ ਇਸ ਬਿੱਲ ਦਾ ਭਵਿੱਖ ਅਸਪੱਸ਼ਟ ਹੈ ਪਰ ਮਾਰੀਆ ਐਲਵੀਰਾ ਸਾਲਾਜ਼ਾਰ ਨੇ ਕਿਹਾ ਹੈ ਕਿ ਉਹ ਪਾਰਟੀ ਦੇ ਅੰਦਰ ਸਹਿਮਤੀ ਬਣਾਉਣ ਲਈ ਆਪਣੀ ਕੋਸ਼ਿਸ਼ ਜਾਰੀ ਰੱਖੇਗੀ। ਇਸ ਵਿਵਾਦ ਨੇ ਰਿਪਬਲਿਕਨ ਪਾਰਟੀ ਦੇ ਅੰਦਰੂਨੀ ਵੱਖ-ਵੱਖ ਵਿਚਾਰਾਂ ਨੂੰ ਉਜਾਗਰ ਕਰ ਦਿੱਤਾ ਹੈ, ਜਿਸਦਾ ਅਸਰ ਆਉਣ ਵਾਲੀਆਂ ਚੋਣਾਂ 'ਤੇ ਵੀ ਪੈ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

**Editorial Board**

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh

**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਕੈਨੇਡਾ 'ਚ ਇਮੀਗ੍ਰੇਸ਼ਨ ਨਿਯਮਾਂ 'ਚ ਸਖਤੀ ਕਾਰਨ ਹਜ਼ਾਰਾਂ ਪੰਜਾਬੀ ਨੌਜਵਾਨ ਹੋਏ ਪ੍ਰਭਾਵਿਤ

**■ ਕੈਨੇਡਾ 'ਚ ਪੱਕੇ ਹੋਣ ਲਈ ਵੇਚ ਰਹੇ ਜ਼ਮੀਨਾਂ!**




**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਵਿਚ ਇਮੀਗ੍ਰੇਸ਼ਨ ਨਿਯਮ ਸਖ਼ਤ ਹੋਣ ਨਾਲ ਪੰਜਾਬ ਦੇ ਹਜ਼ਾਰਾਂ ਵਿਦਿਆਰਥੀ ਪ੍ਰਭਾਵਿਤ ਹੋ ਰਹੇ ਹਨ। ਪੰਜਾਬ ਦੇ ਬਹੁਤ ਸਾਰੇ ਨੌਜਵਾਨ ਜੋ ਪੜ੍ਹਾਈ ਲਈ ਪ੍ਰਿੰਸ ਐਡਵਰਡ ਆਈਲੈਂਡ ਅਤੇ ਓਨਟਾਰੀਓ ਵਰਗੇ ਸੂਬਿਆਂ ਵਿਚ ਗਏ ਸਨ ਅਤੇ ਬਾਅਦ ਵਿਚ ਕੰਮ ਕਰਨ ਲੱਗ ਪਏ ਸਨ, ਉਨ੍ਹਾਂ ਨੂੰ ਹੁਣ ਦੇਸ਼ ਨਿਕਾਲੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤ ਸਾਰੇ ਵਿਦਿਆਰਥੀ ਅਜਿਹੇ ਹਨ, ਜਿਨ੍ਹਾਂ ਨੇ ਪੱਕੇ ਹੋਣ ਲਈ ਸਥਾਈ ਨਿਵਾਸ ਦਸਤਾਵੇਜ਼ ਵੀ ਜਮ੍ਹਾਂ ਨਹੀਂ ਕਰਵਾਏ ਹਨ। ਜੇਕਰ ਕਿਸੇ ਨੇ ਦਸਤਾਵੇਜ਼ ਲਗਾਏ ਵੀ ਹਨ, ਤਾਂ ਵੀ ਉਨ੍ਹਾਂ ਨੂੰ ਕੈਨੇਡੀਅਨ ਸਰਕਾਰ ਨੂੰ ਸਬੂਤ ਦੇਣਾ ਪਵੇਗਾ।

ਇਸ ਪ੍ਰਕਿਰਿਆ ਨੂੰ ਪੂਰਾ ਕਰਨ ਲਈ ਕੈਨੇਡੀਅਨ ਵਕੀਲਾਂ ਨੂੰ ਨੌਜਵਾਨ ਬਹੁਤ ਜ਼ਿਆਦਾ ਫੀਸਾਂ ਦੇ ਰਹੇ ਹਨ। ਪੰਜਾਬ ਵਿਚ ਉਨ੍ਹਾਂ ਦੇ ਪਰਿਵਾਰ ਜ਼ਮੀਨ ਵੇਚ ਕੇ, ਕਰਜ਼ੇ ਲੈ ਕੇ ਅਤੇ ਰਿਸ਼ਤੇਦਾਰਾਂ ਤੋਂ ਪੈਸੇ ਉਧਾਰ ਲੈ ਕੇ ਇਨ੍ਹਾਂ ਫੀਸਾਂ ਦਾ ਭੁਗਤਾਨ ਕਰ ਰਹੇ ਹਨ। ਪੀ.ਈ.ਆਈ. ਅਤੇ ਹੋਰ ਕੈਨੇਡੀਅਨ ਸੂਬਿਆਂ ਵਿਚ ਚੱਲ ਰਹੇ ਵਿਰੋਧ ਪ੍ਰਦਰਸ਼ਨਾਂ ਦੇ ਵਿਚਕਾਰ, ਵਿਦਿਆਰਥੀਆਂ ਦਾ ਕਹਿਣਾ ਹੈ ਕਿ ਵਕੀਲ ਹਰੇਕ ਫਾਈਲ ਲਈ ਹਜ਼ਾਰਾਂ ਡਾਲਰ ਵਸੂਲ ਰਹੇ ਹਨ, ਜਿਸ ਨਾਲ ਉਨ੍ਹਾਂ ਦੀ ਵਿੱਤੀ ਸਥਿਤੀ ਹੋਰ ਵਿਗੜ ਰਹੀ ਹੈ ਅਤੇ ਹਜ਼ਾਰਾਂ ਪੰਜਾਬੀ ਪਰਿਵਾਰਾਂ ਨੂੰ ਘਰ ਛੱਡਣ ਲਈ ਮਜਬੂਰ ਹੋਣਾ ਪੈ ਰਿਹਾ ਹੈ। ਪਿੰਡਾਂ ਵਿਚ ਰਹਿੰਦੇ ਇਨ੍ਹਾਂ ਮਾਪਿਆਂ ਲਈ, ਕੈਨੇਡਾ ਦਾ ਸੁਪਨਾ ਇੱਕ ਬੋਝ ਬਣ ਗਿਆ ਹੈ, ਜਿਸਨੂੰ ਉਹ ਨਾ ਤਾਂ ਸਹਿ ਸਕਦੇ ਹਨ ਅਤੇ ਨਾ ਹੀ ਛੱਡ ਸਕਦੇ ਹਨ। ਕਰਜ਼ੇ ਦੇ ਦਬਾਅ ਅਤੇ ਅਨਿਸ਼ਚਿਤ ਭਵਿੱਖ ਕਾਰਨ ਬਹੁਤ ਸਾਰੇ ਪਰਿਵਾਰ ਮਾਨਸਿਕ ਤਣਾਅ ਤੋਂ ਪੀੜਤ ਹਨ।

ਜਲੰਧਰ ਦੇ ਪਿੰਡ ਸੇਖਵਾਂ ਦਾ ਪੰਜਾਬੀ ਵਿਦਿਆਰਥੀ ਉਨ੍ਹਾਂ ਹਜ਼ਾਰਾਂ ਨੌਜਵਾਨਾਂ ਵਿਚੋਂ ਇੱਕ ਹੈ, ਜੋ ਇਸ ਸਮੇਂ ਕੈਨੇਡਾ ਦੇ ਸਖ਼ਤ ਨਿਯਮਾਂ ਵਿਚ ਫਸੇ ਹੋਏ ਹਨ। ਪੰਜਾਬੀ ਨੌਜਵਾਨ ਨੂੰ ਉੱਥੇ ਵਸਣ ਅਤੇ ਆਪਣੀ ਕਾਨੂੰਨੀ ਲੜਾਈ ਲੜਨ ਵਿਚ ਮਦਦ ਕਰਨ ਲਈ ਉਸਦੇ ਪਿਤਾ ਨੇ ਭਾਰੀ ਮਨ ਨਾਲ ਆਪਣੀ ਦੋ ਏਕੜ ਜ਼ਮੀਨ ਗਿਰਵੀ ਰੱਖ ਦਿੱਤੀ। ਇਸੇ ਤਰ੍ਹਾਂ ਦੇ ਇਕ ਹੋਰ ਮਾਮਲੇ ਵਿਚ ਇਕ ਪੰਜਾਬੀ ਪਰਿਵਾਰ ਨੇ 9 ਲੱਖ ਰੁਪਏ ਦਾ ਵੱਡਾ ਕਰਜ਼ਾ ਲਿਆ। ਇਕ ਹੋਰ ਮਾਮਲੇ ਵਿਚ ਆਪਣੇ ਇਕਲੌਤੇ ਪੁੱਤਰ ਨੂੰ ਦੇਸ਼ ਨਿਕਾਲੇ ਤੋਂ ਬਚਾਉਣ ਲਈ ਇਕ ਮਾਂ ਨੇ 1.3 ਮਿਲੀਅਨ ਰੁਪਏ ਉਧਾਰ ਲਏ। ਹੁਣ, ਸਥਿਤੀ ਅਜਿਹੀ ਹੈ ਕਿ ਚਿੰਤਾ ਅਤੇ ਕਰਜ਼ੇ ਦਾ ਬੋਝ ਹਰ ਰੋਜ਼ ਵਧਦਾ ਜਾ ਰਿਹਾ ਹੈ। ਇਨ੍ਹਾਂ ਪਰਿਵਾਰਾਂ ਦਾ ਕਹਿਣਾ ਹੈ ਕਿ ਕੈਨੇਡੀਅਨ ਸਰਕਾਰ ਦੇ ਨਿਯਮਾਂ ਵਿਚ ਅਚਾਨਕ ਬਦਲਾਅ ਨੇ ਉਨ੍ਹਾਂ ਨੂੰ ਬਰਬਾਦ ਕਰ ਦਿੱਤਾ ਹੈ। ਹੁਣ ਉਹ ਸਿਰਫ਼ ਵਕੀਲਾਂ ਅਤੇ ਕਾਗਜ਼ੀ ਕਾਰਵਾਈਆਂ 'ਤੇ ਨਿਰਭਰ ਕਰਦੇ ਹਨ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਦੀ ਬੱਚਤ ਖਤਮ ਹੋ ਜਾਂਦੀ ਹੈ, ਅਤੇ ਉਨ੍ਹਾਂ ਦਾ ਭਵਿੱਖ ਅਨਿਸ਼ਚਿਤ ਦਿਖਾਈ ਦਿੰਦਾ ਹੈ।

# ਪਰਿਵਾਰ ਅਧਾਰਿਤ ਗ੍ਰੀਨ ਕਾਰਡ ਮਨਜ਼ੂਰੀਆਂ ਜੁਲਾਈ 2025 ਤੋਂ ਜਨਵਰੀ 2026 ਦਰਮਿਆਨ ਲਗਭਗ 54 ਫੀਸਦੀ ਘਟੀਆਂ




**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਦੌਰਾਨ ਗ੍ਰੀਨ ਕਾਰਡ ਮਨਜ਼ੂਰੀਆਂ ਵਿਚ ਵੱਡੀ ਕਟੌਤੀ ਆਉਣ ਦੀਆਂ ਰਿਪੋਰਟਾਂ ਸਾਹਮਣੇ ਆਈਆਂ ਹਨ। ਇੱਕ ਨਵੀਂ ਵਿਸ਼ਲੇਸ਼ਣ ਅਨੁਸਾਰ ਪਰਿਵਾਰ ਆਧਾਰਿਤ ਗ੍ਰੀਨ ਕਾਰਡ ਮਨਜ਼ੂਰੀਆਂ ਜੁਲਾਈ 2025 ਤੋਂ ਜਨਵਰੀ 2026 ਦਰਮਿਆਨ ਲਗਭਗ 54 ਫੀਸਦੀ ਘੱਟ ਹੋ ਗਈਆਂ ਹਨ, ਜਦਕਿ ਕੁੱਲ ਗ੍ਰੀਨ ਕਾਰਡ ਅਪਰੂਵਲਜ਼ ਵਿਚ ਵੀ ਤਕਰੀਬਨ ਅੱਧੀ ਕਮੀ ਦਰਜ ਕੀਤੀ ਗਈ ਹੈ।

ਇਸ ਕਟੌਤੀ ਨਾਲ ਸਭ ਤੋਂ ਵੱਧ ਅਸਰ ਉਨ੍ਹਾਂ ਉਮੀਦਵਾਰਾਂ 'ਤੇ ਪੈ ਰਿਹਾ ਹੈ, ਜੋ ਪਹਿਲਾਂ ਹੀ ਅਮਰੀਕਾ ਅੰਦਰ ਰਹਿ ਕੇ ਆਪਣਾ ਸਟੇਟਸ ਬਦਲਣ ਲਈ ਅਰਜ਼ੀਆਂ ਦੇ ਰਹੇ ਹਨ। ਇਨ੍ਹਾਂ ਵਿਚ ਅਮਰੀਕੀ ਨਾਗਰਿਕਾਂ ਦੇ ਜੀਵਨ ਸਾਥੀ, ਪਰਿਵਾਰਕ ਮੈਂਬਰ, ਸ਼ਰਨਾਰਥੀ ਅਤੇ ਕੁਝ ਮਨੁੱਖੀ ਅਧਿਕਾਰ ਸ਼੍ਰੇਣੀਆਂ ਵਾਲੇ ਅਰਜ਼ੀਕਾਰ ਸ਼ਾਮਲ ਹਨ। ਮਾਮਲਿਆਂ ਦੇ ਲੰਬੇ ਸਮੇਂ ਤੱਕ ਪੈਂਡਿੰਗ ਰਹਿਣ ਕਾਰਨ ਕਈ ਲੋਕਾਂ ਨੂੰ ਵਰਕ ਪਰਮਿਟ, ਟਰੈਵਲ ਡਾਕੂਮੈਂਟ ਅਤੇ ਕਾਨੂੰਨੀ ਸੁਰੱਖਿਆ ਵਿਚ ਦੇਰੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਰਿਪੋਰਟਾਂ ਮੁਤਾਬਕ ਪ੍ਰਸ਼ਾਸਨ ਨੇ ਵਧੀਕ ਸਕ੍ਰੀਨਿੰਗ, ਇੰਟਰਵਿਊਜ਼ ਅਤੇ ਦੇਸ਼-ਵਿਸ਼ੇਸ਼ ਜਾਂਚਾਂ ਕਾਰਨ ਪ੍ਰੋਸੈਸਿੰਗ ਸੁਸਤ ਕੀਤੀ ਹੈ। ਕੁਝ ਕੇਸਾਂ ਵਿਚ ਵਧੇਰੇ ਦਸਤਾਵੇਜ਼ਾਂ ਦੀ ਮੰਗ ਅਤੇ ਬੈਕਗ੍ਰਾਊਂਡ ਜਾਂਚ ਵੀ ਸਮਾਂ ਲੈ ਰਹੀ ਹੈ। ਇਸ ਕਾਰਨ ਯੂ.ਐੱਸ.ਸੀ.ਆਈ.ਐੱਸ. ਦੀਆਂ ਫਾਈਲਾਂ ਦਾ ਬੈਕਲਾਗ ਹੋਰ ਵਧ ਗਿਆ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜਿਨ੍ਹਾਂ ਲੋਕਾਂ ਦੀਆਂ ਅਰਜ਼ੀਆਂ ਪਹਿਲਾਂ ਹੀ ਲੱਗੀਆਂ ਹੋਈਆਂ ਹਨ, ਉਹ ਆਪਣੇ ਕੇਸ ਦੀ ਸਥਿਤੀ ਨਿਯਮਿਤ ਤੌਰ 'ਤੇ ਚੈੱਕ ਕਰਦੇ ਰਹਿਣ, ਪਤਾ ਅਪਡੇਟ ਰੱਖਣ, ਆਰ.ਐੱਫ.ਈ. ਆਉਣ 'ਤੇ ਤੁਰੰਤ ਜਵਾਬ ਦੇਣ ਅਤੇ ਕਿਸੇ ਵੀ ਸਟੇਟਸ ਸਮੱਸਿਆ ਲਈ ਤਜ਼ਰਬੇਕਾਰ ਵਕੀਲ ਨਾਲ ਸਲਾਹ ਕਰਨ।

ਜੇ ਇਹ ਰੁਝਾਨ ਜਾਰੀ ਰਹਿੰਦਾ ਹੈ, ਤਾਂ 2026 ਦੌਰਾਨ ਗ੍ਰੀਨ ਕਾਰਡ ਉਡੀਕ ਸਮਾਂ ਹੋਰ ਵੱਧ ਸਕਦਾ ਹੈ, ਜਿਸ ਨਾਲ ਹਜ਼ਾਰਾਂ ਪਰਿਵਾਰ ਪ੍ਰਭਾਵਿਤ ਹੋ ਸਕਦੇ ਹਨ।

**ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**

# ਅਮਰੀਕਾ 'ਚ ਇਮੀਗ੍ਰੇਸ਼ਨ ਸਖਤੀ ਕਾਰਨ ਕਈ ਪਰਿਵਾਰ ਵੱਲੋਂ "ਅਮਰੀਕਨ ਡਰੀਮ" ਛੱਡਣ ਦੀ ਯੋਜਨਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-**ਅਮਰੀਕਾ ਵਿਚ ਇਮੀਗ੍ਰੇਸ਼ਨ ਕਾਰਵਾਈਆਂ ਦੇ ਸਖ਼ਤ ਹੋਣ ਨਾਲ ਕਈ ਮਿਕਸਡ-ਸਟੇਟਸ ਪਰਿਵਾਰ - ਜਿਨ੍ਹਾਂ ਵਿਚ ਕੁਝ ਮੈਂਬਰ ਅਮਰੀਕੀ ਨਾਗਰਿਕ ਹਨ ਤੇ ਕੁਝ ਕੋਲ ਕਾਨੂੰਨੀ ਦਰਜਾ ਨਹੀਂ — ਹੁਣ "ਅਮਰੀਕਨ ਡਰੀਮ" ਛੱਡ ਕੇ ਦੇਸ਼ ਤਿਆਗਣ ਬਾਰੇ ਸੋਚ ਰਹੇ ਹਨ। ਨਵੀਆਂ ਰੇਡਾਂ, ਡਿਟੇਨਸ਼ਨ ਕਾਰਵਾਈਆਂ ਅਤੇ ਡਿਪੋਰਟੇਸ਼ਨ ਦੇ ਡਰ ਕਾਰਨ ਹਜ਼ਾਰਾਂ ਪਰਿਵਾਰ ਮਨੋਵਿਗਿਆਨਕ ਤਣਾਅ ਦਾ ਸਾਹਮਣਾ ਕਰ ਰਹੇ ਹਨ।

ਰਿਪੋਰਟਾਂ ਮੁਤਾਬਕ ਕਈ ਮਾਪੇ ਆਪਣੇ ਬੱਚਿਆਂ ਦੀ ਸੁਰੱਖਿਆ ਅਤੇ ਪਰਿਵਾਰ ਨੂੰ ਇਕੱਠਾ ਰੱਖਣ ਲਈ ਅਮਰੀਕਾ ਛੱਡ ਕੇ ਮੈਕਸੀਕੋ, ਕੇਂਦਰੀ ਅਮਰੀਕਾ ਜਾਂ ਆਪਣੇ ਮੂਲ ਦੇਸ਼ਾਂ ਵੱਲ ਵਾਪਸੀ ਦੀ ਯੋਜਨਾ ਬਣਾ ਰਹੇ ਹਨ। ਕਈ ਪਰਿਵਾਰਾਂ ਵਿਚ ਬੱਚੇ ਅਮਰੀਕਾ ਵਿਚ ਜੰਮੇ ਹੋਏ ਹਨ ਅਤੇ ਨਾਗਰਿਕ ਹਨ, ਪਰ ਮਾਪਿਆਂ ਦੇ ਸਟੇਟਸ ਨਾ ਹੋਣ ਕਰਕੇ ਉਨ੍ਹਾਂ ਨੂੰ ਅਣਨਿਸ਼ਚਿਤਤਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਸਖ਼ਤ ਨੀਤੀਆਂ ਕਾਰਨ ਲੋਕ ਡਾਕਟਰੀ ਸਹਾਇਤਾ, ਸਕੂਲਾਂ ਅਤੇ ਸਰਕਾਰੀ ਸੇਵਾਵਾਂ ਤੋਂ ਵੀ ਦੂਰ ਰਹਿਣ ਲੱਗ ਪਏ ਹਨ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਕਿਤੇ ਉਨ੍ਹਾਂ ਦੀ ਜਾਣਕਾਰੀ ਇਮੀਗ੍ਰੇਸ਼ਨ ਏਜੰਸੀਆਂ ਤੱਕ ਨਾ ਪਹੁੰਚ ਜਾਵੇ। ਇਸ ਨਾਲ ਬੱਚਿਆਂ ਦੀ ਪੜ੍ਹਾਈ ਅਤੇ ਪਰਿਵਾਰਕ ਜੀਵਨ ਪ੍ਰਭਾਵਿਤ ਹੋ ਰਿਹਾ ਹੈ।

ਕਈ ਪਰਿਵਾਰ ਕਹਿੰਦੇ ਹਨ ਕਿ ਉਨ੍ਹਾਂ ਨੇ ਸਾਲਾਂ ਮਿਹਨਤ ਕਰਕੇ ਘਰ ਬਣਾਏ, ਕਾਰੋਬਾਰ ਖੜ੍ਹੇ ਕੀਤੇ ਅਤੇ ਟੈਕਸ ਦਿੱਤੇ, ਪਰ ਹੁਣ ਉਨ੍ਹਾਂ ਨੂੰ ਲੱਗਦਾ ਹੈ ਕਿ "ਅਮਰੀਕਨ ਡਰੀਮ" ਹੁਣ ਡਰ ਅਤੇ ਅਸਥਿਰਤਾ ਵਿਚ ਬਦਲ ਗਿਆ ਹੈ।

ਮਾਹਿਰਾਂ ਦੇ ਅਨੁਸਾਰ ਜੇ ਇਹ ਰੁਝਾਨ ਜਾਰੀ ਰਿਹਾ, ਤਾਂ ਆਉਣ ਵਾਲੇ ਸਮੇਂ ਵਿਚ ਕਈ ਮਿਕਸਡ-ਸਟੇਟਸ ਪਰਿਵਾਰ ਅਮਰੀਕਾ ਛੱਡਣ ਦਾ ਵੱਡਾ ਫੈਸਲਾ ਕਰ ਸਕਦੇ ਹਨ। ਇਹ ਸਿਰਫ਼ ਇਮੀਗ੍ਰੇਸ਼ਨ ਮਸਲਾ ਨਹੀਂ, ਸਗੋਂ ਪਰਿਵਾਰਕ ਏਕਤਾ ਅਤੇ ਮਨੁੱਖੀ ਪੱਖ ਨਾਲ ਜੁੜਿਆ ਵੱਡਾ ਸਮਾਜਿਕ ਮਸਲਾ ਬਣਦਾ ਜਾ ਰਿਹਾ ਹੈ।

# '84 ਸਿੱਖ ਕਤਲੇਆਮ: ਸੁਪਰੀਮ ਕੋਰਟ ਸੱਜਣ ਕੁਮਾਰ ਦੀ ਅਪੀਲ 'ਤੇ ਜੁਲਾਈ 'ਚ ਕਰੇਗਾ ਸੁਣਵਾਈ

**■ 7 ਸਾਲਾਂ ਤੋਂ ਜੇਲ੍ਹ ਵਿਚ ਬੰਦ ਸਾਬਕਾ ਕਾਂਗਰਸੀ ਆਗੂ ਦੀ ਪਤਨੀ ਦੀ ਬਿਮਾਰੀ ਦਾ ਦਿੱਤਾ ਹਵਾਲਾ**



**ਨਵੀਂ ਦਿੱਲੀ, (ਪੰਜਾਬ ਮੇਲ)-** ਸੁਪਰੀਮ ਕੋਰਟ ਨੇ ਸ਼ੁੱਕਰਵਾਰ ਨੂੰ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਦੋਸ਼ੀ ਸਾਬਕਾ ਕਾਂਗਰਸੀ ਆਗੂ ਸੱਜਣ ਕੁਮਾਰ ਦੀ ਉਸ ਪਟੀਸ਼ਨ 'ਤੇ ਜੁਲਾਈ ਵਿਚ ਸੁਣਵਾਈ ਕਰਨ ਲਈ ਸਹਿਮਤੀ ਜਤਾਈ ਹੈ, ਜਿਸ ਵਿਚ ਉਸ ਨੇ ਆਪਣੀ ਸਜ਼ਾ ਨੂੰ ਚੁਣੌਤੀ ਦਿੱਤੀ ਹੈ। ਅਦਾਲਤ ਨੂੰ ਦੱਸਿਆ ਗਿਆ ਕਿ ਦੋਸ਼ੀ ਪਹਿਲਾਂ ਹੀ ਸੱਤ ਸਾਲ ਤੋਂ ਵੱਧ ਸਮਾਂ ਜੇਲ੍ਹ ਵਿਚ ਕੱਟ ਚੁੱਕਾ ਹੈ। 80 ਸਾਲਾ ਸੱਜਣ ਕੁਮਾਰ 31 ਦਸੰਬਰ, 2018 ਤੋਂ ਜੇਲ੍ਹ ਵਿਚ ਹੈ, ਜਦੋਂ ਉਸ ਨੇ ਦਿੱਲੀ ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਆਤਮ ਸਮਰਪਣ ਕੀਤਾ ਸੀ। ਇਹ ਮਾਮਲਾ ਦੱਖਣੀ-ਪੱਛਮੀ ਦਿੱਲੀ ਦੀ ਪਾਲਮ ਕਾਲੋਨੀ ਦੇ ਨਗਰ ਪਾਰਟ-1 ਇਲਾਕੇ ਨਾਲ ਸਬੰਧਤ ਹੈ, ਜਿੱਥੇ 1-2 ਨਵੰਬਰ 1984 ਨੂੰ ਪੰਜ ਸਿੱਖਾਂ ਦਾ ਕਤਲ ਕਰ ਦਿੱਤਾ ਗਿਆ ਸੀ ਅਤੇ ਰਾਜ ਨਗਰ ਪਾਰਟ-2 ਵਿਚ ਇੱਕ ਗੁਰਦੁਆਰਾ ਸਾਹਿਬ ਨੂੰ ਅੱਗ ਲਗਾ ਦਿੱਤੀ ਗਈ ਸੀ। ਦੱਸਣਯੋਗ ਹੈ ਕਿ ਦਿੱਲੀ ਹਾਈ ਕੋਰਟ ਨੇ ਹੇਠਲੀ ਅਦਾਲਤ ਵੱਲੋਂ ਸੱਜਣ ਕੁਮਾਰ ਨੂੰ ਬਰੀ ਕਰਨ ਦੇ ਫੈਸਲੇ ਨੂੰ ਉਲਟਾਉਂਦੇ ਹੋਏ ਉਸ ਨੂੰ ਦੋਸ਼ੀ ਕਰਾਰ ਦਿੱਤਾ ਸੀ। ਇਸ ਤੋਂ ਇਲਾਵਾ, 25 ਫਰਵਰੀ 2025 ਨੂੰ ਦਿੱਲੀ ਦੀ ਇੱਕ ਹੋਰ ਅਦਾਲਤ ਨੇ ਸਰਸਵਤੀ ਵਿਹਾਰ ਇਲਾਕੇ ਵਿਚ ਪਿਓ-ਪੁੱਤ ਦੇ ਕਤਲ ਦੇ ਮਾਮਲੇ ਵਿਚ ਵੀ ਉਸ ਨੂੰ ਉਮਰ ਕੈਦ ਦੀ ਸਜ਼ਾ ਸੁਣਾਈ ਸੀ।

# ਈਰਾਨ ਦੇ ਸਮਰਥਨ 'ਚ ਆਇਆ ਰੂਸ!



**ਦੁਬਈ, (ਪੰਜਾਬ ਮੇਲ)-** ਈਰਾਨ ਦੇ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਰੂਸ ਦੌਰੇ ਦੌਰਾਨ ਮਾਸਕੋ ਪਹੁੰਚੇ ਹਨ। ਅਰਾਘਚੀ ਦੇ ਦੌਰੇ ਦੌਰਾਨ ਰੂਸ ਨੇ ਇੱਕ ਮਹੱਤਵਪੂਰਨ ਬਿਆਨ ਜਾਰੀ ਕੀਤਾ ਹੈ। ਰੂਸ ਨੇ ਕਿਹਾ ਹੈ ਕਿ ਈਰਾਨ ਨੂੰ ਫੌਜੀ ਤਾਕਤ ਦਾ ਡਰ ਦਿਖਾ ਕੇ ਡਰਾਇਆ ਨਹੀਂ ਜਾ ਸਕਦਾ। ਵਿਆਨਾ ਵਿਚ ਇੱਕ ਅੰਤਰਰਾਸ਼ਟਰੀ ਸੰਗਠਨ ਵਿਚ ਰੂਸ ਦੇ ਪ੍ਰਤੀਨਿਧੀ ਮਿਖਾਇਲ ਉਲਿਆਨੋਵ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਸਾਂਝੀ ਕੀਤੀ ਇੱਕ ਪੋਸਟ ਵਿਚ ਲਿਖਿਆ, "ਫੌਜੀ ਤਾਇਨਾਤੀ ਅਤੇ ਸਖ਼ਤ ਪਾਬੰਦੀਆਂ ਦੀਆਂ ਧਮਕੀਆਂ ਬਲੈਕਮੇਲਿੰਗ ਹਨ, ਪਰ ਇਹ ਰਣਨੀਤੀਆਂ ਈਰਾਨ 'ਤੇ ਕੰਮ ਨਹੀਂ ਕਰਨਗੀਆਂ।" ਰੂਸੀ ਡਿਪਲੋਮੈਟ ਨੇ ਕਿਹਾ ਕਿ ਅਮਰੀਕਾ ਨੂੰ ਸਮਝੌਤੇ 'ਤੇ ਆਪਣਾ ਰੁਖ਼ ਨਰਮ ਕਰਨਾ ਚਾਹੀਦਾ ਹੈ।

ਦੂਜੇ ਪਾਸੇ ਈਰਾਨੀ ਵਿਦੇਸ਼ ਮੰਤਰੀ ਅੱਬਾਸ ਅਰਾਘਚੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਰੂਸ ਫੇਰੀ ਨੇ ਉਨ੍ਹਾਂ ਨੂੰ ਇਜ਼ਰਾਈਲ ਅਤੇ ਅਮਰੀਕਾ ਨਾਲ ਜੰਗ ਤੋਂ ਬਾਅਦ ਮਾਸਕੋ ਨਾਲ ਤਾਲਮੇਲ ਕਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਅਰਾਘਚੀ ਨੇ ਇਹ ਟਿੱਪਣੀਆਂ ਸਰਕਾਰੀ ਸਮਾਚਾਰ ਏਜੰਸੀ ਇਰਨਾ ਦੁਆਰਾ ਜਾਰੀ ਇੱਕ ਇੰਟਰਵਿਊ ਵਿਚ ਕੀਤੀਆਂ। ਉਨ੍ਹਾਂ ਕਿਹਾ, "ਇਹ ਸਾਡੇ ਲਈ ਇਸ ਸਮੇਂ ਦੌਰਾਨ ਜੰਗ ਨਾਲ ਸਬੰਧਤ ਘਟਨਾਕ੍ਰਮਾਂ ਬਾਰੇ ਆਪਣੇ ਰੂਸੀ ਦੋਸਤਾਂ ਨਾਲ ਸਲਾਹ-ਮਸ਼ਵਰਾ ਕਰਨ ਦਾ ਇੱਕ ਚੰਗਾ ਮੌਕਾ ਹੈ।" ਅਰਾਘਚੀ ਨੇ ਕਿਹਾ ਕਿ ਅਮਰੀਕਾ ਦੇ ਰਵੱਈਏ ਨੇ ਇਸਲਾਮਾਬਾਦ ਵਿਚ ਗੱਲਬਾਤ ਵਿਚ ਦੇਰੀ ਕੀਤੀ ਸੀ। ਉਨ੍ਹਾਂ ਕਿਹਾ, "ਪਿਛਲੀਆਂ ਗੱਲਬਾਤਾਂ, ਤਰੱਕੀ ਦੇ ਬਾਵਜੂਦ, ਆਪਣੇ ਟੀਚਿਆਂ ਨੂੰ ਪ੍ਰਾਪਤ ਨਹੀਂ ਕਰ ਸਕੀਆਂ।" ਉਨ੍ਹਾਂ ਇਸ ਲਈ ਅਮਰੀਕਾ ਦੀਆਂ "ਜ਼ਿਆਦਾ ਮੰਗਾਂ" ਨੂੰ ਜ਼ਿੰਮੇਵਾਰ ਠਹਿਰਾਇਆ।




# ਆਰ.ਈ.ਐੱਲ.ਓ.ਐੱਸ. ਸਮਝੌਤੇ ਤਹਿਤ ਭਾਰਤ 'ਚ ਤਾਇਨਾਤ ਹੋਣਗੇ 3000 ਰੂਸੀ ਫੌਜੀ!

**ਨਵੀਂ ਦਿੱਲੀ, (ਪੰਜਾਬ ਮੇਲ)-** ਕੀ ਜਲਦੀ ਹੀ ਭਾਰਤ ਦੀ ਜ਼ਮੀਨ 'ਤੇ ਰੂਸ ਦੇ ਫੌਜੀ ਅਤੇ ਜੰਗੀ ਬੇੜੇ ਨਜ਼ਰ ਆਉਣਗੇ? ਦੋਵਾਂ ਦੇਸ਼ਾਂ ਵਿਚਾਲੇ ਲਾਗੂ ਹੋਇਆ ਨਵਾਂ ਰੈਸੀਪ੍ਰੋਕਲ ਐਕਸਚੇਂਜ ਆਫ ਲਾਜਿਸਟਿਕਸ ਸੁਪੋਰਟ (ਆਰ.ਈ.ਐੱਲ.ਓ.ਐੱਸ.) ਰੱਖਿਆ ਸਮਝੌਤਾ ਇਸੇ ਸਵਾਲ ਨੂੰ ਲੈ ਕੇ ਚਰਚਾ ਵਿਚ ਹੈ। ਇਹ ਡੀਲ ਨਾ ਸਿਰਫ਼ ਫੌਜੀ ਸਹਿਯੋਗ ਨੂੰ ਨਵੀਂ ਦਿਸ਼ਾ ਦਿੰਦੀ ਹੈ, ਸਗੋਂ ਪਹਿਲੀ ਵਾਰ ਭਾਰਤ ਨੇ ਕਿਸੇ ਵਿਦੇਸ਼ੀ ਫੌਜ ਨੂੰ ਸੀਮਤ ਤਾਇਨਾਤੀ ਦੀ ਇਜਾਜ਼ਤ ਦੇ ਕੇ ਆਪਣੀ ਰਣਨੀਤਕ ਨੀਤੀ ਵਿਚ ਵੱਡਾ ਬਦਲਾਅ ਕੀਤਾ ਹੈ। ਆਰ.ਈ.ਐੱਲ.ਓ.ਐੱਸ. ਸਮਝੌਤੇ ਤਹਿਤ ਦੋਵੇਂ ਦੇਸ਼ ਇਕ-ਦੂਜੇ ਦੀ ਜ਼ਮੀਨ 'ਤੇ ਵੱਧ ਤੋਂ ਵੱਧ 3000 ਫੌਜੀ, 5 ਜੰਗੀ ਬੇੜੇ ਅਤੇ 10 ਫੌਜੀ ਜਹਾਜ਼ ਤਾਇਨਾਤ ਕਰ ਸਕਦੇ ਹਨ।

ਇਹ 'ਰੈਸੀਪ੍ਰੋਕਲ ਐਕਸਚੇਂਜ ਆਫ ਲਾਜਿਸਟਿਕਸ ਸੁਪੋਰਟ' ਭਾਵ ਕਿ ਲਾਜਿਸਟਿਕ ਸਹਿਯੋਗ ਸਮਝੌਤਾ ਹੈ, ਜਿਸ ਦੇ ਤਹਿਤ ਦੋਵੇਂ ਦੇਸ਼ ਇਕ-ਦੂਜੇ ਦੇ ਫੌਜੀ ਟਿਕਾਣਿਆਂ, ਬੰਦਰਗਾਹਾਂ ਅਤੇ ਏਅਰਬੇਸ ਦੀ ਵਰਤੋਂ ਕਰ ਸਕਦੇ ਹਨ। ਇਸ ਵਿਚ ਈਂਧਨ, ਮੁਰੰਮਤ, ਤਕਨੀਕੀ ਸਹਾਇਤਾ, ਭੋਜਨ ਅਤੇ ਹੋਰ ਫੌਜੀ ਲੋੜਾਂ ਦੀ ਸਹੂਲਤ ਸ਼ਾਮਲ ਹੈ, ਤਾਂ ਜੋ ਲੰਬੀ ਦੂਰੀ ਦੇ ਫੌਜੀ ਅਭਿਆਨਾਂ ਨੂੰ ਆਸਾਨ ਬਣਾਇਆ ਜਾ ਸਕੇ। ਹਾਲਾਂਕਿ ਇਹ ਸਥਾਈ ਤਾਇਨਾਤੀ ਨਹੀਂ ਹੋਵੇਗੀ, ਸਗੋਂ ਲੋੜ, ਅਭਿਆਸ ਜਾਂ ਵਿਸ਼ੇਸ਼ ਆਪ੍ਰੇਸ਼ਨ ਦੌਰਾਨ ਆਰਜ਼ੀ ਮੌਜੂਦਗੀ ਦੀ ਇਜਾਜ਼ਤ ਹੋਵੇਗੀ। ਇਸ ਦਾ ਮਤਲਬ ਇਹ ਹੈ ਕਿ ਭਵਿੱਖ ਵਿਚ ਸਾਂਝੇ ਫੌਜੀ ਅਭਿਆਸਾਂ, ਆਫ਼ਤ ਰਾਹਤ ਜਾਂ ਰਣਨੀਤਕ ਮਿਸ਼ਨਾਂ ਦੌਰਾਨ ਭਾਰਤ ਵਿਚ ਰੂਸੀ ਫੌਜੀ ਅਤੇ ਜਹਾਜ਼ ਦਿਖਾਈ ਦੇ ਸਕਦੇ ਹਨ ਪਰ ਇਹ ਸਥਾਈ ਬੇਸ ਦੀ ਤਰ੍ਹਾਂ ਨਹੀਂ ਹੋਵੇਗਾ।

ਯੂਕ੍ਰੇਨ ਜੰਗ ਅਤੇ ਪੱਛਮੀ ਪਾਬੰਦੀਆਂ ਦੇ ਵਿਚਕਾਰ ਇਹ ਸਮਝੌਤਾ ਰੂਸ ਲਈ ਬਹੁਤ ਮਹੱਤਵਪੂਰਨ ਸਾਬਤ ਹੋ ਸਕਦਾ ਹੈ। ਇਸ ਨਾਲ ਰੂਸ ਨੂੰ ਹਿੰਦ ਮਹਾਸਾਗਰ ਖੇਤਰ ਵਿਚ ਆਪਣੀ ਮੌਜੂਦਗੀ ਮਜ਼ਬੂਤ ਕਰਨ ਦਾ ਮੌਕਾ ਮਿਲੇਗਾ, ਜਿੱਥੇ ਉਸ ਦੀ ਹੁਣ ਤੱਕ ਸਿੱਧੀ ਫੌਜੀ ਪਹੁੰਚ ਸੀਮਤ ਰਹੀ ਹੈ। ਇਸ ਡੀਲ ਰਾਹੀਂ ਰੂਸ ਆਪਣੇ ਜਹਾਜ਼ਾਂ ਅਤੇ ਜੰਗੀ ਜਹਾਜ਼ਾਂ ਨੂੰ ਲੰਬੇ ਸਮੇਂ ਤੱਕ ਤਾਇਨਾਤ ਰੱਖ ਸਕੇਗਾ ਅਤੇ ਵਿਸ਼ਵ ਪੱਧਰ 'ਤੇ ਆਪਣੀ ਫੌਜੀ ਪਹੁੰਚ ਦਾ ਵਿਸਥਾਰ ਕਰ ਸਕੇਗਾ। ਇਸ ਦੇ ਨਾਲ ਹੀ, ਇਹ ਸਮਝੌਤਾ ਇਹ ਸੰਕੇਤ ਵੀ ਦਿੰਦਾ ਹੈ ਕਿ ਰੂਸ ਕੋਲ ਅਜੇ ਵੀ ਏਸ਼ੀਆ ਵਿਚ ਮਜ਼ਬੂਤ ਭਾਈਵਾਲ ਮੌਜੂਦ ਹਨ।

ਭਾਰਤ ਲਈ ਇਹ ਸਮਝੌਤਾ ਰਣਨੀਤਕ ਅਤੇ ਕੂਟਨੀਤਕ ਦੋਵਾਂ ਪੱਧਰਾਂ 'ਤੇ ਫਾਇਦੇਮੰਦ ਹੈ। ਇਸ ਨਾਲ ਭਾਰਤ ਨੂੰ ਰੂਸ ਦੇ ਆਰਕਟਿਕ ਅਤੇ ਪੂਰਬੀ ਖੇਤਰਾਂ ਵਿਚ ਸਥਿਤ ਫੌਜੀ ਟਿਕਾਣਿਆਂ ਤੱਕ ਪਹੁੰਚ ਮਿਲੇਗੀ, ਜੋ ਵਪਾਰ ਅਤੇ ਸੁਰੱਖਿਆ ਦੋਵਾਂ ਪੱਖਾਂ ਤੋਂ ਮਹੱਤਵਪੂਰਨ ਹਨ। ਇਸ ਤੋਂ ਇਲਾਵਾ, ਇਹ ਸਮਝੌਤਾ ਭਾਰਤ ਨੂੰ ਪੱਛਮੀ ਦੇਸ਼ਾਂ 'ਤੇ ਨਿਰਭਰਤਾ ਘਟਾਉਣ ਅਤੇ ਆਪਣੇ ਬਦਲਾਂ ਨੂੰ ਵੱਖ-ਵੱਖ ਬਣਾਉਣ ਦਾ ਮੌਕਾ ਦਿੰਦਾ ਹੈ। ਚੀਨ ਦੇ ਵਧਦੇ ਪ੍ਰਭਾਵ ਨੂੰ ਸੰਤੁਲਿਤ ਕਰਨ ਦੇ ਪੱਖ ਤੋਂ ਵੀ ਇਹ ਕਦਮ ਅਹਿਮ ਮੰਨਿਆ ਜਾ ਰਿਹਾ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਇਹ ਸਮਝੌਤਾ ਸਿੱਧੇ ਤੌਰ 'ਤੇ ਸੰਯੁਕਤ ਰਾਜ ਅਮਰੀਕਾ ਦੇ ਖਿਲਾਫ਼ ਨਹੀਂ ਹੈ ਪਰ ਇਹ ਇਕ ਸਪੱਸ਼ਟ ਸੰਦੇਸ਼ ਜ਼ਰੂਰ ਦਿੰਦਾ ਹੈ ਕਿ ਭਾਰਤ ਆਪਣੀ ਰਣਨੀਤਕ ਆਜ਼ਾਦੀ ਨੂੰ ਪਹਿਲ ਦਿੰਦਾ ਹੈ। ਖਾਸ ਕਰ ਕੇ ਡੋਨਾਲਡ ਟਰੰਪ ਦੇ ਕਾਰਜਕਾਲ ਵਿਚ ਵਪਾਰਕ ਦਬਾਅ ਅਤੇ ਟੈਰਿਫ ਵਧਣ ਤੋਂ ਬਾਅਦ ਭਾਰਤ ਨੇ ਇਹ ਦਿਖਾਇਆ ਹੈ ਕਿ ਉਹ ਆਪਣੇ ਪੁਰਾਣੇ ਭਾਈਵਾਲਾਂ ਨਾਲ ਸੰਤੁਲਨ ਬਣਾਈ ਰੱਖਦੇ ਹੋਏ ਨਵੀਆਂ ਰਣਨੀਤੀਆਂ ਅਪਣਾਉਣ ਲਈ ਤਿਆਰ ਹੈ।

ਮੌਜੂਦਾ ਸਮੇਂ ਵਿਚ ਜਦੋਂ ਦੁਨੀਆਂ ਦੇ ਕਈ ਹਿੱਸਿਆਂ ਵਿਚ ਟਕਰਾਅ ਅਤੇ ਅਸਥਿਰਤਾ ਵਧ ਰਹੀ ਹੈ, ਇਹ ਸਮਝੌਤਾ ਭਾਰਤ ਅਤੇ ਰੂਸ ਵਿਚਕਾਰ ਭਰੋਸੇ ਅਤੇ ਸਹਿਯੋਗ ਦੇ ਇਕ ਮਜ਼ਬੂਤ ਪ੍ਰਤੀਕ ਵਜੋਂ ਉੱਭਰਿਆ ਹੈ।

# ਭਾਰਤ ਨੇ ਓ.ਸੀ.ਆਈ. ਫੀਸ ਅਤੇ ਨਿਯਮਾਂ 'ਚ ਕੀਤੀ ਸੋਧ

**ਨਵੀਂ ਦਿੱਲੀ, (ਪੰਜਾਬ ਮੇਲ)-**ਇਸ ਮਹੀਨੇ ਤੋਂ ਭਾਰਤ ਨੇ ਪ੍ਰਵਾਸੀ ਭਾਰਤੀ ਨਾਗਰਿਕ (ਓ.ਸੀ.ਆਈ.) ਸੇਵਾਵਾਂ ਲਈ ਫੀਸਾਂ ਅਤੇ ਨਿਯਮਾਂ 'ਚ ਸੋਧ ਕੀਤੀ ਹੈ ਅਤੇ ਇਸ ਨੂੰ ਆਵਰਜਨ ਬਿਊਰੋ ਅਤੇ ਵਿਦੇਸ਼ਾਂ 'ਚ ਸਥਿਤ ਭਾਰਤੀ ਦੂਤਾਵਾਸਾਂ ਦੇ ਜ਼ਰੀਏ ਲਾਗੂ ਕੀਤਾ ਹੈ। ਸੋਧ ਅਨੁਸਾਰ ਭਾਰਤ ਵਿਚ ਦਾਖਲ ਕੀਤੀਆਂ ਗਈਆਂ ਅਰਜ਼ੀਆਂ ਅਤੇ ਵਿਦੇਸ਼ਾਂ ਵਿਚ ਜਮ੍ਹਾਂ ਕੀਤੀਆਂ ਗਈਆਂ ਅਰਜ਼ੀਆਂ ਵਿਚਕਾਰ ਫਰਕ ਕੀਤਾ ਗਿਆ ਹੈ। ਵਿਦੇਸ਼ ਵਿਚ ਨਵੀਂ ਓ.ਸੀ.ਆਈ. ਅਰਜ਼ੀ ਦੀ ਕੀਮਤ 275 ਡਾਲਰ ਹੈ, ਜਦਕਿ ਭਾਰਤ ਵਿਚ ਇਹ ਲਗਭਗ 180 ਡਾਲਰ (15,000 ਰੁਪਏ) ਹੈ।



ਕਾਰਡਧਾਰਕ ਦੇ 20 ਸਾਲ ਦਾ ਹੋਣ ਜਾਂ ਨਿੱਜੀ ਵੇਰਵੇ ਅਪਡੇਟ ਕਰਨ ਲਈ ਜ਼ਰੂਰੀ ਸੇਵਾਵਾਂ ਸਮੇਤ, ਮੁੜ ਜਾਰੀ ਕਰਨ ਦੀਆਂ ਸੇਵਾਵਾਂ ਦੀ ਲਾਗਤ ਵਿਦੇਸ਼ਾਂ ਵਿਚ 25 ਡਾਲਰ ਅਤੇ ਭਾਰਤ ਵਿਚ ਲਗਭਗ 17 ਡਾਲਰ (1,400 ਰੁਪਏ) ਹੈ। ਗੁੰਮ ਹੋਏ ਜਾਂ ਨੁਕਸਾਨੇ ਗਏ ਓ.ਸੀ.ਆਈ. ਕਾਰਡ ਲਈ ਫੀਸ ਵਿਦੇਸ਼ਾਂ ਵਿਚ 100 ਡਾਲਰ ਅਤੇ ਭਾਰਤ ਵਿਚ ਲਗਭਗ 112 ਡਾਲਰ (9,386 ਰੁਪਏ) ਹੈ। ਓ.ਸੀ.ਆਈ. ਸਥਿਤੀ ਦਾ ਤਿਆਗ ਕਰਨ ਦੀ ਲਾਗਤ ਵਿਦੇਸ਼ਾਂ ਵਿਚ 25 ਡਾਲਰ ਅਤੇ ਭਾਰਤ ਵਿਚ ਲਗਭਗ 17 ਡਾਲਰ ਨਿਰਧਾਰਤ ਹੈ।

ਇਹ ਧਿਆਨ ਦੇਣ ਯੋਗ ਹੈ ਕਿ ਭਾਰਤ ਦੇ ਬਾਹਰ ਅਰਜ਼ੀ ਦੇਣ ਵਾਲੇ ਅਰਜ਼ੀਕਾਰਾਂ ਨੂੰ ਵੀ.ਐੱਫ.ਐੱਸ. ਗਲੋਬਲ ਅਤੇ ਬੀ.ਐੱਲ.ਐੱਸ. ਇੰਟਰਨੈਸ਼ਨਲ ਵਰਗੀ ਆਊਟ ਸੋਰਸਿੰਗ ਏਜੰਸੀਆਂ ਤੋਂ ਵਾਧੂ ਸੇਵਾ ਫੀਸ ਅਤੇ ਭਾਰਤੀ ਕਮਿਊਨਿਟੀ ਕਲਿਆਣ ਫੰਡ (ਆਈ.ਸੀ.ਡਬਲਯੂ.ਐੱਫ.) ਫੀਸ ਦਾ ਭੁਗਤਾਨ ਕਰਨਾ ਜਾਰੀ ਰੱਖਣਾ ਪਵੇਗਾ।

# ਯੂ.ਏ.ਈ. ਵੱਲੋਂ ਤੇਲ ਉਤਪਾਦਕ ਦੇਸ਼ਾਂ ਦਾ ਸਮੂਹ 'ਓਪੇਕ' ਛੱਡਣ ਦਾ ਐਲਾਨ!

**ਯੂ.ਏ.ਈ., (ਪੰਜਾਬ ਮੇਲ)-** ਤੇਲ ਉਤਪਾਦਕ ਦੇਸ਼ਾਂ ਦੇ ਸੰਗਠਨ ਵਿਚ ਵੱਡੀ ਹਲਚਲ ਦੇਖਣ ਨੂੰ ਮਿਲੀ ਹੈ। ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) ਨੇ ਅਧਿਕਾਰਤ ਤੌਰ 'ਤੇ ਐਲਾਨ ਕੀਤਾ ਹੈ ਕਿ ਉਹ ਤੇਲ ਉਤਪਾਦਕ ਦੇਸ਼ਾਂ ਦੇ ਸਮੂਹ ਓਪੇਕ ਤੇ ਓਪੇਕ+ ਤੋਂ ਬਾਹਰ ਹੋ ਰਿਹਾ ਹੈ। ਯੂ.ਏ.ਈ. ਦੀ ਸਰਕਾਰੀ ਸਮਾਚਾਰ ਏਜੰਸੀ ਮੁਤਾਬਕ, ਦੇਸ਼ 1 ਮਈ 2026 ਤੋਂ ਇਸ ਸੰਗਠਨ ਦੀ ਮੈਂਬਰਸ਼ਿਪ ਛੱਡ ਦੇਵੇਗਾ।

ਯੂ.ਏ.ਈ. ਦੇ ਊਰਜਾ ਮੰਤਰੀ ਨੇ ਦੱਸਿਆ ਕਿ ਇਹ ਫੈਸਲਾ ਊਰਜਾ ਖੇਤਰ, ਪੈਟਰੋਲੀਅਮ ਸੈਕਟਰ ਅਤੇ ਹੋਰ ਰਣਨੀਤੀਆਂ ਦੀ ਬਾਰੀਕੀ ਨਾਲ ਸਮੀਖਿਆ ਕਰਨ ਤੋਂ ਬਾਅਦ ਲਿਆ ਗਿਆ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿਚ ਦੁਨੀਆਂ ਨੂੰ ਵਧੇਰੇ

**■ ਦੁਨੀਆਂ ਦੇ 10 ਸਭ ਤੋਂ ਭੁੱਖਮਰੀ ਵਾਲੇ ਦੇਸ਼ਾਂ 'ਚ ਸ਼ਾਮਲ ਪਾਕਿਸਤਾਨ**

ਊਰਜਾ ਦੀ ਲੋੜ ਪਵੇਗੀ ਅਤੇ ਮੰਗ ਵਿਚ ਵਾਧਾ ਹੋਵੇਗਾ, ਜਿਸ ਕਾਰਨ ਯੂ.ਏ.ਈ. ਨੇ ਮਹਿਸੂਸ ਕੀਤਾ ਕਿ ਇਹ ਨੀਤੀਗਤ ਫੈਸਲਾ ਲੈਣ ਦਾ ਸਹੀ ਸਮਾਂ ਹੈ।

ਊਰਜਾ ਮੰਤਰੀ ਅਨੁਸਾਰ, ਹੋਰਮੁਜ਼ ਸਟ੍ਰੇਟ ਵਿਚ ਚੱਲ ਰਹੀਆਂ ਰੁਕਾਵਟਾਂ ਕਾਰਨ ਤੇਲ ਬਾਜ਼ਾਰ ਪਹਿਲਾਂ ਹੀ ਅਸਥਿਰ ਹੈ। ਦੱਸ ਦੇਈਏ ਕਿ ਇਹ ਰਸਤਾ ਦੁਨੀਆਂ ਦੇ ਲਗਭਗ ਪੰਜਵੇਂ ਹਿੱਸੇ ਦੇ ਕੱਚੇ ਤੇਲ ਅਤੇ ਐੱਲ.ਐੱਨ.ਜੀ. ਲਈ ਬੇਹੱਦ ਮਹੱਤਵਪੂਰਨ ਹੈ, ਪਰ ਇਰਾਨ ਦੀਆਂ ਧਮਕੀਆਂ ਅਤੇ ਜਹਾਜ਼ਾਂ 'ਤੇ ਹਮਲਿਆਂ ਕਾਰਨ ਇੱਥੇ ਸਥਿਤੀ ਤਣਾਅਪੂਰਨ ਬਣੀ ਹੋਈ ਹੈ।

ਮਾਹਿਰਾਂ ਦਾ ਮੰਨਣਾ ਹੈ ਕਿ ਯੂ.ਏ.ਈ. ਦਾ ਇਹ ਕਦਮ ਓਪੇਕ ਦੇ ਅਸਲੀ ਨੇਤਾ ਸਾਊਦੀ ਅਰਬ ਲਈ ਇੱਕ ਵੱਡਾ ਝਟਕਾ ਹੈ। ਇਸ ਦੇ ਨਾਲ ਹੀ, ਇਸ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਇੱਕ ਵੱਡੀ ਜਿੱਤ ਵਜੋਂ ਦੇਖਿਆ ਜਾ ਰਿਹਾ ਹੈ, ਜੋ ਲੰਬੇ ਸਮੇਂ ਤੋਂ ਓਪੇਕ 'ਤੇ ਤੇਲ ਦੀਆਂ ਕੀਮਤਾਂ ਵਧਾ ਕੇ ਦੁਨੀਆਂ ਦਾ ਸ਼ੋਸ਼ਣ ਕਰਨ ਦੇ ਦੋਸ਼ ਲਗਾਉਂਦੇ ਰਹੇ ਹਨ। ਯੂ.ਏ.ਈ. ਹਾਲ ਹੀ ਦੇ ਦਿਨਾਂ ਵਿਚ ਹੋਰ ਅਰਬ ਦੇਸ਼ਾਂ ਦੀ ਇਸ ਗੱਲੋਂ ਵੀ ਆਲੋਚਨਾ ਕਰਦਾ ਰਿਹਾ ਹੈ ਕਿ ਇਰਾਨੀ ਹਮਲਿਆਂ ਦੌਰਾਨ ਉਨ੍ਹਾਂ ਨੇ ਯੂ.ਏ.ਈ. ਦੀ ਸੁਰੱਖਿਆ ਲਈ ਲੋੜੀਂਦੇ ਕਦਮ ਨਹੀਂ ਚੁੱਕੇ। ਯੂ.ਏ.ਈ. ਦੇ ਕੂਟਨੀਤਕ ਸਲਾਹਕਾਰ ਅਨਵਰ ਗਰਗਾਸ਼ ਨੇ ਕਿਹਾ ਕਿ ਗਲਫ ਕੋਆਪਰੇਸ਼ਨ ਕੌਂਸਲ (ਜੀ.ਸੀ.ਸੀ.) ਦੇ ਦੇਸ਼ਾਂ ਦਾ ਸਿਆਸੀ ਅਤੇ ਫੌਜੀ ਰੁਖ ਇਤਿਹਾਸਕ ਤੌਰ 'ਤੇ


ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ




e-Baba Entertainment App ਨੂੰ Download ਕਰ।

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣ, also eBaba Entertainment App available for your ਸਮਾਰਟ phone on app store and Play store.



Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।



ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com


# ਨਾਰਵੇ 'ਚ ਬੱਚਿਆਂ ਲਈ ਸੋਸ਼ਲ ਮੀਡੀਆ 'ਤੇ ਪਾਬੰਦੀ ਦੀ ਤਿਆਰੀ!

**ਓਸਲੋ, (ਪੰਜਾਬ ਮੇਲ)-** ਨਾਰਵੇ ਸਰਕਾਰ ਨੇ ਇੱਕ ਇਤਿਹਾਸਕ ਫ਼ੈਸਲਾ ਲੈਂਦਿਆਂ ਐਲਾਨ ਕੀਤਾ ਹੈ ਕਿ ਉਹ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਲਈ ਸੋਸ਼ਲ ਮੀਡੀਆ ਦੀ ਵਰਤੋਂ 'ਤੇ ਮੁਕੰਮਲ ਪਾਬੰਦੀ ਲਗਾਉਣ ਲਈ ਨਵਾਂ ਕਾਨੂੰਨ ਪੇਸ਼ ਕਰੇਗੀ। ਇਸ ਪ੍ਰਸਤਾਵਿਤ ਕਾਨੂੰਨ ਤਹਿਤ ਹੁਣ ਤਕਨੀਕੀ ਕੰਪਨੀਆਂ ਦੀ ਇਹ ਸਿੱਧੀ ਜ਼ਿੰਮੇਵਾਰੀ ਹੋਵੇਗੀ ਕਿ ਉਹ ਆਪਣੇ ਪਲੇਟਫਾਰਮਾਂ 'ਤੇ ਉਮਰ ਦੀ ਸਖ਼ਤੀ ਨਾਲ ਪੁਸ਼ਟੀ ਕਰਨ।

ਨਾਰਵੇ ਦੇ ਪ੍ਰਧਾਨ ਮੰਤਰੀ ਜੋਨਸ ਗਹਿਰ ਸਟੋਰ ਨੇ ਇੱਕ ਅਧਿਕਾਰਤ ਬਿਆਨ ਜਾਰੀ ਕਰਦਿਆਂ ਕਿਹਾ, "ਅਸੀਂ ਇਹ ਕਾਨੂੰਨ ਇਸ ਲਈ ਲਿਆ ਰਹੇ ਹਾਂ ਕਿਉਂਕਿ ਅਸੀਂ ਅਜਿਹਾ ਬਚਪਨ ਚਾਹੁੰਦੇ ਹਾਂ, ਜਿੱਥੇ ਬੱਚੇ ਸੱਚਮੁੱਚ ਬੱਚੇ ਬਣ ਕੇ ਰਹਿ ਸਕਣ। ਬੱਚਿਆਂ ਦੀ ਖੇਡ, ਦੋਸਤੀ ਅਤੇ ਰੋਜ਼ਾਨਾ ਦੀ ਜ਼ਿੰਦਗੀ ਨੂੰ ਅਲਗੋਰਿਦਮ ਅਤੇ ਸਕ੍ਰੀਨਾਂ ਦੁਆਰਾ ਹੜੱਪਣ ਨਹੀਂ ਦਿੱਤਾ ਜਾ ਸਕਦਾ।"

ਉਨ੍ਹਾਂ ਅੱਗੇ ਕਿਹਾ ਕਿ ਬੱਚਿਆਂ

**■ ਬੱਚਿਆਂ ਦੇ ਡਿਜੀਟਲ ਭਵਿੱਖ ਲਈ ਨਾਰਵੇ ਸਰਕਾਰ ਦਾ ਵੱਡਾ ਕਦਮ**




ਦੇ ਡਿਜੀਟਲ ਜੀਵਨ ਨੂੰ ਸੁਰੱਖਿਅਤ ਬਣਾਉਣ ਲਈ ਇਹ ਇੱਕ ਬੇਹੱਦ ਜ਼ਰੂਰੀ ਕਦਮ ਹੈ। ਲੇਬਰ ਪਾਰਟੀ ਦੀ ਅਗਵਾਈ ਵਾਲੀ ਇਸ ਘੱਟ ਗਿਣਤੀ ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਇਸ ਸਬੰਧੀ ਬਿੱਲ 2026 ਦੇ ਅੰਤ ਤੱਕ ਸੰਸਦ ਵਿਚ ਪੇਸ਼ ਕਰ ਦਿੱਤਾ ਜਾਵੇਗਾ। ਇਸ ਕਦਮ ਨੂੰ ਦੁਨੀਆਂ ਭਰ ਵਿਚ ਬੱਚਿਆਂ ਦੇ ਮਾਨਸਿਕ ਸਿਹਤ 'ਤੇ ਸੋਸ਼ਲ ਮੀਡੀਆ ਦੇ ਮਾੜੇ ਪ੍ਰਭਾਵਾਂ ਨੂੰ ਰੋਕਣ ਲਈ ਚੁੱਕੇ ਗਏ ਸਭ ਤੋਂ ਸਖ਼ਤ ਕਦਮਾਂ ਵਿਚੋਂ ਇੱਕ ਮੰਨਿਆ ਜਾ ਰਿਹਾ ਹੈ।

# 1986 'ਚ ਪਤਨੀ ਦਾ ਕਤਲ ਕਰ ਕੇ ਫਰਾਰ ਹੋਇਆ ਪਤੀ 40 ਸਾਲਾਂ ਬਾਅਦ ਗ੍ਰਿਫ਼ਤਾਰ!

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਪੁਲਿਸ ਨੇ 1986 'ਚ ਆਪਣੀ ਪਤਨੀ ਦਾ ਕਤਲ ਕਰਨ ਤੋਂ ਬਾਅਦ 40 ਸਾਲਾਂ ਤੋਂ ਫਰਾਰ 82 ਸਾਲਾ ਦੋਸ਼ੀ ਨੂੰ ਗ੍ਰਿਫ਼ਤਾਰ ਕੀਤਾ ਹੈ। ਇਕ ਪੁਲਿਸ ਅਧਿਕਾਰੀ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਦੋਸ਼ੀ ਚੰਦਰ ਸ਼ੇਖਰ ਪ੍ਰਸਾਦ ਨੂੰ ਬਾਹਰੀ ਉੱਤਰੀ ਦਿੱਲੀ ਦੇ ਨਾਂਗਲੀ ਪੂਨਾ 'ਚ ਇਕ ਫੈਕਟਰੀ ਦੇ ਗੋਦਾਮ ਤੋਂ ਗ੍ਰਿਫ਼ਤਾਰ ਕੀਤਾ ਗਿਆ, ਜਿੱਥੇ ਉਹ ਝੂਠੀ ਪਛਾਣ ਨਾਲ ਰਹਿ ਰਿਹਾ ਸੀ। ਉਹ ਮੂਲ ਰੂਪ 'ਚ ਬਿਹਾਰ ਦੇ ਨਾਲੰਦਾ ਦਾ ਰਹਿਣ ਵਾਲਾ ਹੈ। ਇਹ ਮਾਮਲਾ 19 ਅਕਤੂਬਰ, 1986 ਦਾ ਹੈ। ਉਸ ਸਮੇਂ ਕਰੀਬ 40 ਸਾਲ ਦੇ ਪ੍ਰਸਾਦ ਨੇ ਪੂਰਬੀ ਦਿੱਲੀ ਦੇ ਸ਼ਕਰਪੁਰ ਸਥਿਤ ਆਪਣੇ ਘਰ ਆਪਣੀ ਪਤਨੀ ਦਾ ਚਰਿੱਤਰ 'ਤੇ ਸ਼ੱਕ ਕਰਦੇ ਹੋਏ ਕਤਲ ਕਰ ਦਿੱਤਾ ਸੀ।

ਅਧਿਕਾਰੀਆਂ ਨੇ ਕਿਹਾ, "ਉਸ ਨੇ ਅਤੇ ਉਸ ਦੇ ਸਾਥੀਆਂ ਨੇ ਹਾਦਸੇ ਵਾਲੀ ਜਗ੍ਹਾ ਤੋਂ ਦੌੜਣ ਤੋਂ ਪਹਿਲਾਂ ਇਕ ਘਰੇਲੂ ਨੌਕਰਾਣੀ ਨੂੰ ਬੰਦੂਕ ਦਿਖਾ ਕੇ ਬੰਧਕ ਬਣਾ ਲਿਆ ਸੀ।" ਸ਼ਕਰਪੁਰ ਥਾਣੇ 'ਚ ਭਾਰਤੀ ਦੰਡ ਸੰਹਿਤਾ ਦੀ ਧਾਰਾ 302 (ਕਤਲ) ਅਤੇ 34 (ਸਾਂਝੇ ਇਰਾਦੇ ਨਾਲ ਕੀਤਾ ਗਿਆ ਅਪਰਾਧ) ਦੇ ਅਧੀਨ ਐੱਫ.ਆਈ.ਆਰ. ਦਰਜ ਕੀਤੀ ਗਈ ਸੀ ਪਰ ਦੋਸ਼ੀ ਗ੍ਰਿਫ਼ਤਾਰੀ ਤੋਂ ਬਚ ਗਿਆ ਅਤੇ 1987 'ਚ ਇਕ ਅਦਾਲਤ ਨੇ ਉਸ ਨੂੰ ਭਗੌੜਾ ਐਲਾਨ ਕਰ ਦਿੱਤਾ। ਉਸ ਸਮੇਂ ਸੁਰਾਗਾਂ ਦੀ ਕਮੀ ਅਤੇ ਆਧੁਨਿਕ ਜਾਂਚ ਉਪਕਰਣਾਂ ਦੀ ਕਮੀ ਕਾਰਨ ਇਹ ਮਾਮਲਾ ਲਗਭਗ 40 ਸਾਲਾਂ ਤੱਕ ਅਣਸੁਲਝਿਆ ਰਿਹਾ।

ਪੁਲਿਸ ਨੇ ਕਿਹਾ ਕਿ ਦੋਸ਼ੀ ਦਾ ਪਤਾ ਲਗਾਉਣਾ ਕਾਫ਼ੀ ਚੁਣੌਤੀਪੂਰਨ ਸੀ, ਕਿਉਂਕਿ ਉਸ ਦੌਰ ਦੇ ਕਈ ਡਿਜੀਟਲ ਰਿਕਾਰਡ, ਤਸਵੀਰਾਂ, ਆਧਾਰ ਕਾਰਡ ਡਾਟਾ ਜਾਂ ਮੋਬਾਈਲ ਰਿਕਾਰਡ ਮੌਜੂਦ ਨਹੀਂ ਸਨ ਅਤੇ ਅਪਰਾਧ ਦੇ ਸਮੇਂ ਉਸ ਦੀ ਉਮਰ ਲਗਭਗ 40 ਸਾਲ ਸੀ, ਜੋ ਹੁਣ ਵੱਧ ਕੇ ਲਗਭਗ 82 ਸਾਲ ਹੋ ਗਈ ਹੈ। ਅਪਰਾਧ ਬਰਾਂਚ ਦੀ ਇਕ ਟੀਮ ਨੇ ਮਾਮਲੇ ਨੂੰ ਫਿਰ ਤੋਂ ਖੋਲ੍ਹਿਆ ਅਤੇ ਸੂਚਨਾ ਦੇਣ ਵਾਲਿਆਂ ਅਤੇ ਹੋਰ ਲੋਕਾਂ ਤੋਂ ਜਾਣਕਾਰੀ ਇਕੱਠੀ ਕਰਨੀ ਅਤੇ ਤਕਨੀਕੀ ਨਿਗਰਾਨੀ ਦੇ ਮਾਧਿਅਮ ਨਾਲ ਦੋਸ਼ੀ ਦਾ ਪਤਾ ਲਗਾਉਣਾ ਸ਼ੁਰੂ ਕੀਤਾ।

 ਪੰਜਾਬ ਮੇਲ USA

# ਹਾਈਕੋਰਟ ਵੱਲੋਂ ਐੱਨ.ਆਰ.ਆਈ. ਸਭਾ ਪੰਜਾਬ ਦੀਆਂ ਚੋਣਾਂ ਕਰਵਾਉਣ ਸਬੰਧੀ ਹੁਕਮ ਜਾਰੀ

**ਚੰਡੀਗੜ੍ਹ, (ਪੰਜਾਬ ਮੇਲ)**- ਪੰਜਾਬ ਤੇ ਹਰਿਆਣਾ ਹਾਈਕੋਰਟ ਵੱਲੋਂ ਐੱਨ.ਆਰ.ਆਈ. ਸਭਾ ਪੰਜਾਬ ਦੀਆਂ ਚੋਣਾਂ ਕਰਵਾਉਣ ਸਬੰਧੀ ਦਿੱਤੇ ਗਏ ਹੁਕਮਾਂ ਤੋਂ ਬਾਅਦ ਪ੍ਰਵਾਸੀ ਪੰਜਾਬੀ ਭਾਈਚਾਰੇ ਵਿਚ ਖੁਸ਼ੀ ਦੀ ਲਹਿਰ ਹੈ। ਕੈਨੇਡਾ ਦੇ ਅਲਬਰਟਾ ਸੂਬੇ ਦੇ ਸਾਬਕਾ ਐੱਮ.ਐੱਲ.ਏ. ਪਰਮਜੀਤ ਸਿੰਘ "ਪੀਟਰ" ਸੰਧੂ ਨੇ ਇਸ ਫ਼ੈਸਲੇ ਨੂੰ ਐੱਨ.ਆਰ.ਆਈ. ਭਾਈਚਾਰੇ ਦੀ ਵੱਡੀ ਜਿੱਤ ਕਰਾਰ ਦਿੱਤਾ ਹੈ। ਪੀਟਰ ਸੰਧੂ ਇਸ ਵਾਰ ਐੱਨ.ਆਰ.ਆਈ. ਸਭਾ ਪੰਜਾਬ ਦੇ ਪ੍ਰਧਾਨਗੀ ਅਹੁਦੇ ਲਈ ਦਾਅਵੇਦਾਰੀ ਜਤਾਉਣ ਵਾਲੇ ਪ੍ਰਮੁੱਖ ਚਿਹਰਿਆਂ ਵਿਚੋਂ ਹਨ।

**■ ਇਹ ਪ੍ਰਵਾਸੀ ਪੰਜਾਬੀਆਂ ਦੀ ਜਿੱਤ: ਪੀਟਰ ਸੰਧੂ**

ਪ੍ਰਾਪਤ ਜਾਣਕਾਰੀ ਅਨੁਸਾਰ ਹਾਈਕੋਰਟ ਨੇ ਪੰਜਾਬ ਸਰਕਾਰ ਨੂੰ ਸਪੱਸ਼ਟ ਕੀਤਾ ਹੈ ਕਿ ਐੱਨ.ਆਰ.ਆਈ. ਸਭਾ ਪੰਜਾਬ ਦੀਆਂ ਚੋਣਾਂ ਹੋਰ ਲੰਬੀਆਂ ਨਹੀਂ ਲਟਕਾਈਆਂ ਜਾ ਸਕਦੀਆਂ ਅਤੇ ਚੋਣ ਪ੍ਰਕਿਰਿਆ ਨੂੰ ਅੱਗੇ ਵਧਾਇਆ ਜਾਵੇ। ਇਸ ਤੋਂ ਪਹਿਲਾਂ ਵੀ ਹਾਈਕੋਰਟ ਨੇ ਮਾਮਲੇ ਨੂੰ ਤੁਰੰਤ ਮਹੱਤਤਾ ਵਾਲਾ ਮੰਨਦਿਆਂ ਪੰਜਾਬ ਸਰਕਾਰ ਤੋਂ ਚੋਣ ਸ਼ਡਿਊਲ ਅਤੇ ਯੋਗ ਵੋਟਰਾਂ ਦੀ ਸੂਚੀ ਬਾਰੇ ਸਥਿਤੀ ਸਪੱਸ਼ਟ ਕਰਨ ਲਈ ਕਿਹਾ ਸੀ।

ਪੀਟਰ ਸੰਧੂ ਨੇ ਕਿਹਾ ਕਿ ਐੱਨ.ਆਰ.ਆਈ. ਸਭਾ ਪੰਜਾਬ ਦੁਨੀਆਂ ਭਰ ਵਿਚ ਰਹਿੰਦੇ ਪੰਜਾਬੀਆਂ ਅਤੇ ਪੰਜਾਬ ਸਰਕਾਰ ਵਿਚਕਾਰ ਇੱਕ ਮਹੱਤਵਪੂਰਨ ਪੁਲ ਹੈ। ਉਨ੍ਹਾਂ ਕਿਹਾ ਕਿ ਲੰਮੇ ਸਮੇਂ ਤੋਂ ਚੋਣਾਂ ਨਾ ਹੋਣ ਕਾਰਨ ਸਭਾ ਦੀ ਕਾਰਗੁਜ਼ਾਰੀ ਪ੍ਰਭਾਵਿਤ ਹੋ ਰਹੀ ਸੀ ਅਤੇ ਪ੍ਰਵਾਸੀ ਪੰਜਾਬੀਆਂ ਦੀ ਆਵਾਜ਼ ਨੂੰ ਮਜ਼ਬੂਤ ਪਲੇਟਫਾਰਮ ਨਹੀਂ ਮਿਲ ਰਿਹਾ ਸੀ।

ਉਨ੍ਹਾਂ ਨੇ ਹਾਈਕੋਰਟ ਦਾ ਧੰਨਵਾਦ ਕਰਦਿਆਂ ਕਿਹਾ ਕਿ ਅਦਾਲਤ ਦੇ ਹੁਕਮਾਂ ਨਾਲ ਲੋਕਤੰਤਰਕ ਪ੍ਰਕਿਰਿਆ ਨੂੰ ਮਜ਼ਬੂਤੀ ਮਿਲੇਗੀ। ਪੀਟਰ ਸੰਧੂ ਨੇ ਕਿਹਾ, "ਇਹ ਸਿਰਫ ਮੇਰੀ ਜਿੱਤ ਨਹੀਂ, ਸਗੋਂ ਦੁਨੀਆਂ ਭਰ ਵਿਚ ਰਹਿੰਦੇ ਐੱਨ.ਆਰ.ਆਈ. ਪੰਜਾਬੀਆਂ ਦੀ ਜਿੱਤ ਹੈ। ਹੁਣ ਸਮਾਂ ਆ ਗਿਆ ਹੈ ਕਿ ਪੰਜਾਬ ਸਰਕਾਰ ਪਾਰਦਰਸ਼ੀ ਅਤੇ ਨਿਰਪੱਖ ਢੰਗ ਨਾਲ ਐੱਨ.ਆਰ.ਆਈ. ਸਭਾ ਦੀਆਂ ਚੋਣਾਂ ਕਰਵਾਏ।"

ਐੱਨ.ਆਰ.ਆਈ. ਸਭਾ ਪੰਜਾਬ ਦੀ ਸਥਾਪਨਾ 1996 ਵਿਚ ਕੀਤੀ ਗਈ ਸੀ ਅਤੇ ਇਹ ਸੰਸਥਾ ਪੰਜਾਬ ਨਾਲ ਜੁੜੇ ਪ੍ਰਵਾਸੀ ਪੰਜਾਬੀਆਂ ਦੇ ਮਸਲਿਆਂ—ਖਾਸ ਕਰਕੇ ਜ਼ਮੀਨ, ਜਾਇਦਾਦ, ਪ੍ਰਸ਼ਾਸਕੀ ਕੰਮਾਂ ਅਤੇ ਸਰਕਾਰੀ ਦਫ਼ਤਰਾਂ ਨਾਲ ਸੰਬੰਧਤ ਮੁਸ਼ਕਲਾਂ — ਨੂੰ ਉਠਾਉਣ ਲਈ ਬਣਾਈ ਗਈ ਸੀ। ਇਸ ਦੀਆਂ ਚੋਣਾਂ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਧੀਨ ਕਰਵਾਈਆਂ ਜਾਂਦੀਆਂ ਹਨ ਅਤੇ ਮੁੱਖ ਮੰਤਰੀ ਇਸ ਦੇ ਚੀਫ਼ ਪੈਟਰਨ ਹੁੰਦੇ ਹਨ।

ਪੀਟਰ ਸੰਧੂ ਨੇ ਪੰਜਾਬ ਸਰਕਾਰ ਨੂੰ ਅਪੀਲ ਕੀਤੀ ਕਿ ਹਾਈਕੋਰਟ ਦੇ ਹੁਕਮਾਂ ਦੀ ਪਾਲਣਾ ਕਰਦਿਆਂ ਜਲਦ ਤੋਂ ਜਲਦ ਚੋਣ ਸ਼ਡਿਊਲ ਜਾਰੀ ਕੀਤਾ ਜਾਵੇ, ਯੋਗ ਵੋਟਰਾਂ ਦੀ ਸੂਚੀ ਪਾਰਦਰਸ਼ੀ ਢੰਗ ਨਾਲ ਪ੍ਰਕਾਸ਼ਿਤ ਕੀਤੀ ਜਾਵੇ ਅਤੇ ਐੱਨ.ਆਰ.ਆਈ. ਭਾਈਚਾਰੇ ਨੂੰ ਆਪਣੀ ਨਵੀਂ ਲੀਡਰਸ਼ਿਪ ਚੁਣਨ ਦਾ ਮੌਕਾ ਦਿੱਤਾ ਜਾਵੇ।

ਉਨ੍ਹਾਂ ਕਿਹਾ ਕਿ ਜੇਕਰ ਉਨ੍ਹਾਂ ਨੂੰ ਸੇਵਾ ਦਾ ਮੌਕਾ ਮਿਲਿਆ, ਤਾਂ ਉਹ ਐੱਨ.ਆਰ.ਆਈ. ਸਭਾ ਨੂੰ ਮੁੜ ਸਰਗਰਮ, ਜਵਾਬਦੇਹ ਅਤੇ ਵਿਸ਼ਵ ਪੱਧਰੀ ਪੰਜਾਬੀ ਭਾਈਚਾਰੇ ਦੀ ਮਜ਼ਬੂਤ ਆਵਾਜ਼ ਬਣਾਉਣ ਲਈ ਕੰਮ ਕਰਨਗੇ।

# ਏ.ਆਈ. ਕਾਰਨ ਮੇਟਾ 'ਚ 8,000 ਕਰਮਚਾਰੀਆਂ ਦੀ ਜਾਵੇਗੀ ਨੌਕਰੀ

**ਵਾਸ਼ਿੰਗਟਨ, (ਪੰਜਾਬ ਮੇਲ)**- ਫੇਸਬੁੱਕ ਅਤੇ ਇੰਸਟਾਗ੍ਰਾਮ ਨੂੰ ਚਲਾਉਣ ਵਾਲੀ ਕੰਪਨੀ 'ਮੇਟਾ' ਦੁਨੀਆਂ ਭਰ ਵਿਚੋਂ ਆਪਣੇ ਲਗਪਗ 10 ਫੀਸਦੀ ਯਾਨੀ ਕਰੀਬ 8,000 ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਯੋਜਨਾ ਬਣਾ ਰਹੀ ਹੈ। ਕੰਪਨੀ ਵੱਲੋਂ ਇਹ ਕਦਮ ਆਰਟੀਫੀਸ਼ੀਅਲ ਇੰਟੈਲੀਜੈਂਸ (ਏ.ਆਈ.) ਦੇ ਖੇਤਰ ਵਿਚ ਵਧ ਰਹੇ ਖਰਚਿਆਂ ਅਤੇ ਕੰਮਕਾਜ ਵਿਚ ਕੀਤੇ ਜਾ ਰਹੇ ਵੱਡੇ ਬਦਲਾਅ ਕਾਰਨ ਚੁੱਕਿਆ ਜਾ ਰਿਹਾ ਹੈ।

ਬਲੂਮਬਰਗ ਦੀ ਰਿਪੋਰਟ ਮੁਤਾਬਕ, ਕੰਪਨੀ ਦੀ ਅਧਿਕਾਰੀ ਜੇਨੇਲ ਗੇਲ ਨੇ ਇੱਕ ਅੰਦਰੂਨੀ ਸੁਨੇਹੇ ਰਾਹੀਂ ਇਸ ਫੈਸਲੇ ਬਾਰੇ ਦੱਸਿਆ ਹੈ। ਉਨ੍ਹਾਂ ਨੇ ਪੁਸ਼ਟੀ ਕੀਤੀ ਹੈ ਕਿ ਮੁਲਾਜ਼ਮਾਂ ਨੂੰ ਨੌਕਰੀ ਤੋਂ ਕੱਢਣ ਦੀ ਇਹ ਪ੍ਰਕਿਰਿਆ 20 ਮਈ ਤੋਂ ਸ਼ੁਰੂ ਹੋ ਜਾਵੇਗੀ।

ਮਾਰਕ ਜ਼ੁਕਰਬਰਗ ਦੀ ਇਸ ਕੰਪਨੀ ਵਿਚ ਮੁਲਾਜ਼ਮਾਂ ਦੀ ਛਾਂਟੀ ਨੂੰ ਲੈ ਕੇ ਕਈ ਹਫ਼ਤਿਆਂ ਤੋਂ ਚਰਚਾਵਾਂ ਚੱਲ ਰਹੀਆਂ ਸਨ, ਜਿਸ ਤੋਂ ਬਾਅਦ ਹੁਣ ਇਹ ਅਧਿਕਾਰਤ ਸੁਨੇਹਾ ਸਾਹਮਣੇ ਆਇਆ ਹੈ।

ਨੌਕਰੀਆਂ ਵਿਚ ਕਟੌਤੀ ਕਰਨ ਦੇ ਨਾਲ-ਨਾਲ, ਮੇਟਾ ਕੰਪਨੀ ਲਗਪਗ 6,000 ਖਾਲੀ ਅਹੁਦਿਆਂ 'ਤੇ ਹੋਣ ਵਾਲੀ ਨਵੀਂ ਭਰਤੀ ਵੀ ਰੋਕ ਦੇਵੇਗੀ। ਅਧਿਕਾਰੀ ਗੇਲ ਨੇ ਮੰਨਿਆ ਕਿ ਇਸ ਖ਼ਬਰ ਕਾਰਨ ਮੁਲਾਜ਼ਮਾਂ ਵਿਚ ਚਿੰਤਾ ਪੈਦਾ ਹੋਈ ਹੈ। ਉਨ੍ਹਾਂ ਦੱਸਿਆ ਕਿ ਜਦੋਂ ਇਹ ਜਾਣਕਾਰੀ ਮੀਡੀਆ ਵਿਚ ਲੀਕ ਹੋ ਗਈ, ਤਾਂ ਕੰਪਨੀ ਨੇ ਖ਼ੁਦ ਸਿੱਧੇ ਤੌਰ 'ਤੇ ਆਪਣੇ ਕਰਮਚਾਰੀਆਂ ਨਾਲ ਗੱਲ ਕਰਨ ਦਾ ਫੈਸਲਾ ਕੀਤਾ।

ਛਾਂਟੀ ਦਾ ਇਹ ਫੈਸਲਾ ਕੰਪਨੀ ਦੇ ਕੰਮ ਨੂੰ ਬਿਹਤਰ ਬਣਾਉਣ ਅਤੇ ਆਪਣਾ ਪੈਸਾ ਜ਼ਰੂਰੀ ਕੰਮਾਂ, ਖਾਸ ਕਰਕੇ ਏ.ਆਈ. (ਆਰਟੀਫੀਸ਼ੀਅਲ ਇੰਟੈਲੀਜੈਂਸ) ਦੇ ਢਾਂਚੇ ਨੂੰ ਮਜ਼ਬੂਤ ਕਰਨ ਲਈ ਲਿਆ ਗਿਆ ਹੈ। ਰਿਪੋਰਟਾਂ ਮੁਤਾਬਕ ਕੰਪਨੀ ਇਸ ਖੇਤਰ ਵਿਚ ਅਰਬਾਂ ਰੁਪਏ ਖਰਚ ਰਹੀ ਹੈ, ਕਿਉਂਕਿ ਉਹ ਆਉਣ ਵਾਲੇ ਸਮੇਂ ਦੀ ਤਿਆਰੀ ਕਰ ਰਹੀ ਹੈ, ਜਿੱਥੇ ਕੰਮਕਾਜ ਵਿਚ ਏ.ਆਈ. ਦੀ ਸਭ ਤੋਂ ਵੱਡੀ ਭੂਮਿਕਾ ਹੋਵੇਗੀ।

ਨੌਕਰੀ ਤੋਂ ਕੱਢੇ ਜਾਣ ਵਾਲੇ ਮੁਲਾਜ਼ਮਾਂ ਨੂੰ ਮੁਆਵਜ਼ਾ ਦਿੱਤਾ ਜਾਵੇਗਾ। ਅਮਰੀਕਾ ਵਿਚ, ਕਰਮਚਾਰੀਆਂ ਨੂੰ 16 ਹਫ਼ਤਿਆਂ ਦੀ ਬੁਨਿਆਦੀ ਤਨਖਾਹ ਅਤੇ ਕੰਮ ਦੇ ਹਰ ਇੱਕ ਸਾਲ ਦੇ ਬਦਲੇ ਦੋ ਵਾਧੂ ਹਫ਼ਤਿਆਂ ਦੀ ਤਨਖਾਹ ਮਿਲੇਗੀ, ਨਾਲ ਹੀ 18 ਮਹੀਨਿਆਂ ਲਈ ਸਿਹਤ ਬੀਮੇ ਦੀ ਸਹੂਲਤ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ, ਕੰਪਨੀ ਵੱਲੋਂ ਨਵਾਂ ਕਰੀਅਰ ਲੱਭਣ ਵਿਚ ਮਦਦ ਅਤੇ ਲੋੜ ਪੈਣ 'ਤੇ ਵਿਦੇਸ਼ੀ ਰਿਹਾਇਸ਼ (ਇਮੀਗ੍ਰੇਸ਼ਨ) ਨਾਲ ਜੁੜੇ ਮਾਮਲਿਆਂ ਵਿਚ ਵੀ ਸਹਾਇਤਾ ਕੀਤੀ ਜਾਵੇਗੀ।

ਰਿਪੋਰਟਾਂ ਮੁਤਾਬਕ ਆਉਣ ਵਾਲੇ ਦਿਨਾਂ ਵਿਚ ਅਜਿਹੀਆਂ ਹੋਰ ਕਟੌਤੀਆਂ ਹੋ ਸਕਦੀਆਂ ਹਨ, ਜਿਸ ਕਾਰਨ ਕੰਪਨੀ ਵਿਚੋਂ ਕੱਢੇ ਜਾਣ ਵਾਲੇ ਕੁੱਲ ਮੁਲਾਜ਼ਮਾਂ ਦੀ ਗਿਣਤੀ ਪੂਰੇ ਸਟਾਫ਼ ਦੇ 20 ਫੀਸਦੀ ਤੱਕ ਪਹੁੰਚ ਸਕਦੀ ਹੈ।

# ਅਮਰੀਕਾ ਵੱਲੋਂ ਈਰਾਨ 'ਚ ਮੌਜੂਦ ਆਪਣੇ ਨਾਗਰਿਕਾਂ ਨੂੰ ਤੁਰੰਤ ਦੇਸ਼ ਛੱਡਣ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਸਟੇਟ ਡਿਪਾਰਟਮੈਂਟ ਨੇ ਈਰਾਨ ਵਿਚ ਮੌਜੂਦ ਆਪਣੇ ਨਾਗਰਿਕਾਂ ਨੂੰ ਤੁਰੰਤ ਦੇਸ਼ ਛੱਡਣ ਦੀ ਅਪੀਲ ਕੀਤੀ ਹੈ। ਇਹ ਐਡਵਾਈਜ਼ਰੀ ਈਰਾਨ ਵੱਲੋਂ ਆਪਣਾ ਹਵਾਈ ਖੇਤਰ ਅੰਸ਼ਕ ਤੌਰ 'ਤੇ ਦੁਬਾਰਾ ਖੋਲ੍ਹਣ ਦੇ ਫੈਸਲੇ ਤੋਂ ਬਾਅਦ ਜਾਰੀ ਕੀਤੀ ਗਈ ਹੈ। ਸਟੇਟ ਡਿਪਾਰਟਮੈਂਟ ਦੇ ਕੌਂਸਲਰ ਮਾਮਲਿਆਂ ਦੇ ਬਿਊਰੋ ਨੇ ਸੋਸ਼ਲ ਮੀਡੀਆ ਰਾਹੀਂ ਅਮਰੀਕੀ ਨਾਗਰਿਕਾਂ ਨੂੰ ਸਥਾਨਕ ਮੀਡੀਆ 'ਤੇ ਨਜ਼ਰ ਰੱਖਣ ਅਤੇ ਉਡਾਣਾਂ ਦੀ ਜਾਣਕਾਰੀ ਲਈ ਵਪਾਰਕ ਏਅਰਲਾਈਨਾਂ ਨਾਲ ਸੰਪਰਕ ਕਰਨ ਲਈ ਕਿਹਾ ਹੈ।

ਸਰਕਾਰੀ ਹਦਾਇਤਾਂ ਅਨੁਸਾਰ ਅਮਰੀਕੀ ਨਾਗਰਿਕ ਹਵਾਈ ਰਸਤੇ ਤੋਂ ਇਲਾਵਾ ਅਰਮੀਨੀਆ, ਅਜ਼ਰਬਾਈਜਾਨ, ਤੁਰਕੀ ਅਤੇ ਤੁਰਕਮੇਨਿਸਤਾਨ ਰਾਹੀਂ ਜ਼ਮੀਨੀ ਰਸਤੇ ਰਾਹੀਂ ਵੀ ਈਰਾਨ ਤੋਂ ਬਾਹਰ ਜਾ ਸਕਦੇ ਹਨ। ਹਾਲਾਂਕਿ ਅਮਰੀਕਾ ਨੇ ਆਪਣੇ ਨਾਗਰਿਕਾਂ ਨੂੰ ਅਫ਼ਗਾਨਿਸਤਾਨ, ਇਰਾਕ ਜਾਂ ਪਾਕਿਸਤਾਨ-ਈਰਾਨ ਸਰਹੱਦੀ ਖੇਤਰਾਂ ਵੱਲ ਯਾਤਰਾ ਕਰਨ ਵਿਰੁੱਧ ਸਖ਼ਤ ਚੇਤਾਵਨੀ ਦਿੱਤੀ ਹੈ। ਜ਼ਿਕਰਯੋਗ ਹੈ ਕਿ 28 ਫਰਵਰੀ ਨੂੰ ਅਮਰੀਕੀ ਅਤੇ ਇਜ਼ਰਾਈਲੀ ਹਮਲਿਆਂ ਦੀ ਸ਼ੁਰੂਆਤ ਤੋਂ ਬਾਅਦ ਈਰਾਨ ਨੇ ਆਪਣਾ ਹਵਾਈ ਖੇਤਰ ਬੰਦ ਕਰ ਦਿੱਤਾ ਸੀ। ਈਰਾਨ ਦੇ ਸਿਵਲ ਐਵੀਏਸ਼ਨ ਆਰਗੇਨਾਈਜ਼ੇਸ਼ਨ ਦੇ ਅਧਿਕਾਰੀਆਂ ਅਨੁਸਾਰ, ਦੇਸ਼ ਦੇ ਹਵਾਈ ਖੇਤਰ ਨੂੰ ਹੁਣ ਚਾਰ ਪੜਾਵਾਂ ਵਿਚ ਖੋਲ੍ਹਿਆ ਜਾ ਰਿਹਾ ਹੈ। ਸ਼ਨੀਵਾਰ ਨੂੰ ਅੰਤਰਰਾਸ਼ਟਰੀ ਉਡਾਣਾਂ ਲਈ ਪੂਰਬੀ ਹਵਾਈ ਖੇਤਰ ਖੋਲ੍ਹ ਕੇ ਇਸ ਦੀ ਸ਼ੁਰੂਆਤ ਕੀਤੀ ਗਈ ਹੈ। ਦੂਜੇ ਪਾਸੇ ਡੋਨਾਲਡ ਟਰੰਪ ਪ੍ਰਸ਼ਾਸਨ ਨੇ ਈਰਾਨ ਨਾਲ ਜੰਗਬੰਦੀ ਨੂੰ ਵਧਾ ਦਿੱਤਾ ਹੈ, ਪਰ ਨਾਲ ਹੀ ਸਖ਼ਤ ਸਮੁੰਦਰੀ ਨਾਕਾਬੰਦੀ ਵੀ ਜਾਰੀ ਰੱਖੀ ਹੋਈ ਹੈ। ਵ੍ਹਾਈਟ ਹਾਊਸ ਨੇ ਸਪੱਸ਼ਟ ਕੀਤਾ ਹੈ ਕਿ ਗੱਲਬਾਤ ਲਈ ਕੋਈ ਨਿਸ਼ਚਿਤ ਸਮਾਂ ਸੀਮਾ ਤੈਅ ਨਹੀਂ ਕੀਤੀ ਗਈ ਹੈ ਅਤੇ ਤੇਹਰਾਨ 'ਤੇ ਆਰਥਿਕ ਦਬਾਅ ਬਣਾ ਕੇ ਰੱਖਿਆ ਜਾਵੇਗਾ। ਅਮਰੀਕੀ ਅਧਿਕਾਰੀਆਂ ਨੇ ਸੰਕੇਤ ਦਿੱਤਾ ਹੈ ਕਿ ਉਹ ਫਿਲਹਾਲ ਆਪਣੀ ਰਣਨੀਤੀ 'ਚ ਕੋਈ ਢਿੱਲ ਦੇਣ ਦੇ ਮੂਡ ਵਿਚ ਨਹੀਂ ਹਨ।

# ਈਰਾਨ ਵੱਲੋਂ ਹੋਰਮੁਜ਼ ਜਲਡਮਰੂ ਤੋਂ ਲੰਘਣ ਵਾਲੇ ਵਪਾਰਕ ਜਹਾਜ਼ਾਂ ਤੋਂ 'ਟੋਲ ਟੈਕਸ' ਵਸੂਲਣਾ ਸ਼ੁਰੂ

**ਤਹਿਰਾਨ, (ਪੰਜਾਬ ਮੇਲ)**- ਈਰਾਨ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਸਖ਼ਤ ਚੇਤਾਵਨੀਆਂ ਨੂੰ ਦਰਕਿਨਾਰ ਕਰਦਿਆਂ ਹੋਰਮੁਜ਼ ਜਲਡਮਰੂ ਤੋਂ ਲੰਘਣ ਵਾਲੇ ਵਪਾਰਕ ਜਹਾਜ਼ਾਂ ਤੋਂ ਪਹਿਲਾ ਟੋਲ ਟੈਕਸ ਵਸੂਲਣਾ ਸ਼ੁਰੂ ਕਰ ਦਿੱਤਾ ਹੈ। ਇਸ ਕਦਮ ਨਾਲ ਜਿੱਥੇ ਖੇਤਰ ਵਿਚ ਤਣਾਅ ਵਧਣ ਦਾ ਖ਼ਦਸ਼ਾ ਹੈ, ਉੱਥੇ ਹੀ ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ 'ਚ ਭਾਰੀ ਉਛਾਲ ਆਉਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ।

ਈਰਾਨੀ ਸੰਸਦ ਦੇ ਦੂਜੇ ਉਪ ਪ੍ਰਧਾਨ ਹਾਮਿਦ ਰੇਜ਼ਾ ਹਾਜੀਬਾਬਾਈ ਦੇ ਹਵਾਲੇ ਨਾਲ ਪੁਸ਼ਟੀ ਕੀਤੀ ਗਈ ਹੈ ਕਿ ਈਰਾਨ ਨੇ ਵਪਾਰਕ ਜਹਾਜ਼ਾਂ ਤੋਂ ਮਾਲੀਆ ਇਕੱਠਾ ਕਰਨਾ ਸ਼ੁਰੂ ਕਰ ਦਿੱਤਾ ਹੈ। ਟੋਲ ਰਾਹੀਂ ਇਕੱਠੀ ਕੀਤੀ ਗਈ ਪਹਿਲੀ ਰਾਸ਼ੀ ਸੈਂਟਰਲ ਬੈਂਕ ਦੇ ਖਾਤੇ ਵਿਚ ਜਮ੍ਹਾ ਕਰ ਦਿੱਤੀ ਗਈ ਹੈ। ਈਰਾਨ ਨੇ ਆਪਣੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਪ੍ਰਤੀ ਬੈਰਲ 'ਤੇ ਨਵੀਂ ਫੀਸ ਲਾਗੂ ਕੀਤੀ ਹੈ। ਈਰਾਨ ਨੇ ਅਜੇ ਤੱਕ ਉਸ ਜਹਾਜ਼ ਜਾਂ ਦੇਸ਼ ਦਾ ਨਾਮ ਨਸ਼ਰ ਨਹੀਂ ਕੀਤਾ ਹੈ, ਜਿਸ ਤੋਂ ਪਹਿਲਾ ਟੋਲ ਵਸੂਲਿਆ ਗਿਆ ਹੈ। ਫਿਲਹਾਲ, ਇਸ ਫੈਸਲੇ ਨੇ ਪੂਰੀ ਦੁਨੀਆ ਵਿਚ ਖਲਬਲੀ ਮਚਾ ਦਿੱਤੀ ਹੈ। ਮਾਹਿਰਾਂ ਅਨੁਸਾਰ ਇਸ ਕਦਮ ਨਾਲ ਇਹ ਰਣਨੀਤਕ ਜਲਮਾਰਗ ਹੁਣ ਇੱਕ "ਤੇਹਰਾਨ ਟੋਲ ਬੂਥ" ਵਿਚ ਬਦਲ ਗਿਆ ਹੈ, ਜਿਸ ਨਾਲ ਈਰਾਨ ਨੂੰ ਸਾਲਾਨਾ 70 ਤੋਂ 80 ਅਰਬ ਡਾਲਰ ਦੀ ਕਮਾਈ ਹੋਣ ਦਾ ਅਨੁਮਾਨ ਹੈ।

ਹੋਰਮੁਜ਼ ਸਟ੍ਰੇਟ ਦੁਨੀਆਂ ਦਾ ਸਭ ਤੋਂ ਮਹੱਤਵਪੂਰਨ ਜਲਮਾਰਗ ਹੈ, ਜਿੱਥੋਂ ਵਿਸ਼ਵ ਦੇ ਕੁੱਲ ਕੱਚੇ ਤੇਲ ਦਾ ਲਗਭਗ 20% ਤੋਂ 30% ਹਿੱਸਾ ਗੁਜ਼ਰਦਾ ਹੈ। ਰਿਪੋਰਟਾਂ ਮੁਤਾਬਕ ਈਰਾਨ ਹਰ ਤੇਲ ਟੈਂਕਰ ਤੋਂ ਲਗਭਗ 16-17 ਕਰੋੜ ਰੁਪਏ (ਭਾਰਤੀ ਰੁਪਏ) ਵਸੂਲ ਸਕਦਾ ਹੈ। ਇਸ ਟੋਲ ਕਾਰਨ ਤੇਲ ਦੀ ਕੀਮਤ ਵਿਚ ਪ੍ਰਤੀ ਬੈਰਲ ਇੱਕ ਡਾਲਰ ਦਾ ਵਾਧਾ ਹੋ ਸਕਦਾ ਹੈ। ਤੇਲ ਦੀ ਢੋਆ-ਢੁਆਈ ਅਤੇ ਬੀਮਾ ਖ਼ਰਚ ਵਧਣ ਨਾਲ ਆਮ ਜਨਤਾ 'ਤੇ ਮਹਿੰਗਾਈ ਦੀ ਮਾਰ ਪੈਣੀ ਤੈਅ ਹੈ।

ਈਰਾਨ ਦਾ ਦਾਅਵਾ ਹੈ ਕਿ ਉਹ ਇਸ ਖੇਤਰ ਨੂੰ ਕੰਟਰੋਲ ਕਰਦਾ ਹੈ, ਇਸ ਲਈ ਵਿਦੇਸ਼ੀ ਜਹਾਜ਼ਾਂ ਨੂੰ 'ਸੁਰੱਖਿਆ ਫੀਸ' ਦੇਣੀ ਪਵੇਗੀ। ਹਾਲਾਂਕਿ ਵਿਸ਼ਵ ਦੇ ਬਹੁਤ ਸਾਰੇ ਦੇਸ਼ਾਂ ਨੇ ਇਸ ਨੂੰ ਅੰਤਰਰਾਸ਼ਟਰੀ ਕਾਨੂੰਨ (UNCLOS) ਦੀ ਉਲੰਘਣਾ ਦੱਸਿਆ ਹੈ, ਜਿਸ ਤਹਿਤ ਹੋਰਮੁਜ਼ ਇੱਕ ਅੰਤਰਰਾਸ਼ਟਰੀ ਜਲਮਾਰਗ ਹੈ ਅਤੇ ਇੱਥੇ ਸਾਰੇ ਜਹਾਜ਼ਾਂ ਨੂੰ 'ਸ਼ਾਂਤੀਪੂਰਨ ਲੰਘਣ' ਦਾ ਅਧਿਕਾਰ ਹੈ।

ਈਰਾਨ ਨੇ ਸਾਫ਼ ਕਰ ਦਿੱਤਾ ਹੈ ਕਿ ਜਦੋਂ ਤੱਕ ਵਾਸ਼ਿੰਗਟਨ ਆਪਣੀ ਘੇਰਾਬੰਦੀ ਖ਼ਤਮ ਨਹੀਂ ਕਰਦਾ, ਉਹ ਹੋਰਮੁਜ਼ ਜਲਡਮਰੂ ਨੂੰ ਪੂਰੀ ਤਰ੍ਹਾਂ ਨਹੀਂ ਖੋਲ੍ਹੇਗਾ। ਜ਼ਿਕਰਯੋਗ ਹੈ ਕਿ ਹਾਲ ਹੀ ਵਿਚ ਈਰਾਨ ਨੇ ਇਸੇ ਜਲਮਾਰਗ ਵਿਚ ਤਿੰਨ ਕੰਟੇਨਰ ਜਹਾਜ਼ਾਂ ਨੂੰ ਨਿਸ਼ਾਨਾ ਬਣਾ ਕੇ ਆਪਣੀ ਸਖ਼ਤ ਨੀਤੀ ਦਾ ਸੰਕੇਤ ਦਿੱਤਾ ਸੀ। ਫਿਲਹਾਲ, ਸੱਤ ਹਫ਼ਤਿਆਂ ਤੋਂ ਚੱਲ ਰਹੇ ਇਸ ਟਕਰਾਅ ਕਾਰਨ ਅੰਤਰਰਾਸ਼ਟਰੀ ਵਪਾਰਕ ਜਗਤ ਵਿਚ ਅਨਿਸ਼ਚਿਤਤਾ ਦਾ ਮਾਹੌਲ ਹੈ। ਹੁਣ ਸਭ ਦੀਆਂ ਨਜ਼ਰਾਂ ਆਉਣ ਵਾਲੀ ਸ਼ਾਂਤੀ ਵਾਰਤਾ 'ਤੇ ਟਿਕੀਆਂ ਹੋਈਆਂ ਹਨ ਕਿ ਕੀ ਕੋਈ ਵਿਚਾਲੇ ਦਾ ਰਸਤਾ ਨਿਕਲਦਾ ਹੈ ਜਾਂ ਨਹੀਂ।

# ਯੂ.ਐੱਨ. ਵੱਲੋਂ ਪਾਕਿਸਤਾਨ ਦੇ ਖ਼ੁਰਾਕੀ ਸੰਕਟ 'ਤੇ ਚਿਤਾਵਨੀ!

**ਜਨੇਵਾ, (ਪੰਜਾਬ ਮੇਲ)**- ਸੰਯੁਕਤ ਰਾਸ਼ਟਰ (ਯੂ.ਐੱਨ.) ਦੀ ਸਾਲ 2026 ਦੀ "ਗਲੋਬਲ ਰਿਪੋਰਟ ਆਨ ਫੂਡ ਕ੍ਰਾਈਸਿਸ" ਨੇ ਪਾਕਿਸਤਾਨ ਦੇ ਹਾਲਾਤਾਂ ਨੂੰ ਲੈ ਕੇ ਬੇਹੱਦ ਚਿੰਤਾਜਨਕ ਖੁਲਾਸਾ ਕੀਤਾ ਹੈ। ਰਿਪੋਰਟ ਅਨੁਸਾਰ ਪਾਕਿਸਤਾਨ ਦੁਨੀਆਂ ਦੇ ਉਨ੍ਹਾਂ 10 ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਹੋ ਗਿਆ ਹੈ, ਜਿੱਥੇ ਖੁਰਾਕੀ ਸੰਕਟ ਸਭ ਤੋਂ ਗੰਭੀਰ ਰੂਪ ਲੈ ਚੁੱਕਾ ਹੈ।

ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਪਾਕਿਸਤਾਨ ਵਿਚ ਲਗਭਗ 1.1 ਕਰੋੜ ਲੋਕ ਅਜਿਹੇ ਹਨ, ਜਿਨ੍ਹਾਂ ਨੂੰ ਲੋੜੀਂਦਾ ਖਾਣਾ ਨਹੀਂ ਮਿਲ ਰਿਹਾ। ਇਨ੍ਹਾਂ ਵਿਚੋਂ ਲਗਭਗ 93 ਲੱਖ ਲੋਕ "ਸੰਕਟ" ਦੇ ਪੱਧਰ 'ਤੇ ਹਨ, ਜਦਕਿ 17 ਲੱਖ ਲੋਕ "ਐਮਰਜੈਂਸੀ" ਦੀ ਸਥਿਤੀ ਵਿਚ ਹਨ। ਇਹ ਦੋਵੇਂ ਸਥਿਤੀਆਂ ਅਕਾਲ ਤੋਂ ਠੀਕ ਪਹਿਲਾਂ ਦੀ ਸਭ ਤੋਂ ਖ਼ਤਰਨਾਕ ਅਵਸਥਾ ਮੰਨੀ ਜਾਂਦੀ ਹੈ, ਜਿੱਥੇ ਰੋਜ਼ਾਨਾ ਦਾ ਭੋਜਨ ਜੁਟਾਉਣਾ ਵੀ ਇੱਕ ਵੱਡਾ ਸੰਘਰਸ਼ ਬਣ ਜਾਂਦਾ ਹੈ।



# ਕੈਨੇਡਾ ਸਰਕਾਰ ਵੱਲੋਂ 33 ਹਜ਼ਾਰ ਅਸਥਾਈ ਕਾਮਿਆਂ ਨੂੰ ਪੀ.ਆਰ. ਦੇਣ ਦਾ ਐਲਾਨ!

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਜਾਣ ਅਤੇ ਉੱਥੇ ਪੱਕੇ ਹੋਣ ਦੀ ਇੱਛਾ ਰੱਖਣ ਵਾਲੇ ਭਾਰਤੀਆਂ, ਖਾਸ ਕਰਕੇ ਪੰਜਾਬੀਆਂ ਲਈ ਇੱਕ ਅਹਿਮ ਖ਼ਬਰ ਸਾਹਮਣੇ ਆਈ ਹੈ। ਕੈਨੇਡਾ ਸਰਕਾਰ ਨੇ ਸਾਲ 2026 ਅਤੇ 2027 ਦੌਰਾਨ ਲਗਭਗ 33,000 ਅਸਥਾਈ ਕਾਮਿਆਂ ਨੂੰ ਸਥਾਈ ਨਿਵਾਸ (ਪੀ.ਆਰ.) ਦੇਣ ਦੀ ਇੱਕ ਵਿਸ਼ੇਸ਼ ਯੋਜਨਾ ਦਾ ਐਲਾਨ ਕੀਤਾ ਹੈ।

ਕੈਨੇਡਾ ਦੀ ਇਸ ਨਵੀਂ 'ਟੀ.ਆਰ. ਤੋਂ ਪੀ.ਆਰ.' (ਟੈਂਪਰੇਰੀ ਰੈਜ਼ੀਡੈਂਸ ਟੂ ਪਰਮਾਨੈਂਟ ਰੈਜ਼ੀਡੈਂਸ) ਯੋਜਨਾ ਦੀ ਸਭ ਤੋਂ ਖਾਸ ਗੱਲ ਇਹ ਹੈ ਕਿ ਇਸ ਦਾ ਮੁੱਖ ਫੋਕਸ ਪੇਂਡੂ ਅਤੇ ਛੋਟੇ ਸ਼ਹਿਰਾਂ ਵੱਲ ਹੈ। ਸਰਕਾਰ ਦਾ ਉਦੇਸ਼ ਇਮੀਗ੍ਰੇਸ਼ਨ ਨੂੰ ਵੱਡੇ ਸ਼ਹਿਰਾਂ ਤੋਂ ਦੂਰ ਕਰਕੇ ਉਨ੍ਹਾਂ ਇਲਾਕਿਆਂ ਵਿਚ ਲਿਜਾਣਾ ਹੈ, ਜਿੱਥੇ ਕਾਮਿਆਂ ਦੀ ਜ਼ਿਆਦਾ ਲੋੜ ਹੈ। ਇਸ ਯੋਜਨਾ ਤਹਿਤ ਉਨ੍ਹਾਂ ਕਾਮਿਆਂ ਨੂੰ ਪਹਿਲ ਦਿੱਤੀ ਜਾਵੇਗੀ, ਜੋ ਪਹਿਲਾਂ ਹੀ



ਕੈਨੇਡਾ ਵਿਚ ਪੇਂਡੂ ਖੇਤਰਾਂ ਵਿਚ ਰਹਿ ਕੇ ਕੰਮ ਕਰ ਰਹੇ ਹਨ।

ਸਰਕਾਰ ਨੇ ਇਸ ਯੋਜਨਾ ਵਿਚੋਂ ਵੱਡੇ ਸ਼ਹਿਰੀ ਕੇਂਦਰਾਂ (ਸੀ.ਐੱਮ.ਏ.) ਨੂੰ ਬਾਹਰ ਰੱਖਣ ਦਾ ਫੈਸਲਾ ਕੀਤਾ ਹੈ। ਇਸ ਦਾ ਮਤਲਬ ਹੈ ਕਿ ਟੋਰਾਂਟੋ, ਵੈਨਕੂਵਰ ਅਤੇ ਮਾਂਟਰੀਅਲ ਵਰਗੇ ਪ੍ਰਮੁੱਖ ਸ਼ਹਿਰਾਂ ਵਿਚ ਕੰਮ ਕਰ ਰਹੇ ਅਸਥਾਈ ਕਾਮੇ ਇਸ ਵਿਸ਼ੇਸ਼ ਯੋਜਨਾ ਲਈ ਪਾਤਰ ਨਹੀਂ ਹੋਣਗੇ। ਇਨ੍ਹਾਂ ਤੋਂ ਇਲਾਵਾ ਕੈਲਗਰੀ, ਐਡਮਿੰਟਨ ਅਤੇ ਓਟਾਵਾ ਵਰਗੇ ਸ਼ਹਿਰਾਂ ਨੂੰ ਵੀ ਇਸ ਸੂਚੀ ਤੋਂ ਬਾਹਰ ਰੱਖਿਆ ਗਿਆ ਹੈ।

ਕੈਨੇਡਾ ਦੀ ਇਮੀਗ੍ਰੇਸ਼ਨ ਮੰਤਰੀ ਲੀਨਾ ਡਿਆਬ ਨੇ ਇੱਕ ਇੰਟਰਵਿਊ ਦੌਰਾਨ ਦੱਸਿਆ ਕਿ ਇਸ ਪ੍ਰੋਗਰਾਮ ਦੀ ਸ਼ੁਰੂਆਤ ਹੋ ਚੁੱਕੀ ਹੈ ਅਤੇ ਆਉਣ ਵਾਲੇ ਕੁਝ ਹਫ਼ਤਿਆਂ ਵਿਚ ਇਸ ਦੀਆਂ ਪੂਰੀਆਂ ਗਾਈਡਲਾਈਨਜ਼ ਜਾਰੀ ਕਰ ਦਿੱਤੀਆਂ ਜਾਣਗੀਆਂ। ਇਹ ਯੋਜਨਾ ਉਨ੍ਹਾਂ ਕਾਮਿਆਂ ਲਈ ਇੱਕ ਵੱਡੀ ਉਮੀਦ ਲੈ ਕੇ ਆਈ ਹੈ, ਜੋ ਵੱਡੇ ਸ਼ਹਿਰਾਂ ਦੀ ਭੀੜ-ਭੜੱਕੇ ਤੋਂ ਦੂਰ ਛੋਟੇ ਕਸਬਿਆਂ ਵਿਚ ਆਪਣਾ ਭਵਿੱਖ ਬਣਾ ਰਹੇ ਹਨ।

ਕੈਨੇਡਾ ਦੇ ਅੰਕੜਾ ਵਿਭਾਗ ਅਨੁਸਾਰ, ਸੀ.ਐੱਮ.ਏ. (**Census Metropolitan Area**) ਉਹ ਸ਼ਹਿਰੀ ਖੇਤਰ ਹੁੰਦੇ ਹਨ ਜਿਨ੍ਹਾਂ ਦੀ ਕੁੱਲ ਆਬਾਦੀ ਘੱਟੋ-ਘੱਟ 1 ਲੱਖ ਹੋਵੇ। ਕੈਨੇਡਾ ਦੀ ਲਗਭਗ 84 ਫੀਸਦੀ ਆਬਾਦੀ ਅਜਿਹੇ 41 ਵੱਡੇ ਸ਼ਹਿਰੀ ਖੇਤਰਾਂ ਵਿਚ ਰਹਿੰਦੀ ਹੈ। ਨਵੀਂ ਨੀਤੀ ਤਹਿਤ ਸਰਕਾਰ ਹੁਣ ਬਾਕੀ ਬਚੇ ਪੇਂਡੂ ਇਲਾਕਿਆਂ ਦੇ ਵਿਕਾਸ ਲਈ ਇਮੀਗ੍ਰੇਸ਼ਨ ਨੂੰ ਉਤਸ਼ਾਹਿਤ ਕਰ ਰਹੀ ਹੈ।

# ਪੰਡਿਤਰਾਓ ਵੱਲੋਂ ਦਿਲਜੀਤ ਦੁਸਾਂਝ ਨੂੰ ਵਿਦੇਸ਼ ਫੇਰੀ ਦੌਰਾਨ ਪਟਿਆਲਾ ਪੈੱਗ, 5 ਤਾਰੇ ਅਤੇ ਕੇਸ ਵਰਗੇ ਬਦਨਾਮ ਗਾਣੇ ਮੰਚ ਤੋਂ ਨਾ ਗਾਉਣ ਦੀ ਅਪੀਲ

ਚੰਡੀਗੜ੍ਹ, (ਪੰਜਾਬ ਮੇਲ)- ਆਪਣੇ ਖ਼ਾਸ ਅੰਦਾਜ਼ ਨਾਲ਼ ਪੰਜਾਬੀ ਭਾਸ਼ਾ ਦਾ ਪ੍ਰਚਾਰ ਕਰਨ ਵਾਲ਼ੇ ਅਤੇ ਪੰਜਾਬੀ ਗਾਣਿਆਂ ਵਿਚ ਨਸ਼ਿਆਂ ਅਤੇ ਹਥਿਆਰਾਂ ਦੀ ਨੁਮਾਇਸ਼ ਦੇ ਖਿਲਾਫ਼ ਕਾਨੂੰਨੀ ਲੜਾਈ ਲੜਨ ਵਾਲ਼ੇ ਪੰਡਿਤਰਾਓ ਧਰੇਨਵਰ ਨੇ ਦਿਲਜੀਤ ਦੋਸਾਂਝ ਨੂੰ ਖੁੱਲ੍ਹਾ ਪੱਤਰ ਲਿਖ ਕੇ ਬੇਨਤੀ ਕੀਤੀ ਹੈ ਕਿ ਉਹ ਕੈਨੇਡਾ ਅਤੇ ਅਮਰੀਕਾ ਵਿਚ ਲੱਗਣ ਵਾਲ਼ੇ ਆਪਣੇ ਅਖਾੜਿਆਂ ਦੌਰਾਨ ਹਥਿਆਰ, ਸ਼ਰਾਬ ਅਤੇ ਨਸ਼ਿਆਂ ਦੇ ਜ਼ਿਕਰ ਵਾਲ਼ੇ ਗਾਣੇ ਨਾ ਗਾਵੇ। ਪੰਡਿਤਰਾਓ ਨੇ ਲਿਖਿਆ ਹੈ ਕਿ ਅਜਿਹੇ ਗ਼ਲਤ ਗਾਣਿਆਂ ਦਾ ਅੱਲ੍ਹੜ ਬੱਚਿਆਂ ਦੀ ਮਾਨਸਿਕਤਾ 'ਤੇ ਬਹੁਤ ਮਾੜਾ ਅਸਰ ਪੈਂਦਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਬੱਚੇ ਭਾਵੇਂ ਕਿਸੇ ਵੀ ਮੁਲਕ ਦੇ ਹੋਣ, ਉਹ ਚੰਗੇ ਜਾਂ ਮਾੜੇ ਸੰਗੀਤ ਦਾ ਇੱਕੋ ਜਿਹਾ ਅਸਰ ਕਬੂਲਦੇ ਹਨ।




ਇਸਦੇ ਨਾਲ਼ ਹੀ ਪੰਡਿਤਰਾਓ ਨੇ ਚਿਤਾਵਨੀ ਦਿੱਤੀ ਹੈ ਕਿ ਜੇਕਰ ਦਿਲਜੀਤ ਦੋਸਾਂਝ ਆਪਣੇ 30 ਅਪ੍ਰੈਲ ਦੇ ਕੈਲਗਰੀ ਅਖਾੜੇ ਦੌਰਾਨ ਪਟਿਆਲਾ ਪੈੱਗ, 5 ਤਾਰੇ ਅਤੇ ਕੇਸ ਵਰਗੇ ਗਾਣੇ ਮੰਚ ਤੋਂ ਗਾਉਣਗੇ, ਤਾਂ ਵਿਸ਼ਵ ਸਮਾਜ ਦੇ ਭਲੇ ਲਈ ਉਹ ਕੈਨੇਡਾ ਅਤੇ ਅਮਰੀਕਾ ਦੀ ਪੁਲਿਸ ਕੋਲ਼ ਸ਼ਿਕਾਇਤ ਦਰਜ ਕਰਵਾਉਣਗੇ।

ਪੰਡਿਤਰਾਓ ਨੇ ਉਮੀਦ ਪ੍ਰਗਟਾਈ ਹੈ ਕਿ ਦਿਲਜੀਤ ਦੋਸਾਂਝ ਸਮਝਦਾਰੀ ਦਿਖਾਉਣਗੇ ਅਤੇ ਅੱਲ੍ਹੜ ਬੱਚਿਆਂ ਦੇ ਮਨ ਨੂੰ ਭਟਕਾਉਣ ਵਾਲ਼ੇ ਬਦਨਾਮ ਗਾਣੇ ਸਟੇਜ 'ਤੇ ਨਹੀਂ ਗਾਉਣਗੇ।

ਸਫਾ 1 ਦਾ ਬਾਕੀ

## ਅਮਰੀਕੀ ਕਾਂਗਰਸ 'ਚ 2026 ਚੋਣਾਂ ਤੋਂ ਪਹਿਲਾਂ ਵੱਡਾ ...

ਕਈ ਅਜਿਹੇ ਹਲਕੇ ਹਨ, ਜਿੱਥੇ ਸਿਰਫ਼ ਕੁਝ ਹਜ਼ਾਰ ਵੋਟਾਂ ਨਾਲ ਨਤੀਜੇ ਬਦਲ ਸਕਦੇ ਹਨ।

ਰਿਪਬਲਿਕਨ ਪਾਰਟੀ ਲਈ ਇਹ ਸਥਿਤੀ ਇਸ ਕਰਕੇ ਹੋਰ ਮਹੱਤਵਪੂਰਨ ਹੈ ਕਿਉਂਕਿ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਮੈਂਬਰ ਹਾਊਸ ਤੋਂ ਬਾਹਰ ਹੋ ਰਹੇ ਹਨ। ਡੈਮੋਕ੍ਰੈਟਿਕ ਪਾਰਟੀ ਵੀ ਇਸ ਮੌਕੇ ਨੂੰ ਕਬਜ਼ੇ ਵਿਚ ਲੈਣ ਲਈ ਤਿਆਰੀ ਕਰ ਰਹੀ ਹੈ। ਦੋਵਾਂ ਪਾਰਟੀਆਂ ਹੁਣ ਉਮੀਦਵਾਰ ਚੋਣ, ਫੰਡ ਰੇਜ਼ਿੰਗ ਅਤੇ ਵੋਟਰ ਸੰਪਰਕ ਮੁਹਿੰਮਾਂ ਵਿਚ ਤੇਜ਼ੀ ਲਿਆਉਣਗੀਆਂ।

2026 ਦੀਆਂ ਚੋਣਾਂ ਸਿਰਫ਼ ਕਾਂਗਰਸ ਦੀਆਂ ਆਮ ਚੋਣਾਂ ਨਹੀਂ ਰਹੀਆਂ, ਸਗੋਂ ਇਹ ਅਮਰੀਕਾ ਦੀ ਭਵਿੱਖੀ ਨੀਤੀ, ਇਮੀਗ੍ਰੇਸ਼ਨ ਕਾਨੂੰਨਾਂ, ਆਰਥਿਕ ਦਿਸ਼ਾ, ਸਿਹਤ ਸੇਵਾਵਾਂ ਅਤੇ ਵਿਦੇਸ਼ ਨੀਤੀ ਨੂੰ ਨਿਰਧਾਰਤ ਕਰਨ ਵਾਲਾ ਵੱਡਾ ਮੋੜ ਸਾਬਤ ਹੋ ਸਕਦੀਆਂ ਹਨ। ਪੰਜਾਬੀ ਭਾਈਚਾਰੇ ਲਈ ਵੀ ਇਹ ਚੋਣਾਂ ਮਹੱਤਵਪੂਰਨ ਰਹਿਣਗੀਆਂ ਕਿਉਂਕਿ ਇਨ੍ਹਾਂ ਦੇ ਨਤੀਜੇ ਸਿੱਧੇ ਤੌਰ 'ਤੇ ਇਮੀਗ੍ਰੇਸ਼ਨ, ਛੋਟੇ ਕਾਰੋਬਾਰਾਂ ਅਤੇ ਪਰਿਵਾਰਕ ਨੀਤੀਆਂ 'ਤੇ ਅਸਰ ਪਾ ਸਕਦੇ ਹਨ।

ਸਫਾ 1 ਦਾ ਬਾਕੀ

## ਟਰੰਪ ਸਰਕਾਰ ਦਾ ਨਵਾਂ ਸਖਤ ਰੁਖ: ਰਾਜਨੀਤਿਕ ਵਿਚਾਰਾਂ ...

ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਟਰੰਪ ਸਰਕਾਰ ਸਿਰਫ਼ ਗ੍ਰੀਨ ਕਾਰਡ ਅਰਜ਼ੀਕਾਰ ਹੀ ਨਹੀਂ, ਸਗੋਂ ਟੂਰਿਸਟ ਵੀਜ਼ਾ 'ਤੇ ਆਉਣ ਵਾਲਿਆਂ ਦੇ ਸੋਸ਼ਲ ਮੀਡੀਆ ਅਕਾਊਂਟਸ ਦੀ ਵੀ ਵਧੀਕ ਜਾਂਚ ਕਰਨ 'ਤੇ ਵਿਚਾਰ ਕਰ ਰਹੀ ਹੈ। ਇਸ ਨਾਲ ਭਵਿੱਖ ਵਿਚ ਵਿਜ਼ੀਟਰ ਵੀਜ਼ਾ ਅਰਜ਼ੀਕਾਰਾਂ ਲਈ ਵੀ ਜਾਂਚ ਵੱਧ ਸਕਦੀ ਹੈ। ਉਧਰ ਵ੍ਹਾਈਟ ਹਾਊਸ ਵੱਲੋਂ ਕਿਹਾ ਗਿਆ ਹੈ ਕਿ ਇਹ ਨੀਤੀਆਂ ਬੋਲਣ ਦੀ ਆਜ਼ਾਦੀ ਨੂੰ ਰੋਕਣ ਲਈ ਨਹੀਂ ਹਨ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਦੇਸ਼ ਦੀ ਸੁਰੱਖਿਆ ਅਤੇ ਕਾਨੂੰਨੀ ਇਮੀਗ੍ਰੇਸ਼ਨ ਸਿਸਟਮ ਦੀ ਇਮਾਨਦਾਰੀ ਬਣਾਈ ਰੱਖਣ ਲਈ ਲਏ ਜਾ ਰਹੇ ਹਨ।

ਇਸੇ ਦੌਰਾਨ ਡੋਨਾਲਡ ਟਰੰਪ ਆਪਣਾ ਗੋਲਡ ਕਾਰਡ ਪ੍ਰੋਗਰਾਮ ਵੀ ਅੱਗੇ ਵਧਾ ਰਹੇ ਹਨ। ਇਸ ਯੋਜਨਾ ਤਹਿਤ ਵੱਡੀ ਰਕਮ ਨਿਵੇਸ਼ ਕਰਨ ਵਾਲਿਆਂ ਨੂੰ ਤੇਜ਼ੀ ਨਾਲ ਅਮਰੀਕੀ ਰਿਹਾਇਸ਼ ਦੇਣ ਦੀ ਗੱਲ ਕੀਤੀ ਜਾ ਰਹੀ ਹੈ। ਇਸ ਕਾਰਨ ਵਿਰੋਧੀ ਧਿਰ ਸਵਾਲ ਉਠਾ ਰਹੀ ਹੈ ਕਿ ਇੱਕ ਪਾਸੇ ਆਮ ਅਰਜ਼ੀਕਾਰਾਂ ਲਈ ਨਿਯਮ ਸਖ਼ਤ ਕੀਤੇ ਜਾ ਰਹੇ ਹਨ, ਜਦਕਿ ਦੂਜੇ ਪਾਸੇ ਧਨਾਢ ਲੋਕਾਂ ਲਈ ਨਵੇਂ ਰਸਤੇ ਖੋਲ੍ਹੇ ਜਾ ਰਹੇ ਹਨ।

ਇਮੀਗ੍ਰੇਸ਼ਨ ਮਾਹਿਰਾਂ ਦਾ ਕਹਿਣਾ ਹੈ ਕਿ ਜੇ ਇਹ ਨੀਤੀਆਂ ਲਾਗੂ ਹੁੰਦੀਆਂ ਹਨ, ਤਾਂ ਗ੍ਰੀਨ ਕਾਰਡ ਅਰਜ਼ੀਕਾਰਾਂ ਨੂੰ ਆਪਣੇ ਸੋਸ਼ਲ ਮੀਡੀਆ ਪੋਸਟਾਂ, ਸਿਆਸੀ ਗਤੀਵਿਧੀਆਂ ਅਤੇ ਜਨਤਕ ਬਿਆਨਾਂ ਬਾਰੇ ਬਹੁਤ ਸਾਵਧਾਨ ਰਹਿਣਾ ਪਵੇਗਾ। ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਵੀ ਇਹ ਮਾਮਲਾ ਮਹੱਤਵਪੂਰਨ ਹੈ, ਕਿਉਂਕਿ ਕਈ ਲੋਕ ਰੁਜ਼ਗਾਰ, ਪਰਿਵਾਰਕ ਸਪਾਂਸਰਸ਼ਿਪ ਅਤੇ ਅਸਾਇਲਮ ਰਾਹੀਂ ਰਿਹਾਇਸ਼ ਦੀ ਉਡੀਕ ਕਰ ਰਹੇ ਹਨ।

ਸਫਾ 1 ਦਾ ਬਾਕੀ

## ਅਮਰੀਕਾ 'ਚ ਜਨਮ-ਜਾਤ ਨਾਗਰਿਕਤਾ 'ਤੇ ਸੰਕਟ: ਭਾਰਤੀ ...

20 ਜਨਵਰੀ, 2025 ਨੂੰ ਦਸਤਖਤ ਕੀਤੇ ਗਏ ਕਾਰਜਕਾਰੀ ਆਦੇਸ਼ ਵਿਚ ਇਹ ਪਰਿਭਾਸ਼ਿਤ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ ਕਿ ਅਮਰੀਕਾ ਦੇ 'ਅਧਿਕਾਰ ਖੇਤਰ ਦੇ ਅਧੀਨ' ਕੌਣ ਮੰਨਿਆ ਜਾਵੇਗਾ। 1 ਅਪ੍ਰੈਲ ਨੂੰ ਸੁਪਰੀਮ ਕੋਰਟ ਵਿਚ ਸੁਣਵਾਈ ਸ਼ੁਰੂ ਹੋਣ ਤੋਂ ਬਾਅਦ, ਉਮੀਦ ਕੀਤੀ ਜਾ ਰਹੀ ਹੈ ਕਿ ਜੂਨ ਦੇ ਅੰਤ ਜਾਂ ਜੁਲਾਈ ਦੀ ਸ਼ੁਰੂਆਤ ਤੱਕ ਇਸ 'ਤੇ ਫੈਸਲਾ ਆ ਜਾਵੇਗਾ।

ਭਾਰਤੀ ਪ੍ਰਵਾਸੀਆਂ ਲਈ ਇਸਦਾ ਸੰਭਾਵੀ ਪ੍ਰਭਾਵ ਬਹੁਤ ਗੰਭੀਰ ਹੈ। ਕਈ ਲੋਕ ਐੱਚ-1ਬੀ ਵਰਗੇ ਅਸਥਾਈ ਵੀਜ਼ਾ 'ਤੇ ਅਮਰੀਕਾ ਵਿਚ ਰਹਿੰਦੇ ਅਤੇ ਕੰਮ ਕਰਦੇ ਹਨ ਅਤੇ ਗ੍ਰੀਨ ਕਾਰਡ ਦੀ ਲੰਬੀ ਉਡੀਕ ਕਾਰਨ ਅਕਸਰ ਸਾਲਾਂ ਜਾਂ ਦਹਾਕਿਆਂ ਤੱਕ ਇਸੇ ਸਥਿਤੀ ਵਿਚ ਰਹਿੰਦੇ ਹਨ। ਮੌਜੂਦਾ ਕਾਨੂੰਨ ਦੇ ਤਹਿਤ, ਅਮਰੀਕਾ ਵਿਚ ਪ੍ਰਵਾਸੀਆਂ ਦੇ ਜਨਮੇ ਬੱਚੇ ਜਨਮ ਤੋਂ ਹੀ ਨਾਗਰਿਕ ਹੁੰਦੇ ਹਨ। ਜੇਕਰ ਕਾਰਜਕਾਰੀ ਆਦੇਸ਼ ਨੂੰ ਬਰਕਰਾਰ ਰੱਖਿਆ ਜਾਂਦਾ ਹੈ, ਤਾਂ ਇਹ ਰਾਹ ਬੰਦ ਹੋ ਜਾਵੇਗਾ।

ਇਸ ਨਾਲ ਹਜ਼ਾਰਾਂ ਭਾਰਤੀ ਪੇਸ਼ੇਵਰਾਂ ਲਈ ਸਥਿਤੀ ਪੂਰੀ ਤਰ੍ਹਾਂ ਬਦਲ ਜਾਵੇਗੀ। ਇਮੀਗ੍ਰੇਸ਼ਨ ਨੀਤੀ ਵਿਸ਼ਲੇਸ਼ਕਾਂ ਦਾ ਕਹਿਣਾ ਹੈ ਕਿ ਸਥਾਈ ਨਿਵਾਸ (ਪੀ.ਆਰ.) ਲਈ ਲੰਬੀ ਉਡੀਕ ਕਰ ਰਹੇ ਪਰਿਵਾਰਾਂ ਨੂੰ ਅਨਿਸ਼ਚਿਤਤਾ ਦੀ ਇੱਕ ਨਵੀਂ ਪਰਤ ਦਾ ਸਾਹਮਣਾ ਕਰਨਾ ਪੈ ਸਕਦਾ ਹੈ ਕਿ ਅਮਰੀਕਾ ਵਿਚ ਜਨਮੇ ਬੱਚਿਆਂ ਨੂੰ ਸ਼ਾਇਦ ਉਸ ਇਕਲੌਤੇ ਦੇਸ਼ ਵਿਚ ਰਹਿਣ ਦਾ ਕਾਨੂੰਨੀ ਅਧਿਕਾਰ ਨਾ ਮਿਲੇ, ਜਿਸਨੂੰ ਉਹ ਜਾਣਦੇ ਹਨ। ਪ੍ਰਿੰਸਟਨ ਯੂਨੀਵਰਸਿਟੀ ਦੇ ਮਾਹਿਰ ਡਾਕਟਰ ਫਿਲਿਪ ਕੋਨਰ ਨੇ ਅਨੁਮਾਨ ਲਗਾਇਆ ਹੈ ਕਿ ਜਨਮਜਾਤ ਨਾਗਰਿਕਤਾ ਦਾ ਲਾਭ ਲੈਣ ਵਾਲੇ ਵਿਅਕਤੀ ਸਮੇਂ ਦੇ ਨਾਲ ਅਮਰੀਕੀ ਆਰਥਿਕਤਾ ਵਿਚ ਖਰਬਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ। ਉਨ੍ਹਾਂ ਦੇ ਵਿਸ਼ਲੇਸ਼ਣ ਅਨੁਸਾਰ, ਇਸ ਨੀਤੀ ਨੂੰ ਖਤਮ ਕਰਨ ਨਾਲ ਇੱਕ ਸਦੀ ਵਿਚ ਆਰਥਿਕ ਉਤਪਾਦਨ ਵਿਚ ਘੱਟੋ-ਘੱਟ 7.7 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ।

ਇਨ੍ਹਾਂ ਵਿਚੋਂ ਲਗਭਗ ਦੋ-ਤਿਹਾਈ ਲੋਕ ਉੱਚ ਸਿੱਖਿਆ ਵਾਲੇ ਕਿੱਤਿਆਂ ਜਿਵੇਂ ਕਿ ਸਿਹਤ ਸੇਵਾਵਾਂ, ਸਿੱਖਿਆ ਅਤੇ ਮੈਨੇਜਮੈਂਟ ਵਿਚ ਕੰਮ ਕਰਦੇ ਹਨ। ਕੋਨਰ ਨੇ ਕਿਹਾ ਕਿ ਜੇਕਰ ਤੁਸੀਂ ਲੱਖਾਂ ਭਵਿੱਖੀ ਕਾਮਿਆਂ ਨੂੰ ਹਟਾ ਦਿੰਦੇ ਹੋ, ਤਾਂ ਤੁਸੀਂ ਅਜਿਹੇ ਸਮੇਂ ਵਰਕਫੋਰਸ ਨੂੰ ਘਟਾ ਰਹੇ ਹੋ, ਜਦੋਂ ਅਮਰੀਕਾ ਪਹਿਲਾਂ ਹੀ ਬਜ਼ੁਰਗ ਹੋ ਰਿਹਾ ਹੈ।

'ਬਾਊਂਡਲੈੱਸ ਇਮੀਗ੍ਰੇਸ਼ਨ' ਦੇ ਸੀ.ਈ.ਓ. ਸ਼ਿਆਓ ਵਾਂਗ ਨੇ ਕਿਹਾ ਕਿ ਇਸ ਬਦਲਾਅ ਨਾਲ ਉੱਚ ਕੁਸ਼ਲ ਕਾਮੇ ਅਮਰੀਕਾ ਨੂੰ ਚੁਣਨ ਤੋਂ ਝਿਜਕ ਸਕਦੇ ਹਨ। ਉਨ੍ਹਾਂ ਚੇਤਾਵਨੀ ਦਿੱਤੀ ਕਿ ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵਰਗੇ ਦੇਸ਼ ਕੁਸ਼ਲ ਪ੍ਰਵਾਸੀਆਂ ਲਈ ਰਾਹ ਸਰਲ ਕਰ ਰਹੇ ਹਨ ਅਤੇ ਅਮਰੀਕਾ ਦੇ ਆਕਰਸ਼ਣ ਵਿਚ ਕਮੀ ਆਉਣ ਨਾਲ ਉਨ੍ਹਾਂ ਨੂੰ ਲਾਭ ਹੋ ਸਕਦਾ ਹੈ।

ਸਫਾ 1 ਦਾ ਬਾਕੀ

## ਟਰੰਪ ਨੂੰ ਵੱਡਾ ਝਟਕਾ: ਫੈਡਰਲ ਅਦਾਲਤ ਵੱਲੋਂ ...

ਉਸ ਹੁਕਮ ਵਿਚ ਦੱਖਣੀ ਸਰਹੱਦ 'ਤੇ "invasion" ਦਾ ਹਵਾਲਾ ਦੇ ਕੇ ਅਸਾਇਲਮ ਪ੍ਰਕਿਰਿਆ ਨੂੰ ਰੋਕ ਦਿੱਤਾ ਗਿਆ ਸੀ ਅਤੇ ਸੀ.ਬੀ.ਪੀ. ਵਨ ਐਪ ਵੀ ਬੰਦ ਕਰ ਦਿੱਤੀ ਗਈ ਸੀ। ਇਹ ਐਪ ਪਹਿਲਾਂ ਜੋਅ ਬਾਇਡਨ ਸਰਕਾਰ ਵੱਲੋਂ ਬਾਰਡਰ 'ਤੇ ਆਉਣ ਵਾਲੇ ਲੋਕਾਂ ਦੀਆਂ ਅਪੁਆਇਟਮੈਂਟਾਂ ਅਤੇ ਅਸਾਇਲਮ ਸਕ੍ਰੀਨਿੰਗ ਲਈ ਵਰਤੀ ਜਾਂਦੀ ਸੀ।

ਇਸ ਫੈਸਲੇ ਨਾਲ ਹਜ਼ਾਰਾਂ ਉਨ੍ਹਾਂ ਪਰਿਵਾਰਾਂ ਅਤੇ ਵਿਅਕਤੀਆਂ ਨੂੰ ਰਾਹਤ ਮਿਲ ਸਕਦੀ ਹੈ, ਜੋ ਸਰਹੱਦ 'ਤੇ ਇੰਟਰਵਿਊ ਜਾਂ ਸੁਣਵਾਈ ਦੀ ਉਡੀਕ ਕਰ ਰਹੇ ਸਨ। ਹਾਲਾਂਕਿ ਅਦਾਲਤੀ ਹੁਕਮ ਤੁਰੰਤ ਲਾਗੂ ਨਹੀਂ ਹੋਵੇਗਾ ਕਿਉਂਕਿ ਟਰੰਪ ਪ੍ਰਸ਼ਾਸਨ ਇਸ ਖਿਲਾਫ਼ ਦੁਬਾਰਾ ਸੁਣਵਾਈ ਜਾਂ ਉੱਚ ਅਦਾਲਤ ਵਿਚ ਅਪੀਲ ਕਰ ਸਕਦਾ ਹੈ।

ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਨੇ ਅਦਾਲਤੀ ਫੈਸਲੇ ਨਾਲ ਅਸਹਿਮਤੀ ਜਤਾਈ ਹੈ। ਵਿਭਾਗ ਦੇ ਬੁਲਾਰੇ ਨੇ ਕਿਹਾ ਕਿ ਇਹ ਇਸ ਮਾਮਲੇ ਦਾ ਆਖ਼ਰੀ ਸ਼ਬਦ ਨਹੀਂ ਅਤੇ ਸਰਕਾਰ ਸਰਹੱਦ ਸੁਰੱਖਿਆ, ਸਕ੍ਰੀਨਿੰਗ ਅਤੇ ਗੈਰ ਕਾਨੂੰਨੀ ਇਮੀਗ੍ਰੇਸ਼ਨ ਰੋਕਣ ਲਈ ਹਰ ਕਾਨੂੰਨੀ ਰਾਹ ਵਰਤੇਗੀ।

ਦੂਜੇ ਪਾਸੇ ਇਮੀਗ੍ਰੇਸ਼ਨ ਰਾਈਟਸ ਗਰੁੱਪ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਹੈ। **American Civil Liberties Union, Raices** ਅਤੇ ਹੋਰ ਸੰਸਥਾਵਾਂ ਨੇ ਕਿਹਾ ਕਿ ਅਦਾਲਤ ਨੇ ਸਪੱਸ਼ਟ ਕਰ ਦਿੱਤਾ ਹੈ ਕਿ ਕੋਈ ਵੀ ਰਾਸ਼ਟਰਪਤੀ ਕਾਂਗਰਸ ਵੱਲੋਂ ਬਣਾਏ ਅਸਾਇਲਮ ਕਾਨੂੰਨਾਂ ਨੂੰ ਇਕੱਲੇ ਖਤਮ ਨਹੀਂ ਕਰ ਸਕਦਾ।

ਇਹ ਫੈਸਲਾ ਅਮਰੀਕਾ ਦੀ ਇਮੀਗ੍ਰੇਸ਼ਨ ਨੀਤੀ ਲਈ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ। ਜੇਕਰ ਅਪੀਲ ਵਿਚ ਵੀ ਇਹ ਫੈਸਲਾ ਕਾਇਮ ਰਹਿੰਦਾ ਹੈ, ਤਾਂ ਬਾਰਡਰ ਅਸਾਇਲਮ ਪ੍ਰਕਿਰਿਆ ਮੁੜ ਸ਼ੁਰੂ ਹੋ ਸਕਦੀ ਹੈ ਅਤੇ ਸ਼ਰਨ ਮੰਗਣ ਵਾਲਿਆਂ ਨੂੰ ਬਣਦੀ ਪ੍ਰਕਿਰਿਆ ਦੇ ਹੱਕ ਮੁੜ ਮਿਲ ਸਕਦੇ ਹਨ। ਪੰਜਾਬੀ ਅਤੇ ਦੱਖਣੀ ਏਸ਼ੀਆਈ ਭਾਈਚਾਰੇ ਲਈ ਵੀ ਇਹ ਖ਼ਬਰ ਮਹੱਤਵਪੂਰਨ ਹੈ ਕਿਉਂਕਿ ਅਸਾਇਲਮ ਕੇਸਾਂ 'ਤੇ ਇਸਦਾ ਸਿੱਧਾ ਅਸਰ ਪੈ ਸਕਦਾ ਹੈ।

ਸਫਾ 1 ਦਾ ਬਾਕੀ

## ਅਮਰੀਕੀ ਸੁਪਰੀਮ ਕੋਰਟ ਵੱਲੋਂ ਟਰੰਪ ਪ੍ਰਸ਼ਾਸਨ ਦੀ ...

ਇਸ ਮਾਮਲੇ 'ਚ ਲੇਬਰ ਡਿਪਾਰਟਮੈਂਟ ਨੇ ਫਾਰਮ ਉੱਤੇ 212,000 ਡਾਲਰ ਤੋਂ ਵੱਧ ਸਿਵਲ ਪੈਨਲਿਟੀ ਅਤੇ ਲਗਭਗ 370,000 ਡਾਲਰ **back wages** ਲਗਾਈਆਂ ਸਨ। ਪਰ ਹੇਠਲੀ ਅਦਾਲਤ ਨੇ ਕਿਹਾ ਕਿ ਕੰਪਨੀ ਨੂੰ ਪਹਿਲਾਂ ਫੈਡਰਲ ਕੋਰਟ ਵਿਚ ਕੇਸ ਸੁਣਨ ਦਾ ਹੱਕ ਹੈ, ਨਾ ਕਿ ਡਿਪਾਰਟਮੈਂਟ ਆਫ ਲੇਬਰ ਦੇ ਐਡਮਿਨਿਸਟ੍ਰੇਟਿਵ ਜੱਜ ਕੋਲ। ਟਰੰਪ ਪ੍ਰਸ਼ਾਸਨ ਨੇ ਹੁਣ ਸੁਪਰੀਮ ਕੋਰਟ ਨੂੰ ਅਪੀਲ ਕਰਕੇ ਕਿਹਾ ਹੈ ਕਿ ਸਰਕਾਰੀ ਏਜੰਸੀਆਂ ਕੋਲ ਇਹ ਅਧਿਕਾਰ ਹੋਣਾ ਚਾਹੀਦਾ ਹੈ ਕਿ ਉਹ ਮਜ਼ਦੂਰਾਂ ਦੀ ਸੁਰੱਖਿਆ ਲਈ ਜੁਰਮਾਨੇ ਲਗਾ ਸਕਣ ਅਤੇ ਨਿਯਮ ਲਾਗੂ ਕਰ ਸਕਣ। ਸਰਕਾਰ ਦਾ ਕਹਿਣਾ ਹੈ ਕਿ ਐੱਚ-2ਏ ਕਾਮੇ ਅਮਰੀਕੀ ਖੇਤੀ ਮਜ਼ਦੂਰੀ ਬਲ ਦਾ ਵੱਡਾ ਹਿੱਸਾ ਹਨ, ਇਸ ਲਈ ਉਨ੍ਹਾਂ ਦੀ ਸੁਰੱਖਿਆ ਯਕੀਨੀ ਬਣਾਉਣਾ ਜ਼ਰੂਰੀ ਹੈ।

ਇਹ ਮਾਮਲਾ ਟਰੰਪ ਸਰਕਾਰ ਦੀ ਉਸ ਨੀਤੀ ਨਾਲ ਵੀ ਜੁੜਿਆ ਹੈ ਜਿਸ ਤਹਿਤ ਐੱਚ-2ਏ ਵੀਜ਼ਾ ਪ੍ਰੋਗਰਾਮ ਨੂੰ ਵਧਾਇਆ ਜਾ ਰਿਹਾ ਹੈ ਅਤੇ ਖੇਤੀਬਾੜੀ ਮਾਲਕਾਂ ਲਈ ਮਜ਼ਦੂਰ ਲਿਆਉਣਾ ਆਸਾਨ ਬਣਾਇਆ ਜਾ ਰਿਹਾ ਹੈ। ਦੂਜੇ ਪਾਸੇ, ਮਜ਼ਦੂਰ ਹੱਕਾਂ ਦੇ ਸਮਰਥਕ ਕਹਿੰਦੇ ਹਨ ਕਿ ਜੇ ਕੰਮਕਾਜ ਅਤੇ ਰਿਹਾਇਸ਼ ਦੇ ਨਿਯਮ ਕਮਜ਼ੋਰ ਹੋਏ ਤਾਂ ਪਰਵਾਸੀ ਮਜ਼ਦੂਰਾਂ ਦਾ ਸ਼ੋਸ਼ਣ ਵਧ ਸਕਦਾ ਹੈ।

ਹੁਣ ਸੁਪਰੀਮ ਕੋਰਟ ਇਸ ਸਾਲ ਦੇ ਅੰਤ ਤੱਕ ਦਲੀਲਾਂ ਸੁਣ ਸਕਦੀ ਹੈ ਅਤੇ 2027 ਦੇ ਮੱਧ ਤੱਕ ਅੰਤਿਮ ਫੈਸਲਾ ਆ ਸਕਦਾ ਹੈ। ਇਹ ਫੈਸਲਾ ਨਾ ਸਿਰਫ਼ ਖੇਤੀਬਾੜੀ ਉਦਯੋਗ ਲਈ, ਸਗੋਂ ਅਮਰੀਕਾ ਦੇ ਇਮੀਗ੍ਰੇਸ਼ਨ ਅਤੇ ਮਜ਼ਦੂਰ ਕਾਨੂੰਨਾਂ ਲਈ ਵੀ ਬਹੁਤ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

ਸਫਾ 1 ਦਾ ਬਾਕੀ

## ਟਰੰਪ ਵੱਲੋਂ 140 ਨਵੇਂ ਇਮੀਗ੍ਰੇਸ਼ਨ ਜੱਜਾਂ ਦੀ ਭਰਤੀ; ਤਜ਼ਰਬੇ ...

ਇਮੀਗ੍ਰੇਸ਼ਨ ਕੋਰਟਾਂ ਆਮ ਫੈਡਰਲ ਅਦਾਲਤਾਂ ਵਾਂਗ ਪੂਰੀ ਤਰ੍ਹਾਂ ਸੁਤੰਤਰ ਨਹੀਂ ਹੁੰਦੀਆਂ। ਇਹ ਡਿਪਾਰਟਮੈਂਟ ਆਫ ਜਸਟਿਸ ਦੇ ਅਧੀਨ ਚੱਲਦੀਆਂ ਹਨ, ਜਿਸ ਕਾਰਨ ਸਰਕਾਰ ਦੀ ਨੀਤੀ ਦਾ ਪ੍ਰਭਾਵ ਵੀ ਪੈ ਸਕਦਾ ਹੈ। ਇਸ ਲਈ ਜੱਜਾਂ ਦੀ ਭਰਤੀ ਹਮੇਸ਼ਾ ਸੰਵੇਦਨਸ਼ੀਲ ਮਾਮਲਾ ਰਹਿੰਦੀ ਹੈ।

ਪੰਜਾਬੀ ਭਾਈਚਾਰੇ ਲਈ ਇਹ ਖਬਰ ਇਸ ਕਰਕੇ ਵੀ ਮਹੱਤਵਪੂਰਨ ਹੈ ਕਿਉਂਕਿ ਕਈ ਪੰਜਾਬੀ ਪਰਿਵਾਰ ਸ਼ਰਨ, ਡਿਪੋਰਟੇਸ਼ਨ ਰਾਹਤ, ਸਟੇਟਸ ਬਦਲਾਅ ਜਾਂ ਹੋਰ ਇਮੀਗ੍ਰੇਸ਼ਨ ਕੇਸਾਂ ਵਿਚ ਕੋਰਟਾਂ ਨਾਲ ਜੁੜੇ ਹੋਏ ਹਨ। ਜੇ ਜੱਜ ਤਜ਼ਰਬੇਕਾਰ ਨਾ ਹੋਣ, ਤਾਂ ਕੇਸਾਂ ਦੇ ਨਤੀਜੇ ਪ੍ਰਭਾਵਿਤ ਹੋ ਸਕਦੇ ਹਨ।

ਟਰੰਪ ਸਮਰਥਕ ਕਹਿੰਦੇ ਹਨ ਕਿ ਅਮਰੀਕਾ ਵਿਚ ਕਾਨੂੰਨ ਦੀ ਪਾਲਣਾ ਲਈ ਸਖ਼ਤੀ ਲਾਜ਼ਮੀ ਹੈ ਅਤੇ ਨਵੇਂ ਜੱਜ ਕੇਸਾਂ ਦੀ ਲੰਬੀ ਲਾਈਨ ਘਟਾਉਣ ਵਿਚ ਮਦਦ ਕਰਨਗੇ। ਦੂਜੇ ਪਾਸੇ ਵਿਰੋਧੀ ਕਹਿੰਦੇ ਹਨ ਕਿ ਜਲਦੀ ਵਿਚ ਕੀਤੀਆਂ ਭਰਤੀਆਂ ਨਿਆਂ ਪ੍ਰਣਾਲੀ ਦੀ ਨਿਰਪੱਖਤਾ ਲਈ ਖ਼ਤਰਾ ਬਣ ਸਕਦੀਆਂ ਹਨ। ਇਹ ਮਾਮਲਾ ਆਉਣ ਵਾਲੇ ਦਿਨਾਂ ਵਿਚ ਹੋਰ ਗਰਮ ਹੋ ਸਕਦਾ ਹੈ, ਕਿਉਂਕਿ ਅਮਰੀਕਾ ਵਿਚ ਇਮੀਗ੍ਰੇਸ਼ਨ ਹਮੇਸ਼ਾ ਚੋਣ ਮੁੱਦਾ ਰਹਿੰਦਾ ਹੈ। ਹੁਣ ਸਭ ਦੀ ਨਜ਼ਰ ਇਸ ਗੱਲ 'ਤੇ ਹੈ ਕਿ ਕੀ ਇਹ ਨਵੇਂ ਜੱਜ ਬੈਕਲਾਗ ਘਟਾਉਣਗੇ ਜਾਂ ਨਵਾਂ ਵਿਵਾਦ ਖੜ੍ਹਾ ਕਰਨਗੇ।

# ਅਮਰੀਕਾ ਵਿਚ ਜਨਮਜਾਤ ਨਾਗਰਿਕਤਾ ’ਤੇ ਸੰਕਟ:

# ਭਾਰਤੀ ਪ੍ਰਵਾਸੀਆਂ, ਕਾਨੂੰਨੀ ਪ੍ਰਣਾਲੀ ਅਤੇ ਆਰਥਿਕਤਾ ’ਤੇ ਡੂੰਘਾ ਅਸਰ

ਗੁਰਜਤਿੰਦਰ ਸਿੰਘ ਰੰਧਾਵਾ
ਸੈਕਰਾਮੈਂਟੋ, ਕੈਲੀਫੋਰਨੀਆ
916-320-9444
ਪੰਜਾਬ ਮੇਲUSA





ਅਮਰੀਕਾ ਵਿਚ ਇਮੀਗ੍ਰੇਸ਼ਨ ਨੂੰ ਲੈ ਕੇ ਚੱਲ ਰਹੀ ਤਾਜ਼ਾ ਚਰਚਾ ਨੇ ਇੱਕ ਵਾਰ ਫਿਰ ਜਨਮਜਾਤ ਨਾਗਰਿਕਤਾ (ਬਰਥਰਾਈਟ ਸਿਟੀਜ਼ਨਸ਼ਿਪ) ਦੇ ਮੁੱਦੇ ਨੂੰ ਕੇਂਦਰ ਵਿਚ ਲਿਆ ਦਿੱਤਾ ਹੈ। ਡੋਨਾਲਡ ਟਰੰਪ ਵੱਲੋਂ ਇਸ ਨੀਤੀ ਨੂੰ ਚੁਣੌਤੀ ਦੇਣ ਅਤੇ ਇਸਦੀ ਵਿਆਖਿਆ ਬਦਲਣ ਦੀ ਕੋਸ਼ਿਸ਼ ਨੇ ਨਾ ਸਿਰਫ ਰਾਜਨੀਤਿਕ ਤਣਾਅ ਵਧਾਇਆ ਹੈ, ਬਲਕਿ ਲੱਖਾਂ ਪ੍ਰਵਾਸੀ ਪਰਿਵਾਰਾਂ ਲਈ ਅਨਿਸ਼ਚਿਤਤਾ ਦਾ ਮਾਹੌਲ ਵੀ ਪੈਦਾ ਕਰ ਦਿੱਤਾ ਹੈ। ਅਪ੍ਰੈਲ 2026 ਵਿਚ ਕੀਤੀਆਂ ਗਈਆਂ ਟਿੱਪਣੀਆਂ ਅਤੇ ਪਹਿਲਾਂ ਜਾਰੀ ਕੀਤੇ ਕਾਰਜਕਾਰੀ ਕਦਮਾਂ ਨੇ ਇਸ ਬਹਿਸ ਨੂੰ ਹੋਰ ਤੇਜ਼ ਕਰ ਦਿੱਤਾ ਹੈ, ਜਿਸ ਵਿਚ ਦਾਅਵਾ ਕੀਤਾ ਗਿਆ ਕਿ ਕੁਝ ਪ੍ਰਵਾਸੀ ਅਮਰੀਕਾ ਵਿਚ ਆ ਕੇ ਜਨਮਜਾਤ ਨਾਗਰਿਕਤਾ ਦੇ ਕਾਨੂੰਨ ਦਾ ਫਾਇਦਾ ਲੈਂਦੇ ਹਨ।

ਅਮਰੀਕਾ ਵਿਚ ਜਨਮਜਾਤ ਨਾਗਰਿਕਤਾ ਦਾ ਆਧਾਰ 14ਵੀਂ ਸੋਧ ਹੈ, ਪਰ ਇਸਦੀ ਇਤਿਹਾਸਕ ਪਿਛੋਕੜ ਨੂੰ ਸਮਝਣਾ ਬਹੁਤ ਜ਼ਰੂਰੀ ਹੈ। ਇਹ ਸੋਧ 1868 ਵਿਚ ਲਾਗੂ ਕੀਤੀ ਗਈ ਸੀ, ਜਿਸਦਾ ਸਿੱਧਾ ਸਬੰਧ ਅਮਰੀਕਨ ਸਿਵਲ ਵਾਰ ਤੋਂ ਬਾਅਦ ਦੇ ਸਮੇਂ ਨਾਲ ਸੀ। ਗ੍ਰਹਿ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਸਭ ਤੋਂ ਵੱਡਾ ਸਵਾਲ ਇਹ ਸੀ ਕਿ ਪੁਰਾਣੇ ਗੁਲਾਮਾਂ (ਅਫਰੀਕਨ ਅਮਰੀਕਨ) ਨੂੰ ਕਿਹੜੇ ਅਧਿਕਾਰ ਦਿੱਤੇ ਜਾਣ। ਉਸ ਸਮੇਂ ਡਰੇਡ ਸਕਾਟ ਵ. ਸੈਂਡਫੋਰਡ ਦੇ ਫੈਸਲੇ ਨੇ ਕਿਹਾ ਸੀ ਕਿ ਕਾਲੇ ਲੋਕ — ਭਾਵੇਂ ਜੇ ਉਹ ਅਮਰੀਕਾ ਵਿਚ ਜਨਮੇ ਹੋਣ —ਨਾਗਰਿਕ ਨਹੀਂ ਮੰਨੇ ਜਾਣਗੇ। ਇਸ ਫੈਸਲੇ ਨੇ ਵੱਡਾ ਵਿਵਾਦ ਖੜ੍ਹਾ ਕੀਤਾ ਅਤੇ ਇਸਨੂੰ ਅਨਿਆਇਕ ਮੰਨਿਆ ਗਿਆ।

ਇਸੇ ਅਨਿਆਇ ਨੂੰ ਠੀਕ ਕਰਨ ਲਈ 14ਵੀਂ ਸੋਧ ਲਿਆਂਦੀ ਗਈ, ਜਿਸਦਾ ਮੂਲ ਮਕਸਦ ਇਹ ਸੀ ਕਿ ਅਮਰੀਕਾ ਦੀ ਧਰਤੀ ’ਤੇ ਜਨਮ ਲੈਣ ਵਾਲੇ ਹਰ ਵਿਅਕਤੀ ਨੂੰ ਬਰਾਬਰ ਨਾਗਰਿਕਤਾ ਮਿਲੇ, ਤਾਂ ਜੋ ਕਿਸੇ ਵੀ ਨਸਲ ਜਾਂ ਪਿਛੋਕੜ ਦੇ ਆਧਾਰ ’ਤੇ ਭੇਦਭਾਵ ਨਾ ਹੋਵੇ। ਇਸ ਦਾ ਮਤਲਬ ਸੀ ਕਿ ਸਰਕਾਰ ਕਿਸੇ ਵੀ ਸਮੂਹ ਨੂੰ ਨਾਗਰਿਕਤਾ ਤੋਂ ਵੰਚਿਤ ਨਹੀਂ ਕਰ ਸਕਦੀ। ਇਸ ਤਰ੍ਹਾਂ ਜਨਮਜਾਤ ਨਾਗਰਿਕਤਾ ਅਸਲ ਵਿਚ ਇੱਕ ਸਿਵਲ ਰਾਈਟਸ (ਨਾਗਰਿਕ ਅਧਿਕਾਰ) ਦਾ ਹਿੱਸਾ ਸੀ, ਨਾ ਕਿ ਸਿਰਫ ਇਮੀਗ੍ਰੇਸ਼ਨ ਨੀਤੀ।

ਬਾਅਦ ਵਿਚ 1898 ਦੇ ਮਹੱਤਵਪੂਰਨ ਕੇਸ ‘ਯੂਨਾਈਟਿਡ ਸਟੇਟਸ - ਵੌਂਗ ਕਿਮ ਅਰਕ’ ਵਿਚ ਅਮਰੀਕੀ ਸੁਪਰੀਮ ਕੋਰਟ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਜੇਕਰ ਕੋਈ ਵਿਅਕਤੀ ਅਮਰੀਕਾ ਵਿਚ ਜਨਮ ਲੈਂਦਾ ਹੈ, ਤਾਂ ਉਹ ਨਾਗਰਿਕ ਹੈ — ਭਾਵੇਂਕਿ ਉਸਦੇ ਮਾਪੇ ਵਿਦੇਸ਼ੀ ਹੋਣ। ਇਹ ਫੈਸਲਾ ਅੱਜ ਤੱਕ ਜਨਮਜਾਤ ਨਾਗਰਿਕਤਾ ਲਈ ਸਭ ਤੋਂ ਵੱਡੀ ਕਾਨੂੰਨੀ ਨਜ਼ੀਰ ਮੰਨੀ ਜਾਂਦੀ ਹੈ।

ਗ੍ਰਹਿ ਯੁੱਧ ਦੇ ਖ਼ਤਮ ਹੋਣ ਤੋਂ ਬਾਅਦ ਅਮਰੀਕਾ ਵਿਚ ਸਭ ਤੋਂ ਵੱਡਾ ਸਵਾਲ ਇਹ ਸੀ ਕਿ ਪੁਰਾਣੇ ਗੁਲਾਮਾਂ (ਅਫਰੀਕਨ ਅਮਰੀਕਨ) ਨੂੰ ਕਿਹੜੇ ਅਧਿਕਾਰ ਦਿੱਤੇ ਜਾਣ। ਉਸ ਸਮੇਂ ਡਰੇਡ ਸਕਾਟ ਵ. ਸੈਂਡਫੋਰਡ ਦੇ ਫੈਸਲੇ ਨੇ ਕਿਹਾ ਸੀ ਕਿ ਕਾਲੇ ਲੋਕ — ਭਾਵੇਂ ਜੇ ਉਹ ਅਮਰੀਕਾ ਵਿਚ ਜਨਮੇ ਹੋਣ —ਨਾਗਰਿਕ ਨਹੀਂ ਮੰਨੇ ਜਾਣਗੇ। ਇਸ ਫੈਸਲੇ ਨੇ ਵੱਡਾ ਵਿਵਾਦ ਖੜ੍ਹਾ ਕੀਤਾ ਅਤੇ ਇਸਨੂੰ ਅਨਿਆਇਕ ਮੰਨਿਆ ਗਿਆ। ਇਸੇ ਅਨਿਆਇ ਨੂੰ ਠੀਕ ਕਰਨ ਲਈ 14ਵੀਂ ਸੋਧ ਲਿਆਂਦੀ ਗਈ, ਜਿਸਦਾ ਮੂਲ ਮਕਸਦ ਇਹ ਸੀ ਕਿ ਅਮਰੀਕਾ ਦੀ ਧਰਤੀ ’ਤੇ ਜਨਮ ਲੈਣ ਵਾਲੇ ਹਰ ਵਿਅਕਤੀ ਨੂੰ ਬਰਾਬਰ ਨਾਗਰਿਕਤਾ ਮਿਲੇ, ਤਾਂ ਜੋ ਕਿਸੇ ਵੀ ਨਸਲ ਜਾਂ ਪਿਛੋਕੜ ਦੇ ਆਧਾਰ ’ਤੇ ਭੇਦਭਾਵ ਨਾ ਹੋਵੇ। ਇਸ ਦਾ ਮਤਲਬ ਸੀ ਕਿ ਸਰਕਾਰ ਕਿਸੇ ਵੀ ਸਮੂਹ ਨੂੰ ਨਾਗਰਿਕਤਾ ਤੋਂ ਵੰਚਿਤ ਨਹੀਂ ਕਰ ਸਕਦੀ।

ਮੌਜੂਦਾ ਸਮੇਂ ਵਿਚ ਟਰੰਪ ਪ੍ਰਸ਼ਾਸਨ ਇਸੇ ਵਿਆਖਿਆ ਨੂੰ ਬਦਲਣ ਦੀ ਕੋਸ਼ਿਸ਼ ਕਰ ਰਿਹਾ ਹੈ, ਖਾਸ ਕਰਕੇ “ਅਧਿਕਾਰ ਖੇਤਰ ਦੇ ਅਧੀਨ” ਵਾਲੇ ਹਿੱਸੇ ਨੂੰ ਨਵੀਂ ਤਰ੍ਹਾਂ ਸਮਝਾ ਕੇ। ਜੇ ਇਹ ਵਿਆਖਿਆ ਬਦਲੀ ਜਾਂਦੀ ਹੈ, ਤਾਂ ਇਹ ਸਿਰਫ ਇੱਕ ਨੀਤੀ ਨਹੀਂ ਬਦਲੇਗੀ, ਬਲਕਿ ਸਿਵਲ ਰਾਈਟਸ ਦੇ ਇਤਿਹਾਸਕ ਆਧਾਰ ਨੂੰ ਵੀ ਪ੍ਰਭਾਵਿਤ ਕਰ ਸਕਦੀ ਹੈ।

ਇਸ ਮਾਮਲੇ ਦਾ ਅੰਤਿਮ ਫੈਸਲਾ ਹੁਣ ਅਮਰੀਕੀ ਸੁਪਰੀਮ ਕੋਰਟ ਦੇ ਹੱਥ ਵਿਚ ਹੈ, ਜਿੱਥੇ ਸੁਣਵਾਈ ਜਾਰੀ ਹੈ। ਜੇਕਰ ਕੋਰਟ ਨਵੀਂ ਵਿਆਖਿਆ ਨੂੰ ਮਨਜ਼ੂਰੀ ਦਿੰਦੀ ਹੈ, ਤਾਂ 150 ਸਾਲ ਪੁਰਾਣੀ ਪ੍ਰਥਾ ਵਿਚ ਵੱਡਾ ਬਦਲਾਅ ਹੋ ਸਕਦਾ ਹੈ, ਜਿਸਦਾ ਪ੍ਰਭਾਵ ਤੁਰੰਤ ਹੀ ਲੱਖਾਂ ਪਰਿਵਾਰਾਂ ’ਤੇ ਪਵੇਗਾ।

ਭਾਰਤੀ ਪ੍ਰਵਾਸੀਆਂ ਲਈ ਇਹ ਮਸਲਾ ਖਾਸ ਤੌਰ ’ਤੇ ਮਹੱਤਵਪੂਰਨ ਹੈ। ਐੱਚ-1ਬੀ ਅਤੇ ਹੋਰ ਅਸਥਾਈ ਵੀਜ਼ਿਆਂ ’ਤੇ ਕੰਮ ਕਰਨ ਵਾਲੇ ਲੋਕ ਸਾਲਾਂ ਤੱਕ ਗ੍ਰੀਨ ਕਾਰਡ ਦੀ ਉਡੀਕ ਕਰਦੇ ਹਨ। ਮੌਜੂਦਾ ਕਾਨੂੰਨ ਦੇ ਤਹਿਤ ਉਨ੍ਹਾਂ ਦੇ ਬੱਚੇ ਜਨਮ ਤੋਂ ਹੀ ਨਾਗਰਿਕ ਬਣ ਜਾਂਦੇ ਹਨ, ਜੋ ਉਨ੍ਹਾਂ ਦੇ ਪਰਿਵਾਰ ਲਈ ਸਥਿਰਤਾ ਦਾ ਆਧਾਰ ਹੁੰਦਾ ਹੈ। ਜੇ ਇਹ ਹੱਕ ਖਤਮ ਹੋ ਜਾਂਦਾ ਹੈ, ਤਾਂ ਬੱਚਿਆਂ ਦੀ ਕਾਨੂੰਨੀ ਸਥਿਤੀ ਅਸਪੱਸ਼ਟ ਹੋ ਸਕਦੀ ਹੈ ਅਤੇ ਪਰਿਵਾਰਾਂ ਨੂੰ ਆਪਣਾ ਭਵਿੱਖ ਮੁੜ ਤੈਅ ਕਰਨਾ ਪੈ ਸਕਦਾ ਹੈ।

ਇਸ ਨਾਲ “ਡਾਕੂਮੈਂਟਡ ਡ੍ਰੀਮਰਜ਼” ਦਾ ਮਸਲਾ ਵੀ ਹੋਰ ਗੰਭੀਰ ਹੋ ਸਕਦਾ ਹੈ, ਜਿੱਥੇ ਬੱਚੇ 21 ਸਾਲ ਦੇ ਹੋਣ ’ਤੇ ਕਾਨੂੰਨੀ ਦਰਜੇ ਤੋਂ ਬਾਹਰ ਹੋ ਜਾਂਦੇ ਹਨ। ਜੇ ਜਨਮਜਾਤ ਨਾਗਰਿਕਤਾ ਵੀ ਨਾ ਰਹੀ, ਤਾਂ ਇਹ ਬੱਚੇ ਨਾ ਪੂਰੇ ਤੌਰ ’ਤੇ ਅਮਰੀਕਾ ਨਾਲ ਜੁੜੇ ਰਹਿ ਸਕਣਗੇ ਅਤੇ ਨਾ ਹੀ ਆਪਣੇ ਮਾਪਿਆਂ ਦੇ ਦੇਸ਼ ਨਾਲ। ਆਰਥਿਕ ਪੱਖੋਂ ਵੀ ਇਸਦਾ ਵੱਡਾ ਅਸਰ ਪੈ ਸਕਦਾ ਹੈ। ਪ੍ਰਵਾਸੀ ਪਰਿਵਾਰਾਂ ਦੇ ਬੱਚੇ, ਜੋ ਅਮਰੀਕਾ ਵਿਚ ਜਨਮ ਲੈਂਦੇ ਹਨ, ਭਵਿੱਖ ਵਿਚ ਉੱਚ ਸਿੱਖਿਆ ਹਾਸਲ ਕਰਕੇ ਅਰਥਵਿਵਸਥਾ ਵਿਚ ਵੱਡਾ ਯੋਗਦਾਨ ਪਾਉਂਦੇ ਹਨ। ਪ੍ਰਿੰਸਟਨ ਯੂਨੀਵਰਸਿਟੀ ਦੇ ਵਿਦਵਾਨ ਫਿਲਿਪ ਕੋਨਰ ਦੇ ਅਨੁਸਾਰ, ਇਸ ਨੀਤੀ ਨੂੰ ਖਤਮ ਕਰਨ ਨਾਲ ਲੰਬੇ ਸਮੇਂ ਵਿਚ ਲਗਭਗ 7.7 ਟ੍ਰਿਲੀਅਨ ਡਾਲਰ ਦਾ ਨੁਕਸਾਨ ਹੋ ਸਕਦਾ ਹੈ। ਇਹ ਲੋਕ ਸਿਹਤ ਸੇਵਾ, ਟੈਕਨਾਲੋਜੀ ਅਤੇ ਮੈਨੇਜਮੈਂਟ ਵਰਗੇ ਖੇਤਰਾਂ ਵਿਚ ਕੰਮ ਕਰਦੇ ਹਨ, ਜਿੱਥੇ ਅਮਰੀਕਾ ਨੂੰ ਪਹਿਲਾਂ ਹੀ ਕੁਸ਼ਲ ਮਜ਼ਦੂਰਾਂ ਦੀ ਲੋੜ ਹੈ।

ਇਸ ਦੇ ਨਾਲ ਗਲੋਬਲ ਪੱਧਰ ’ਤੇ ਵੀ ਪ੍ਰਭਾਵ ਪੈ ਸਕਦਾ ਹੈ। Boundless Immigration ਦੇ ਸੀ.ਈ.ਓ. ਜ਼ਿਓ ਵੈਂਗ ਦਾ ਕਹਿਣਾ ਹੈ ਕਿ ਜੇਕਰ ਅਮਰੀਕਾ ਦੀਆਂ ਨੀਤੀਆਂ ਸਖਤ ਹੋ ਜਾਂਦੀਆਂ ਹਨ, ਤਾਂ ਹੁਨਰਮੰਦ ਪ੍ਰਵਾਸੀ ਕੈਨੇਡਾ, ਬ੍ਰਿਟੇਨ ਅਤੇ ਆਸਟ੍ਰੇਲੀਆ ਵੱਲ ਰੁਖ ਕਰ ਸਕਦੇ ਹਨ, ਜਿੱਥੇ ਉਨ੍ਹਾਂ ਨੂੰ ਵੱਧ ਸਥਿਰਤਾ ਅਤੇ ਤੇਜ਼ ਨਾਗਰਿਕਤਾ ਮਿਲਦੀ ਹੈ।

ਸਮਾਜਿਕ ਅਤੇ ਮਨੋਵਿਗਿਆਨਕ ਪੱਧਰ ’ਤੇ ਵੀ ਇਸ ਦੇ ਨਤੀਜੇ ਡੂੰਘੇ ਹੋ ਸਕਦੇ ਹਨ। ਜਨਮਜਾਤ ਨਾਗਰਿਕਤਾ ਦਾ ਹੱਕ ਸਿਰਫ ਇੱਕ ਕਾਨੂੰਨੀ ਸਥਿਤੀ ਨਹੀਂ, ਬਲਕਿ ਪਹਿਚਾਣ ਅਤੇ ਸੁਰੱਖਿਆ ਨਾਲ ਜੁੜਿਆ ਹੋਇਆ ਹੈ। ਇਸਨੂੰ ਖਤਮ ਕਰਨ ਨਾਲ ਪਰਿਵਾਰਾਂ ਵਿਚ ਡਰ ਅਤੇ ਅਨਿਸ਼ਚਿਤਤਾ ਵਧ ਸਕਦੀ ਹੈ।

ਆਖ਼ਰ ਵਿਚ, ਇਹ ਮਸਲਾ ਸਿਰਫ ਇਮੀਗ੍ਰੇਸ਼ਨ ਦੀ ਨੀਤੀ ਦਾ ਨਹੀਂ, ਬਲਕਿ ਅਮਰੀਕਾ ਦੇ ਮੂਲ ਸਿਧਾਂਤਾਂ ਨਾਲ ਜੁੜਿਆ ਹੋਇਆ ਹੈ —ਬਰਾਬਰੀ, ਅਧਿਕਾਰ ਅਤੇ ਮੌਕਿਆਂ ਦੀ ਬਰਾਬਰੀ। ਆਉਣ ਵਾਲੇ ਮਹੀਨਿਆਂ ਵਿਚ ਅਮਰੀਕੀ ਸੁਪਰੀਮ ਕੋਰਟ ਦਾ ਫੈਸਲਾ ਇਹ ਤੈਅ ਕਰੇਗਾ ਕਿ ਕੀ ਅਮਰੀਕਾ ਆਪਣੀ ਇਸ ਇਤਿਹਾਸਕ ਰਵਾਇਤ ਨੂੰ ਕਾਇਮ ਰੱਖਦਾ ਹੈ ਜਾਂ ਇੱਕ ਨਵੀਂ ਦਿਸ਼ਾ ਵੱਲ ਵਧਦਾ ਹੈ, ਜਿਸਦਾ ਪ੍ਰਭਾਵ ਸਿਰਫ ਅਮਰੀਕਾ ਹੀ ਨਹੀਂ, ਸਾਰੀ ਦੁਨੀਆਂ ’ਤੇ ਪਵੇਗਾ।

# ਆਮ ਆਦਮੀ ਪਾਰਟੀ ਨੂੰ ਝਟਕਾ

# ਚੋਰਾਂ ਨੂੰ ਮੋਰ ਪੈ ਗਏ





-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA


ਰਾਘਵ ਚੱਢੇ ਦੇ ਸਿਆਸੀ ਧਮਾਕੇ ਤੋਂ ਬਾਅਦ ਆਮ ਆਦਮੀ ਪਾਰਟੀ ’ਤੇ ਗਹਿਰੇ ਸੰਕਟ ਦੇ ਬੱਦਲ ਮੰਡਰਾਉਣ ਲੱਗ ਗਏ ਹਨ। ਪੰਜਾਬ ਸਰਕਾਰ ਲਈ ਵੀ ਖ਼ਤਰੇ ਦੀ ਘੰਟੀ ਵੱਜ ਗਈ ਹੈ। ਇਸ ਧਮਾਕੇ ਨੇ ਸਿਆਸੀ ਸਮੀਕਰਨ ਹੀ ਬਦਲ ਦਿੱਤੇ ਹਨ। ਜਿਸ ਤਰ੍ਹਾਂ ਹਵਾ ਦੇ ਬੁਲੇ ਦੀ ਵਾਂਗ ਇਹ ਪਾਰਟੀ ਹੋਂਦ ਵਿਚ ਆਈ ਸੀ, ਉਸੇ ਤਰ੍ਹਾਂ ਵਰਤਮਾਨ ਸਿਆਸੀ ਘਟਨਾਵਾਂ ਤੋਂ ਬਾਅਦ ਇਉਂ ਮਹਿਸੂਸ ਕੀਤਾ ਜਾ ਰਿਹਾ ਹੈ ਕਿ ਇਹ ਪਾਰਟੀ ਬਿਖਰਕੇ ਤੀਲਾ-ਤੀਲਾ ਹੋ ਜਾਵੇਗੀ, ਕਿਉਂਕਿ ਇਹ ਪਾਰਟੀ ਸਿਧਾਂਤਹੀਣ ਹੈ, ਵੱਖ-ਵੱਖ ਵਿਚਾਰਧਾਰਾਵਾਂ ਵਾਲੇ ਸਿਆਸਤਦਾਨ ਲਾਲਚ ਹਿੱਤ ਸਿਆਸੀ ਤਾਕਤ ’ਤੇ ਕਬਜ਼ਾ ਕਰਨ ਲਈ ਇਕੱਠੇ ਹੋਏ ਸਨ। ਇਸ ਪਾਰਟੀ ਦਾ ਨਾ ਕੋਈ ਸੰਵਿੰਧਾਨ, ਨਾ ਕੋਈ ਆਧਾਰ, ਨਾ ਕੋਈ ਪਾਰਟੀ ਕੇਡਰ ਅਤੇ ਨਾ ਹੀ ਕੋਈ ਅਸੂਲ ਹਨ। ਐਧਰੋਂ ਓਧਰੋਂ ਇਕੱਠੀ ਕੀਤੀ ਸਿਧਾਂਤਹੀਣ ਸਿਆਸਤਦਾਨਾਂ ਦੀ ਭੀੜ ਹੈ, ਜਿਨ੍ਹਾਂ ਦੀ ਉਨ੍ਹਾਂ ਦੀਆਂ ਪਾਰਟੀਆਂ ਵਿਚ ਪੁੱਛ ਪੜਤਾਲ ਹੀ ਨਹੀਂ ਸੀ, ਭਾਵ ਉਨ੍ਹਾਂ ਨੂੰ ਕੋਈ ਬੇਰਾਂ ਵੱਟੇ ਵੀ ਪੁੱਛਦਾ ਨਹੀਂ ਸੀ। ਦੂਜੀਆਂ ਪਾਰਟੀਆਂ ਵਿਚੋਂ ਲਾਲਚੀ ਲੋਕਾਂ ਨੂੰ ਪਾਰਟੀ ਵਿਚ ਸ਼ਾਮਲ ਕਰਨਾ ਉਸਦੀ ਮਜਬੂਰੀ ਸੀ। ਇਨ੍ਹਾਂ ਨੂੰ ਆਪੋ-ਧਾਪੀ ਪਈ ਹੋਈ ਹੈ। ਰਾਘਵ ਚੱਢੇ ਦੇ ਐਲਾਨਨਾਮੇ ਤੋਂ ਬਾਅਦ ਅਰਵਿੰਦ ਕੇਜਰੀਵਾਲ ਨੂੰ ਹੱਥਾਂ-ਪੈਰਾਂ ਦੀ ਪੈ ਗਈ ਹੈ, ਕਿਉਂਕਿ ਉਹ ਸਿਆਸੀ ਤਾਕਤ ਦੇ ਚੁਬਾਰੇ ਵਿਚ ਚੜ੍ਹਕੇ ਲੋਕਾਂ ਦੇ ਦਿੱਤੇ ਅਥਾਹ ਫਤਵੇ ਦਾ ਵਿਸ਼ਵਾਸਘਾਤ ਕਰ ਰਿਹਾ ਸੀ। ਸਿਆਸੀ ਤਾਕਤ ਦਾ ਘੁਮੰਡ ਹੀ ਉਸਦੇ ਸਿਰ ਨੂੰ ਚੜ੍ਹਕੇ ਬੋਲਦਾ ਸੀ। ਪੰਜਾਬ ਨੂੰ ਉਹ ਆਪਣੀ ਜੱਦੀ ਜਾਇਦਾਦ ਸਮਝਣ ਲੱਗ ਪਿਆ ਸੀ। ਪੰਜਾਬ ਤੋਂ ਬਾਹਰੋਂ ਲਿਆਕੇ ਪੰਜਾਬੀਆਂ ਦੀ ਹਿੱਕ ’ਤੇ ਬਿਠਾ ਦਿੱਤੇ, ਉਸਨੇ ਪੰਜਾਬੀਆਂ ਦੀ ਅਣਖ ਨੂੰ ਵੰਗਾਰਿਆ ਸੀ ਤੇ ਫਿਰ ਉਸਦੇ ਚਹੇਤਿਆਂ ਨੇ ਹੀ ਅਰਵਿੰਦ ਕੇਜਰੀਵਾਲ ਨੂੰ ਸਬਕ ਸਿਖਾ ਦਿੱਤਾ। ਸਿਆਸਤ ਦੇ ਨਸ਼ੇ ਵਿਚ ਘੂਕ ਸੁੱਤੇ ਅਰਵਿੰਦ ਕੇਜਰੀਵਾਲ ’ਤੇ ਅਚਾਨਕ ਚੋਰਾਂ ’ਤੇ ਮੋਰ ਪੈ ਗਏ। ਕੱਚ ਦੇ ਘਰਾਂ ਵਿਚ ਰਹਿੰਦਿਆਂ ਅਰਵਿੰਦ ਕੇਜਰੀਵਾਲ ਦੂਜਿਆਂ ਦੇ ਪੱਥਰ ਮਾਰਦਾ ਰਿਹਾ। ਉਹੀ ਪੱਥਰਾਂ ਨੇ ਹੀ ਉਸਦੇ ਸਿਆਸੀ ਸ਼ੀਸ਼ ਮਹਿਲ ਨੂੰ ਮਲੀਆਮੇਟ ਕਰ ਦਿੱਤਾ। ਹੁਣ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਨੂੰ ਦਿੱਲੀ ਵਾਲੇ ਘਰ ਖਾਲ੍ਹੀ ਕਰਨੇ ਪੈਣਗੇ। ਉਹ ਦੂਜੇ ਸੂਬਿਆਂ ਦੇ ਵਿਅਕਤੀਆਂ ਨੂੰ ਪੰਜਾਬ ਵਿਚ ਅਹੁਦਿਆਂ ਨਾਲ ਨਿਵਾਜ਼ਕੇ ਪੰਜਾਬੀਆਂ ਦੇ ਜ਼ਖਮਾਂ ’ਤੇ ਲੂਣ ਛਿੜਕਦਾ ਰਿਹਾ। ਹੁਣ ਜਦੋਂ ਉਸਦੇ ਜ਼ਖਮ ’ਤੇ ਲੂਣ ਪਿਆ, ਤਾਂ ਰਿਸਦੇ ਜ਼ਖ਼ਮਾਂ ਨਾਲ ਤੜਪ ਰਿਹਾ ਹੈ। ਉਸਦਾ ਦਿੱਤਾ ਨੁਸਖਾ ਪੁੱਠਾ ਪੈ ਗਿਆ। ਹੁਣ ਉਹ ਕਹਿ ਰਿਹਾ ਹੈ ਕਿ ਭਾਰਤੀ ਜਨਤਾ ਪਾਰਟੀ ਦਾ ‘ਅਪ੍ਰੇਸ਼ਨ ਲੋਟਸ’ ਹੈ, ਪ੍ਰੰਤੂ ਜਦੋਂ ਉਹ ਦੂਜੀਆਂ ਪਾਰਟੀਆਂ ਵਿਚ ਸੰਨ੍ਹ ਲਾ ਰਿਹਾ ਸੀ, ਤਾਂ ਉਸਨੂੰ ਸੋਚਣਾ ਚਾਹੀਦਾ ਸੀ ਕਿ ਉਸਦੇ ਨੰਗੇ ਸਿਰ ’ਤੇ ਵੀ ਗੜੇ ਪੈ ਸਕਦੇ ਹਨ।

ਆਮ ਆਦਮੀ ਪਾਰਟੀ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੁੱਧ ਚਲਾਏ ਗਏ ਅੰਦੋਲਨ ਵਿਚੋਂ ਨਿਕਲੀ ਸੀ। ਅਸਲ ਵਿਚ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੇ ਸ਼ਾਤਰ ਦਿਮਾਗ ਦੀ ਉਪਜ ਸੀ। ਅੰਨਾ ਹਜ਼ਾਰੇ ਦੇ ਵਿਰੋਧ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਨੇ ਬਗ਼ਾਵਤ ਕਰਕੇ ਆਮ ਆਦਮੀ ਪਾਰਟੀ ਬਣਾਈ ਸੀ। ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਨਾਮ ’ਤੇ ਲੋਕਾਂ ਨੂੰ ਵਰਗਲਾਕੇ ਸਾਫ-ਸੁਥਰਾ ਪ੍ਰਸ਼ਾਸਨ ਦੇਣ ਦਾ ਲਾਲੀਪੋਪ ਦੇਣ ਦਾ ਸੁਪਨਾ ਵਿਖਾਕੇ ਬਦਲਾਅ ਲਿਆਉਣ ਵਾਲੀ ਸਰਕਾਰ ਬਣਾਈ ਸੀ। ਨਵੀਂ ਪਾਰਟੀ ਹੋਣ ਕਰਕੇ ਆਮ ਆਦਮੀ ਪਾਰਟੀ ਦਾ ਆਪਣਾ ਕੋਈ ਕੇਡਰ ਨਹੀਂ ਸੀ। ਇਸ ਲਈ ਅਰਵਿੰਦ ਕੇਜਰੀਵਾਲ ਨੇ ਦੂਜੀਆਂ ਪਾਰਟੀਆਂ ਦੇ ਬੁਖਲਾਹਟ ਵਿਚ ਆਏ ਹੋਏ ਲਾਲਚੀ ਸਿਆਸੀ ਤਾਕਤ ਦੇ ਭੁੱਖੇ ਤੇ ਕੱਢੇ-ਵੱਢੇ ਸਿਆਸਤਦਾਨਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰ ਲਿਆ ਸੀ। ਇਨ੍ਹਾਂ ਵਿਚ ਕੁਝ ਵਿਦਵਾਨ ਪੜ੍ਹੇ-ਲਿਖੇ ਡਾਕਟਰ, ਵਕੀਲ, ਕਾਨੂੰਨਦਾਨ, ਪੱਤਰਕਾਰ, ਸਮਾਜ ਸੇਵਕ ਅਤੇ ਉਚ ਅਹੁਦਿਆਂ ’ਤੇ ਕੰਮ ਕਰਨ ਵਾਲੇ ਅਗਾਂਹਵਧੂ ਨਿਆਇਕ ਅਧਿਕਾਰੀ ਵੀ ਸ਼ਾਮਲ ਸਨ, ਪ੍ਰੰਤੂ ਅਰਵਿੰਦ ਕੇਜਰੀਵਾਲ ਨੇ ਅਜਿਹੇ ਲੋਕਾਂ ਜਿਨ੍ਹਾਂ ਵਿੱਚ ਪ੍ਰਸ਼ਾਂਤ ਭੂਸ਼ਣ, ਯੋਗਿੰਦਰ ਯਾਦਵ, ਐਡਮਿਰਲ ਰਾਮ ਦਾਸ, ਕਿਰਨ ਬੇਦੀ, ਐੱਚ.ਐੱਸ. ਫੂਲਕਾ, ਸੁੱਚਾ ਸਿੰਘ ਛੋਟੇਪੁਰ, ਡਾ. ਧਰਮਵੀਰ ਗਾਂਧੀ, ਸੁਖਪਾਲ ਸਿੰਘ ਖਹਿਰਾ ਅਤੇ ਗੁਰਪ੍ਰੀਤ ਸਿੰਘ ਘੁੱਗੀ ਆਦਿ ਸ਼ਾਮਲ ਸਨ, ਨੂੰ ਪੜਾਅਵਾਰ ਪਾਰਟੀ ਵਿਚੋਂ ਬਾਹਰ ਦਾ ਰਸਤਾ ਵਿਖਾਕੇ ਆਪਣੀ ਤਾਨਾਸ਼ਾਹੀ ਦਾ ਸਬੂਤ ਦੇ ਦਿੱਤਾ ਸੀ। ਕੁਝ ਲੋਕ ਆਪਣੇ ਆਪ ਹੀ ਪਾਰਟੀ ਨਾਲੋਂ ਨਾਤਾ ਤੋੜ ਗਏ ਸਨ। ਦਿੱਲੀ ਵਿਚ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਨੇ ਸਰਕਾਰ ਬਣਾ ਲਈ ਸੀ, ਪ੍ਰੰਤੂ ਫੋਕੇ ਵਾਅਦੇ ਬਹੁਤਾ ਸਮਾਂ ਲੋਕਾਂ ਨੂੰ ਭਰਮਾ ਨਾ ਸਕੇ, ਅਖੀਰ ਦਿੱਲੀ ਜਦੋਂ ਹੱਥੋਂ ਗੁਆ ਲਈ, ਤਾਂ ਆਮ ਆਦਮੀ ਪਾਰਟੀ ਦੇ ਬਰਸਾਤੀ ਡੱਡੂ ਦੂਜੀਆਂ ਪਾਰਟੀਆਂ ਵਿਚ ਛਾਲਾਂ ਮਾਰ ਗਏ। ਪੰਜਾਬ ਵਿਚ ਵੀ 2022 ਵਿਚ ਆਮ ਆਦਮੀ ਪਾਰਟੀ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਦੀ ਅਗਵਾਈ ਵਿਚ ਸਰਕਾਰ ਬਣਾ ਲਈ। ਜਦੋਂ ਅਰਵਿੰਦ ਕੇਜਰੀਵਾਲ ਦਿੱਲੀ ਵਿਚੋਂ ਚੋਣ ਹਾਰ ਗਿਆ, ਤਾਂ ਆਪਣੇ ਸਾਰੇ ਸਾਥੀਆਂ ਨੂੰ ਲੈ ਕੇ ਪੰਜਾਬ ਵਿਚ ਅਸਿੱਧੇ ਢੰਗ ਨਾਲ ਰਾਜ ਕਰਨ ਲੱਗ ਪਿਆ। ਭਗਵੰਤ ਸਿੰਘ ਮਾਨ ਨੂੰ ਆਜ਼ਾਦਾਨਾ ਤੌਰ ’ਤੇ ਕੰਮ ਨਹੀਂ ਕਰਨ ਦਿੱਤਾ ਜਾ ਰਿਹਾ ਸੀ। ਉਹ ਸਿਰਫ ਨਾਮ ਦਾ ਹੀ ਮੁੱਖ ਮੰਤਰੀ ਰਹਿ ਗਿਆ ਸੀ। ਜਿਸ ਕਰਕੇ ਪੰਜਾਬੀਆਂ ਵਿਚ ਰੋਸ ਦੀ ਲਹਿਰ ਪੈਦਾ ਹੋ ਗਈ। ਚੁਣੇ ਹੋਏ ਨੁਮਾਇੰਦਿਆਂ ਦੀ ਅਣਵੇਖੀ ਦਾ ਨਤੀਜਾ ਅਰਵਿੰਦ ਕੇਜਰੀਵਾਲ ਨੂੰ ਭੁਗਤਣਾ ਪੈ ਰਿਹਾ ਹੈ। ਫਿਰ ਦੂਜੀਆਂ ਪਾਰਟੀਆਂ ਵਿਚੋਂ ਲਿਆਂਦੀ ਸਿਆਸੀ ਰਹਿੰਦ-ਖੂੰਹਦ ਆਪਣੇ ਅਸਲੀ ਰੂਪ ਵਿਚ ਆ ਗਈ ਹੈ, ਕਿਉਂਕਿ ਜਿਹੜਾ ਸਿਆਸਤਦਾਨ ਤਾਕਤ ਦੀ ਭੁੱਖ ਕਰਕੇ ਆਪਣੀ ਮਾਂ ਪਾਰਟੀ ਦਾ ਨਹੀਂ ਹੋ ਸਕਿਆ, ਉਹ ਅਰਵਿੰਦ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦਾ ਕਿਵੇਂ ਬਣ ਸਕਦਾ ਸੀ। ਇਮਾਨਦਾਰੀ ਦੀ ਡਾਉਂਡੀ ਪਿੱਟਣ ਵਾਲੀ ਸਰਕਾਰ ਦੇ ਪੰਜਾਬ ਵਿਚ ਪਿਛਲੇ ਚਾਰ ਸਾਲਾਂ ਵਿਚ ਇੱਕ ਦਰਜਨ ਤੋਂ ਵਧੇਰੇ ਮੰਤਰੀ/ਵਿਧਾਨਕਾਰ ਭ੍ਰਿਸ਼ਟਾਚਾਰ ਦੀ ਲਪੇਟ ਵਿਚ ਆ ਚੁੱਕੇ ਹਨ। ਕਈਆਂ ਨੂੰ ਜੇਲ੍ਹ ਵਿਚ ਜਾਣਾ ਪਿਆ ਤੇ ਇਸ ਸਮੇਂ ਇੱਕ ਮੰਤਰੀ ਅਤੇ ਦੋ ਵਿਧਾਨਕਾਰ ਅਜੇ ਵੀ ਜੇਲ੍ਹ ਵਿਚ ਬੰਦ ਹਨ। ਅਰਵਿੰਦ ਕੇਜਰੀਵਾਲ, ਮਨੀਸ਼ ਸਿਸੋਦੀਆ ਅਤੇ ਦਿੱਲੀ ਦੇ ਹੋਰ ਕਈ ਮੰਤਰੀ ਜੇਲ੍ਹ ਵਿਚ ਬੰਦ ਰਹੇ ਹਨ। ਇਮਾਨਦਾਰ ਪਾਰਟੀ ਦਾ ਭਾਂਡਾ ਸ਼ਰੇ ਬਾਜ਼ਾਰ ਵਿਚ ਫੁੱਟ ਚੁੱਕਾ ਹੈ। ਤਾਜ਼ਾ ਘਟਨਾਕ੍ਰਮ ਜਿਸ ਵਿਚ ਆਮ ਆਦਮੀ ਪਾਰਟੀ ਦੇ 10 ਵਿਚੋਂ 7 ਰਾਜ ਸਭਾ ਦੇ ਮੈਂਬਰਾਂ ਰਾਘਵ ਚੱਢਾ, ਅਸ਼ੋਕ ਮਿੱਤਲ, ਸੰਦੀਪ ਪਾਠਕ, ਹਰਭਜਨ ਸਿੰਘ, ਵਿਕਰਮ ਸਿੰਘ ਸਾਹਨੀ, ਰਾਜਿੰਦਰ ਗੁਪਤਾ ਅਤੇ ਸਵਾਤੀ ਮਾਲੀਵਾਲ ਨੇ ਆਮ ਆਦਮੀ ਪਾਰਟੀ ਨਾਲੋਂ ਨਾਤਾ ਤੋੜ ਲਿਆ ਹੈ। ਇਨ੍ਹਾਂ ਅਮੀਰਜ਼ਾਦਿਆਂ ਨੂੰ ਟਿਕਟਾਂ ਪੰਜਾਬੀਆਂ ਦੇ ਹੱਕਾਂ ਨੂੰ ਛਿੱਕੇ ’ਤੇ ਟੰਗਕੇ ਦਿੱਤੀਆਂ ਸਨ। ਉਦੋਂ ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ਨੇ ਧੋਖਾ ਦਿੱਤਾ ਤੇ ਗਦਾਰੀ ਕੀਤੀ ਸੀ। ਇਨ੍ਹਾਂ ਵਿਚੋਂ ਤਿੰਨ ਰਾਘਵ ਚੱਢਾ, ਅਸ਼ੋਕ ਮਿਤਲ ਅਤੇ ਸੰਦੀਪ ਪਾਠਕ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਪੰਜਾਬ ਵਿਚੋਂ ਚੁਣੇ ਗਏ 7 ਮੈਂਬਰਾਂ ਵਿਚੋਂ 6 ਆਮ ਆਦਮੀ ਪਾਰਟੀ ਨੂੰ ਅਲਵਿਦਾ ਕਹਿ ਗਏ ਹਨ। ਪੰਜਾਬ ਵਿਚੋਂ ਸਿਰਫ ਇੱਕ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਆਮ ਆਦਮੀ ਪਾਰਟੀ ਵਿਚ ਰਹਿ ਗਿਆ ਹੈ। ਦਿੱਲੀ ਵਿਚੋਂ ਚੁਣੇ ਗਏ ਤਿੰਨ ਮੈਂਬਰਾਂ ਵਿਚੋਂ ਇੱਕ ਸਵਾਤੀ ਮਾਲੀਵਾਲ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋ ਗਏ ਹਨ। ਸੰਜੇ ਸਿੰਘ ਅਤੇ ਨਰਾਇਣ ਦੱਤ ਗੁਪਤਾ ਦੋ ਮੈਂਬਰ ਰਹਿ ਗਏ ਹਨ। ਥੋੜ੍ਹੇ ਦਿਨ ਪਹਿਲਾਂ ਰਾਜ ਸਭਾ ਵਿਚ ਆਮ ਆਦਮੀ ਪਾਰਟੀ ਦੇ ਡਿਪਟੀ ਨੇਤਾ ਰਾਘਵ ਚੱਢਾ ਦੀ ਥਾਂ ਅਸ਼ੋਕ ਮਿੱਤਲ ਨੂੰ ਡਿਪਟੀ ਨੇਤਾ ਬਣਾਇਆ ਸੀ। ਅਸ਼ੋਕ ਮਿਤਲ ਵੀ ਆਮ ਆਦਮੀ ਪਾਰਟੀ ਤੋਂ ਕਿਨਾਰਾ ਕਰ ਗਏ ਹਨ। ਇਹ ਬਗ਼ਾਵਤ ਰਾਘਵ ਚੱਢਾ ਨੂੰ ਡਿਪਟੀ ਨੇਤਾ ਤੋਂ ਹਟਾਉਣ ਤੋਂ ਬਾਅਦ ਹੋਈ ਸਮਝੀ ਜਾਂਦੀ ਹੈ। ਵੈਸੇ ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰਾਂ ਦੇ ਭਾਰਤੀ ਜਨਤਾ ਪਾਰਟੀ ਵਿਚ ਸ਼ਾਮਲ ਹੋਣ ਦੀ ਕਨਸੋਅ ਪਿਛਲੇ ਇੱਕ ਸਾਲ ਤੋਂ ਆ ਰਹੀ ਸੀ। ਰਾਘਵ ਚੱਢਾ ਨੂੰ ਰਾਜ ਸਭਾ ਵਿਚ ਆਮ ਆਦਮੀ ਪਾਰਟੀ ਦੇ ਡਿਪਟੀ ਨੇਤਾ ਤੋਂ ਹਟਾਉਣ ਤੋਂ ਬਾਅਦ ਇਹ ਕਨਸੋਅ ਭਾਂਬੜ ਬਣਕੇ ਸਾਹਮਣੇ ਆਈ ਹੈ। ਐਂਟੀ ਡਿਫੈਕਸ਼ਨ ਕਾਨੂੰਨ ਅਨੁਸਾਰ ਜੇਕਰ ਕਿਸੇ ਪਾਰਟੀ ਦੇ ਕੁਲ ਮੈਂਬਰਾਂ ਦਾ ਦੋ ਤਿਹਾਈ ਹਿੱਸਾ ਮੈਂਬਰ ਪਾਰਟੀ ਤੋਂ ਅਸਤੀਫਾ ਦਿੰਦੇ ਹਨ, ਤਾਂ ਇਹ ਕਾਨੂੰਨ ਉਨ੍ਹਾਂ ’ਤੇ ਲਾਗੂ ਨਹੀਂ ਹੁੰਦਾ। ਇਸ ਕਰਕੇ ਇਹ ਕਾਨੂੰਨ ਇਨ੍ਹਾਂ ਸਤ ਮੈਂਬਰਾਂ ’ਤੇ ਲਾਗੂ ਨਹੀਂ ਹੁੰਦਾ ਤੇ ਉਹ ਰਾਜ ਸਭਾ ਦੇ ਮੈਂਬਰ ਬਣੇ ਰਹਿਣਗੇ। ਅਰਵਿੰਦ ਕੇਜਰੀਵਾਲ ਤੇ ਭਗਵੰਤ ਸਿੰਘ ਮਾਨ ’ਤੇ ਇਹ ਕਹਾਵਤ ਪੂਰੀ ਢੁਕਦੀ ਹੈ ਕਿ ‘ਅਬ ਪਛਤਾਇਆਂ ਕੀ ਬਣੇ ਜਬ ਚਿੜੀਆ ਚੁਗ ਗਈ ਖੇਤ’

ਆਮ ਆਦਮੀ ਪਾਰਟੀ ਅੰਨਾ ਹਜ਼ਾਰੇ ਦੇ ਭ੍ਰਿਸ਼ਟਾਚਾਰ ਵਿਰੁੱਧ ਚਲਾਏ ਗਏ ਅੰਦੋਲਨ ਵਿਚੋਂ ਨਿਕਲੀ ਸੀ। ਅਸਲ ਵਿਚ ਆਮ ਆਦਮੀ ਪਾਰਟੀ ਅਰਵਿੰਦ ਕੇਜਰੀਵਾਲ ਦੇ ਸ਼ਾਤਰ ਦਿਮਾਗ ਦੀ ਉਪਜ ਸੀ। ਅੰਨਾ ਹਜ਼ਾਰੇ ਦੇ ਵਿਰੋਧ ਦੇ ਬਾਵਜੂਦ ਅਰਵਿੰਦ ਕੇਜਰੀਵਾਲ ਨੇ ਬਗ਼ਾਵਤ ਕਰਕੇ ਆਮ ਆਦਮੀ ਪਾਰਟੀ ਬਣਾਈ ਸੀ। ਭ੍ਰਿਸ਼ਟਾਚਾਰ ਖ਼ਤਮ ਕਰਨ ਦੇ ਨਾਮ ’ਤੇ ਲੋਕਾਂ ਨੂੰ ਵਰਗਲਾਕੇ ਸਾਫ-ਸੁਥਰਾ ਪ੍ਰਸ਼ਾਸਨ ਦੇਣ ਦਾ ਲਾਲੀਪੋਪ ਦੇਣ ਦਾ ਸੁਪਨਾ ਵਿਖਾਕੇ ਬਦਲਾਅ ਲਿਆਉਣ ਵਾਲੀ ਸਰਕਾਰ ਬਣਾਈ ਸੀ। ਨਵੀਂ ਪਾਰਟੀ ਹੋਣ ਕਰਕੇ ਆਮ ਆਦਮੀ ਪਾਰਟੀ ਦਾ ਆਪਣਾ ਕੋਈ ਕੇਡਰ ਨਹੀਂ ਸੀ। ਇਸ ਲਈ ਅਰਵਿੰਦ ਕੇਜਰੀਵਾਲ ਨੇ ਦੂਜੀਆਂ ਪਾਰਟੀਆਂ ਦੇ ਬੁਖਲਾਹਟ ਵਿਚ ਆਏ ਹੋਏ ਲਾਲਚੀ ਸਿਆਸੀ ਤਾਕਤ ਦੇ ਭੁੱਖੇ ਤੇ ਕੱਢੇ-ਵੱਢੇ ਸਿਆਸਤਦਾਨਾਂ ਨੂੰ ਆਮ ਆਦਮੀ ਪਾਰਟੀ ਵਿਚ ਸ਼ਾਮਲ ਕਰ ਲਿਆ ਸੀ।

# ਲੋਕਤੰਤਰ ਦਾ ਜਸ਼ਨ ਜਾਂ ਪੱਖਪਾਤੀ ਚੋਣਾਂ

ਪੱਛਮੀ ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਦੌਰਾਨ 23 ਅਪ੍ਰੈਲ 2026 ਨੂੰ ਰਿਕਾਰਡ ਵੋਟਿੰਗ ਦਰਜ ਕੀਤੀ ਗਈ। ਪੱਛਮੀ ਬੰਗਾਲ ਵਿਚ ਪਹਿਲੇ ਪੜਾਅ ਤਹਿਤ ਪਈਆਂ ਵੋਟਾਂ ਦੌਰਾਨ 3.60 ਕਰੋੜ ਵੋਟਰਾਂ ਵਿਚੋਂ 92.72 ਫ਼ੀਸਦੀ ਨੇ ਵੋਟਾਂ ਦੀ ਵਰਤੋਂ ਕੀਤੀ, ਜੋ ਕਿ ਸੂਬੇ ਦੇ ਹਾਲੀਆ ਇਤਿਹਾਸ ਵਿਚ ਸਭ ਤੋਂ ਵੱਧ ਵੋਟਿੰਗ ਹੈ। ਤਾਮਿਲਨਾਡੂ ਵਿਧਾਨ ਸਭਾ ਲਈ ਪਈਆਂ 234 ਸੀਟਾਂ ਲਈ 5.73 ਕਰੋੜ ਯੋਗ ਵੋਟਰਾਂ ਵਿਚੋਂ 85.4 ਫ਼ੀਸਦੀ ਵੋਟਰਾਂ ਨੇ ਵੋਟ ਪਾਈ। ਇਹ ਵੀ ਰਿਕਾਰਡਤੋੜ ਵੋਟਿੰਗ ਰਹੀ।

ਦੇਸ਼ ਦਾ ਚੋਣ ਕਮਿਸ਼ਨ ਖੁਸ਼ ਹੈ। ਦੇਸ਼ ਦਾ ਚੋਣ ਕਮਿਸ਼ਨ ਕਹਿੰਦਾ ਹੈ- ਦੋਵਾਂ ਸੂਬਿਆਂ ਦੇ ਵੋਟਰਾਂ ਨੂੰ ਸਲਾਮ।

ਪਰ ਪੱਛਮੀ ਬੰਗਾਲ ਦੇ ਪਹਿਲੇ ਪੜਾਅ ਵਿਚ ਜਿੱਥੇ ਵੋਟਾਂ ਕਰਵਾਈਆਂ ਗਈਆਂ, ਉਨ੍ਹਾਂ ਇਲਾਕਿਆਂ ਵਿਚ ਆਪਣੇ ਨਾਮ ਕੱਟੇ 27 ਲੱਖ ਵੋਟਰਾਂ ਨੇ ਚੋਣ ਕਮਿਸ਼ਨ ਅੱਗੇ ਆਪਣੀ ਵੋਟ ਠੀਕ ਕਰਵਾਉਣ ਲਈ ਫ਼ਰਿਆਦਾਂ ਕੀਤੀਆਂ। ਇਨ੍ਹਾਂ 27 ਲੱਖ ਵੋਟਰਾਂ ਵਿਚੋਂ ਸਿਰਫ਼ 650 ਅਰਜ਼ੀਆਂ ਉੱਤੇ ਚੋਣ ਕਮਿਸ਼ਨ ਨੇ ਵਿਚਾਰ ਕੀਤਾ ਅਤੇ 139 ਨੂੰ ਹੀ ਵੋਟ ਪਾਉਣ ਦੀ ਮਨਜ਼ੂਰੀ ਦਿੱਤੀ।

ਇਸੇ ਤਰ੍ਹਾਂ ਤਾਮਿਲਨਾਡੂ ਵਿਚ ਵੋਟਰ ਸਫ਼ਾਈ ਅਭਿਆਨ ਦੌਰਾਨ ਲੱਖਾਂ ਵੋਟਾਂ ਕੱਟੀਆਂ ਗਈਆਂ। ਵਿਰੋਧੀ ਧਿਰਾਂ ਅਤੇ ਲੋਕ, ਇਨਸਾਫ਼ ਲੈਣ ਦੇ ਲਈ ਸੁਪਰੀਮ ਕੋਰਟ ਤੱਕ ਪੁੱਜੇ, ਕਿਉਂਕਿ ਇੱਥੇ ਵੀ ਉਸੇ ਕਿਸਮ ਦੇ ਸ਼ੰਕੇ ਅਤੇ ਇਲਜ਼ਾਮ ਚੋਣ ਕਮਿਸ਼ਨ ਵਿਰੁੱਧ ਸਾਹਮਣੇ ਆਏ, ਜੋ ਪੱਛਮੀ ਬੰਗਾਲ ਵਿਚ ਸਨ।

ਕੀ ਇਹ ਭਾਰਤੀ ਚੋਣ ਕਮਿਸ਼ਨ ਦੀ ਦੇਸ਼ ਦੇ ਵੱਡੇ ਹਾਕਮ ਨੂੰ ਖ਼ੁਸ਼ ਕਰਨ ਵਾਲੀ, ਬੇਈਮਾਨ ਪੱਖਪਾਤੀ ਕਾਰਵਾਈ ਨਹੀਂ ਹੈ? ਸ਼ਾਇਦ ਤਦੇ ਦੇਸ਼ ਦਾ ਵੱਡਾ ਹਾਕਮ ਬੰਗਾਲ ਵਿਚ ਹੂੰਝਾ ਫੇਰੂ ਜਿੱਤ ਦਾ ਦਾਅਵਾ ਕਰਦਾ ਹੈ। ਜਦੋਂ ਦੇਸ਼ ਦਾ ਵੱਡਾ ਹਾਕਮ ਪਹਿਲਾਂ ਹੀ ਜਿੱਤ ਦੇ ਦਾਅਵੇ ਕਰ ਰਿਹਾ ਹੋਵੇ ਅਤੇ ਕਮਿਸ਼ਨ ਸ਼ਿਕਾਇਤਾਂ ਨੂੰ ਨਜ਼ਰਅੰਦਾਜ਼ ਕਰੇ, ਤਾਂ ਕੀ ਇਹ ਨਿਰਪੱਖ ਚੋਣਾਂ ਦੇ ਦਾਅਵੇ ਨੂੰ ਖੋਖਲਾ ਸਾਬਤ ਨਹੀਂ ਕਰਦਾ?



**ਪਰ ਪੱਛਮੀ ਬੰਗਾਲ ਦੇ ਪਹਿਲੇ ਪੜਾਅ ਵਿਚ ਜਿੱਥੇ ਵੋਟਾਂ ਕਰਵਾਈਆਂ ਗਈਆਂ, ਉਨ੍ਹਾਂ ਇਲਾਕਿਆਂ ਵਿਚ ਆਪਣੇ ਨਾਮ ਕੱਟੇ 27 ਲੱਖ ਵੋਟਰਾਂ ਨੇ ਚੋਣ ਕਮਿਸ਼ਨ ਅੱਗੇ ਆਪਣੀ ਵੋਟ ਠੀਕ ਕਰਵਾਉਣ ਲਈ ਫ਼ਰਿਆਦਾਂ ਕੀਤੀਆਂ। ਇਨ੍ਹਾਂ 27 ਲੱਖ ਵੋਟਰਾਂ ਵਿਚੋਂ ਸਿਰਫ਼ 650 ਅਰਜ਼ੀਆਂ ਉੱਤੇ ਚੋਣ ਕਮਿਸ਼ਨ ਨੇ ਵਿਚਾਰ ਕੀਤਾ ਅਤੇ 139 ਨੂੰ ਹੀ ਵੋਟ ਪਾਉਣ ਦੀ ਮਨਜ਼ੂਰੀ ਦਿੱਤੀ। ਇਸੇ ਤਰ੍ਹਾਂ ਤਾਮਿਲਨਾਡੂ ਵਿਚ ਵੋਟਰ ਸਫ਼ਾਈ ਅਭਿਆਨ ਦੌਰਾਨ ਲੱਖਾਂ ਵੋਟਾਂ ਕੱਟੀਆਂ ਗਈਆਂ। ਵਿਰੋਧੀ ਧਿਰਾਂ ਅਤੇ ਲੋਕ, ਇਨਸਾਫ਼ ਲੈਣ ਦੇ ਲਈ ਸੁਪਰੀਮ ਕੋਰਟ ਤੱਕ ਪੁੱਜੇ, ਕਿਉਂਕਿ ਇੱਥੇ ਵੀ ਉਸੇ ਕਿਸਮ ਦੇ ਸ਼ੰਕੇ ਅਤੇ ਇਲਜ਼ਾਮ ਚੋਣ ਕਮਿਸ਼ਨ ਵਿਰੁੱਧ ਸਾਹਮਣੇ ਆਏ, ਜੋ ਪੱਛਮੀ ਬੰਗਾਲ ਵਿਚ ਸਨ।**



ਹਾਕਮ ਧਿਰ ਭਾਜਪਾ, ਬੰਗਾਲ ਅਤੇ ਤਾਮਿਲਨਾਡੂ ਵਿਧਾਨ ਸਭਾ ਚੋਣਾਂ ਜਿੱਤਣ ਲਈ ਪੱਬਾਂ ਭਾਰ ਰਹੀ। ਜਿੱਥੇ ਚੋਣ ਕਮਿਸ਼ਨ ਰਾਹੀਂ "ਵੋਟਰ ਸਹੀ ਹੈ ਜਾਂ ਵੋਟਰ ਗਲਤ ਹੈ" ਦਾ ਪ੍ਰਮਾਣ ਜਾਰੀ ਕਰਕੇ ਲੋਕਾਂ ਨੂੰ ਪਰੇਸ਼ਾਨ ਕੀਤਾ ਗਿਆ ਹੈ, ਵੱਡੀ ਗਿਣਤੀ ਵਿਚ ਵੋਟਾਂ ਕੱਟੀਆਂ ਗਈਆਂ ਹਨ, ਉੱਥੇ ਵੱਡੀ ਰਾਜਨੀਤਿਕ ਚਾਲ ਚੱਲਦਿਆਂ ਦੇਸ਼ ਦੀ ਪਾਰਲੀਮੈਂਟ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਨਾਰੀ ਰਾਖਵਾਂਕਰਨ ਸੋਧ ਬਿੱਲ ਲਿਆ ਕੇ ਔਰਤਾਂ ਨੂੰ ਖ਼ੁਸ਼ ਕਰਨ ਦੀ ਚਾਲ ਵੀ ਚੱਲੀ ਗਈ। ਭਾਵੇਂ ਕਿ ਇਸ ਬਿੱਲ ਨੂੰ ਵਿਰੋਧੀ ਧਿਰ ਨੇ ਇੱਕਜੁੱਟ ਹੋ ਕੇ ਪਾਸ ਹੋਣ ਤੋਂ ਰੋਕ ਦਿੱਤਾ।

ਕੀ ਨਾਰੀ ਰਿਜ਼ਰਵੇਸ਼ਨ ਸੋਧ ਬਿੱਲ ਦੀ ਆੜ ਵਿਚ ਲੋਕ ਸਭਾ ਅਤੇ ਵਿਧਾਨ ਸਭਾਵਾਂ ਦੀਆਂ ਸੀਟਾਂ ਵਧਾਉਣ ਦੀ ਇਹ ਸਾਜ਼ਿਸ਼ ਨਹੀਂ ਸੀ? ਕੀ ਵਿਰੋਧੀ ਧਿਰ ਨੂੰ ਔਰਤਾਂ ਵਿਰੋਧੀ ਘੋਸ਼ਿਤ ਕਰਨ ਦੀ ਵੀ ਸਾਜ਼ਿਸ਼ ਨਹੀਂ ਸੀ, ਜੋ ਇਨ੍ਹਾਂ ਚੋਣਾਂ ਦੇ ਵਿਚਕਾਰ ਸਿਰਫ਼ ਅਤੇ ਸਿਰਫ਼ ਵੋਟਰਾਂ ਨੂੰ ਪ੍ਰਭਾਵਿਤ ਕਰਨ ਦੀ ਸਾਜ਼ਿਸ਼ ਰਚੀ ਗਈ ਸੀ।

ਜਿਸ ਢੰਗ ਨਾਲ ਪੱਛਮੀ ਬੰਗਾਲ ਵਿਚ ਰਿਕਾਰਡ ਤੋੜ ਵੋਟਿੰਗ ਹੋਈ ਹੈ, ਭਾਵੇਂ ਉਸ ਬਾਰੇ ਕਿਸੇ ਵੀ ਧਿਰ ਦੀ ਜਿੱਤ ਦਾ ਅੰਦਾਜ਼ਾ ਲਗਾਉਣਾ ਔਖਾ ਹੈ, ਪਰ ਖ਼ਬਰਾਂ ਇਸ ਕਿਸਮ ਦੀਆਂ ਹਨ ਕਿ ਭਾਜਪਾ ਦੇ ਰੱਥ ਨੂੰ ਰੋਕਣ ਲਈ ਆਮ ਲੋਕਾਂ ਨੇ ਇੱਕਠੇ ਹੋ ਕੇ, ਹਿੱਕ ਡਾਹ ਕੇ ਰਿਕਾਰਡ ਤੋੜ ਵੋਟਿੰਗ ਕੀਤੀ ਹੈ। ਦੂਜੇ ਪਾਸੇ, ਭਾਜਪਾ ਦੀ ਕੇਂਦਰ ਸਰਕਾਰ ਨੇ ਕੇਂਦਰੀ ਫੋਰਸ ਤਾਇਨਾਤ ਕੀਤੀ ਅਤੇ ਹੁਣ ਤੱਕ ਵੀ ਭਾਰਤੀ ਇਨਫੋਰਸਮੈਂਟ ਵਿਭਾਗ ਦੇ ਛਾਪੇ ਪੱਛਮੀ ਬੰਗਾਲ 'ਚ ਮਰਵਾਏ ਜਾ ਰਹੇ ਹਨ। ਲੋਕਾਂ ਅਤੇ ਤ੍ਰਿਣਮੂਲ ਕਾਂਗਰਸ ਦੇ ਨੇਤਾਵਾਂ ਨੂੰ ਡਰਾਇਆ ਜਾ ਰਿਹਾ ਹੈ।

ਪਹਿਲਾਂ ਵੀ ਭਾਜਪਾ ਦੱਖਣੀ ਰਾਜਾਂ - ਤਾਮਿਲਨਾਡੂ, ਕੇਰਲਾ ਅਤੇ ਕਰਨਾਟਕ ਵਿਚ - ਅਜਿਹੀਆਂ ਛਾਪੇਮਾਰੀਆਂ ਕਰ ਚੁੱਕੀ ਹੈ। ਇਹ ਕਹਿਣਾ ਗਲਤ ਨਹੀਂ ਹੋਵੇਗਾ ਕਿ ਵੋਟਰਾਂ ਨੂੰ ਪ੍ਰਭਾਵਿਤ ਕਰਨ ਲਈ ਚਾਲਾਂ ਚਲਣ ਤੋਂ ਗੁਰੇਜ਼ ਨਹੀਂ ਕੀਤਾ ਜਾ ਰਿਹਾ।

ਪੱਛਮੀ ਬੰਗਾਲ ਦੇ 294 ਖੇਤਰਾਂ ਵਿਚ ਵੋਟਰਾਂ ਦੇ ਕਈ ਥਾਵਾਂ ਉੱਤੇ ਬੇਵਜ੍ਹਾ ਨਾਮ ਕੱਟਿਆ ਜਾਣਾ ਪ੍ਰੇਸ਼ਾਨ ਕਰਦਾ ਨਜ਼ਰ ਆਉਂਦਾ ਹੈ। ਕਈ ਥਾਵਾਂ ਉੱਤੇ ਭਾਜਪਾ ਪਹਿਲਾਂ ਹੀ ਮਜ਼ਬੂਤ ਸੀ, ਉੱਥੇ ਵੀ ਵਿਰੋਧੀਆਂ ਦੇ ਨਾਮ ਕੱਟੇ ਗਏ। ਕੀ ਇਹ ਵੋਟਰਾਂ ਜਾਂ ਦੇਸ਼ ਦੇ ਨਾਗਰਿਕਾਂ ਨਾਲ ਧੱਕਾ ਨਹੀਂ?

ਲੱਖਾਂ ਵੋਟਰ, ਜਿਨ੍ਹਾਂ ਦੇ ਨਾਮ ਵੋਟਰ ਲਿਸਟਾਂ ਵਿਚੋਂ ਕੱਟੇ ਗਏ ਹਨ, ਉਨ੍ਹਾਂ ਕੋਲ ਵੋਟਰ ਪਾਤਰਤਾ ਦੇ ਪੂਰੇ ਸਬੂਤ ਹਨ। ਪਰ ਨਾ ਤਾਂ ਭਾਰਤੀ ਚੋਣ ਕਮਿਸ਼ਨ ਨੇ ਉਨ੍ਹਾਂ ਦੀ ਸੁਣੀ ਅਤੇ ਨਾ ਹੀ ਉਹ ਅਦਾਲਤ ਵਿਚੋਂ ਇਨਸਾਫ਼ ਪ੍ਰਾਪਤ ਕਰ ਸਕੇ। ਕੀ ਇਹ ਦੁਨੀਆਂ ਦੇ ਸਭ ਤੋਂ ਵੱਡੇ ਲੋਕਤੰਤਰ ਨੂੰ ਸ਼ਰਮਸਾਰ ਕਰਨ ਦਾ ਯਤਨ ਨਹੀਂ?

ਅਸਲ ਵਿਚ ਪੱਛਮੀ ਬੰਗਾਲ ਵਿਚ ਪੁਨਰ ਨਿਰੀਖਣ ਨੂੰ ਨਾਗਰਿਕਤਾ ਨਿਰਧਾਰਨ ਦੇ ਰੂਪ ਵਿਚ ਦੇਖਿਆ ਗਿਆ। ਇਸ ਲਈ ਧਰਮ, ਭਾਸ਼ਾ ਜਾਂ ਵਰਗ ਦੀ ਪ੍ਰਵਾਹ ਕੀਤੇ ਬਿਨਾਂ ਦਹਿਸ਼ਤ ਅਤੇ ਚਿੰਤਾ ਦੇਖਣ ਨੂੰ ਮਿਲੀ। ਇਹ ਕੇਵਲ ਵੋਟਾਂ ਨਾ ਪਾਉਣ ਦਾ ਡਰ ਨਹੀਂ ਸੀ, ਬਲਕਿ ਸਮਾਜ ਵਿਚ ਆਪਣਾ ਥਾਂ ਖੋਹੇ ਜਾਣ ਦਾ ਮਾਮਲਾ ਸੀ।

ਪੱਛਮੀ ਬੰਗਾਲ ਵਿਚ ਵੋਟਰਾਂ ਦੇ ਪੁਨਰ-ਨਿਰੀਖਣ ਦੌਰਾਨ ਜੋ ਪ੍ਰਕਿਰਿਆ ਅਪਣਾਈ ਗਈ, ਉਹ ਬਿਹਾਰ, ਉੱਤਰ ਪ੍ਰਦੇਸ਼ ਅਤੇ ਗੁਜਰਾਤ ਵਿਚ ਨਹੀਂ ਸੀ ਅਪਣਾਈ ਗਈ। ਨਵੰਬਰ 2025 ਤੋਂ ਸ਼ੁਰੂ ਹੋ ਕੇ ਇਹ ਕਵਾਇਤ ਲਗਾਤਾਰ ਜਾਰੀ ਰਹੀ ਕਿ ਜਿਨ੍ਹਾਂ ਵੋਟਰਾਂ ਦੇ ਨਾਮ 2002 ਦੀ ਮਤਦਾਤਾ ਸੂਚੀ ਵਿਚ ਸਨ, ਉਨ੍ਹਾਂ ਨੂੰ ਹੀ ਮਤਦਾਤਾ ਸੂਚੀ ਵਿਚ ਸ਼ਾਮਲ ਹੋਣ ਦੇ ਯੋਗ ਮੰਨਿਆ ਗਿਆ। ਜਿਨ੍ਹਾਂ ਦੇ ਨਾਮ ਮਤਦਾਤਾ ਸੂਚੀ ਵਿਚ ਨਹੀਂ ਸਨ, ਉਨ੍ਹਾਂ ਦੇ ਪਿਤਾ ਦਾ ਨਾਮ 2002 ਦੀ ਸੂਚੀ ਵਿਚ ਸ਼ਾਮਲ ਹੋਣਾ ਜ਼ਰੂਰੀ ਸੀ। ਇਨ੍ਹਾਂ ਦੋਨਾਂ ਸ਼੍ਰੇਣੀਆਂ ਵਿਚ ਨਾਮ ਆਉਣ ਵਾਲੇ ਵੋਟਰਾਂ ਨੂੰ ਨਵੇਂ ਵੋਟਰ ਦੇ ਰੂਪ ਵਿਚ ਬੇਨਤੀ ਪੱਤਰ ਦੇਣਾ ਜ਼ਰੂਰੀ ਸੀ। ਸਾਲ 2024 ਦੀ ਲੋਕ ਸਭਾ ਚੋਣ ਵੇਲੇ 90.82 ਲੱਖ ਵੋਟਰਾਂ ਦੇ ਨਾਮ ਕੱਟੇ ਗਏ ਸਨ, ਜਿਨ੍ਹਾਂ ਵਿਚੋਂ ਮਰਨ ਵਾਲਿਆਂ ਦੀ ਗਿਣਤੀ 65 ਲੱਖ ਸੀ ਅਤੇ ਬਾਕੀ ਸੂਬੇ ਵਿਚ ਹਾਜ਼ਰ ਨਹੀਂ ਸੀ ਜਾਂ ਜਿਨ੍ਹਾਂ ਦੇ ਨਾਮ ਦੋਹਰੇ ਦਰਜ਼ ਸਨ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਵਾਲੀ ਭਾਰਤੀ ਜਨਤਾ ਪਾਰਟੀ, ਦੇਸ਼ ਵਿਚ ਇਸ ਢੰਗ ਨਾਲ ਕੰਮ ਕਰ ਰਹੀ ਹੈ ਕਿ ਦੇਸ਼ 'ਚੋਂ ਵਿਰੋਧੀ ਧਿਰ ਨੂੰ ਖ਼ਤਮ ਕਰ ਦਿੱਤਾ ਜਾਵੇ। ਚੋਣ ਜਿੱਤਣ ਲਈ ਹਰ ਵਾਹ ਲਗਾਈ ਜਾਵੇ। ਵਿਰੋਧੀਆਂ ਨੂੰ ਚਿੱਤ ਕਰਨ ਲਈ, ਆਮਦਨ ਕਰ ਵਿਭਾਗ, ਈ.ਡੀ. ਅਤੇ ਹੋਰ ਏਜੰਸੀਆਂ ਦੀ ਸਹਾਇਤਾ ਨਾਲ ਲਗਾਤਾਰਤਾ ਨਾਲ ਯਤਨ ਹੋਣ। ਦੋ ਉਦਾਹਰਨਾਂ ਹਨ-ਆਮ ਆਦਮੀ ਪਾਰਟੀ ਦੇ ਸੱਤ ਰਾਜ ਸਭਾ ਮੈਂਬਰਾਂ ਨੂੰ ਆਪਣੀ ਪਾਰਟੀ 'ਚ ਉਪਰੋਕਤ ਏਜੰਸੀਆਂ ਜਾਂ ਨਿੱਜੀ ਲਾਲਚ ਦੇ ਕੇ ਸ਼ਾਮਲ ਕਰ ਲਿਆ ਗਿਆ। ਗੁਜਰਾਤ ਵਿਚ ਸਥਾਨਕ ਚੋਣਾਂ 'ਚ ਵੱਡੀ ਗਿਣਤੀ ਉਮੀਦਵਾਰ ਸਰਬਸੰਮਤੀ ਨਾਲ ਜਿੱਤਾ ਲਏ ਗਏ ਅਤੇ


ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA




ਵਿਰੋਧੀਆਂ ਦੇ ਨਾਮਕਣ ਡਰ ਜਾਂ ਲਾਲਚ ਨਾਲ ਵਾਪਿਸ ਕਰਵਾਏ ਗਏ। ਇਹੋ ਹਾਲ ਗੁਜਰਾਤ 'ਚ ਅਸੰਬਲੀ ਸੀਟ 'ਚ ਨਿਰਵਿਰੋਧ ਚੋਣ ਦਾ ਮਾਮਲਾ ਸਾਹਮਣੇ ਆਇਆ ਸੀ। ਕੀ ਇਹ ਲੋਕਤੰਤਰ ਹੈ? ਕੀ ਇਹ ਇਹ ਆਮ ਲੋਕਾਂ ਦੇ ਹੱਕਾਂ ਉੱਤੇ ਚਿੱਟੇ ਦਿਨ ਡਾਕਾ ਨਹੀਂ?

ਅਸਲ 'ਚ ਭਾਜਪਾ ਦੀ ਸੋਚ ਲੋਕਤੰਤਰੀ ਨਹੀਂ, ਸਗੋਂ ਅਲਗ ਹੈ। ਉਸਦਾ ਟਿੱਚਾ ਸਿਰਫ਼ ਚੋਣ ਜਿੱਤਣਾ ਨਹੀਂ, ਬਲਕਿ ਚੋਣ ਜਿੱਤਣਾ ਅਤੇ ਹਮੇਸ਼ਾ ਲਈ ਚੋਣ ਜਿੱਤਦੇ ਰਹਿਣਾ ਹੈ ਅਤੇ ਸਦਾ ਸੱਤਾ ਵਿਚ ਬਣੇ ਰਹਿਣਾ ਹੈ। ਇਸ ਕੰਮ ਲਈ ਉਸ ਵੱਲੋਂ ਧਨ, ਬਲ, ਰਾਜਪਾਲ, ਨੌਕਰਸ਼ਾਹੀ ਤੰਤਰ ਅਤੇ ਤਲਾਸ਼ੀ, ਜਬਤੀ, ਗ੍ਰਿਫ਼ਤਾਰੀ ਕਰਨ ਵਾਲੀਆਂ ਆਗਿਆਕਾਰੀ ਜਾਂਚ ਏਜੰਸੀਆਂ ਅਤੇ ਇੱਥੋਂ ਤੱਕ ਕਿ ਮੀਡੀਆ ਅਤੇ ਚੋਣ ਕਮਿਸ਼ਨ ਦੀ ਵਰਤੋਂ ਅਤੇ ਸਮਰਥਨ ਵੀ ਪ੍ਰਾਪਤ ਕਰ ਲਿਆ ਹੈ।

ਕਿੱਧਰੇ-ਕਿੱਧਰੇ ਅਦਾਲਤਾਂ ਵੀ ਦੱਬੀ-ਘੁੱਟੀ ਜ਼ੁਬਾਨ ਵਿਚ ਇਸ ਨਾਲ ਖੜ੍ਹੀਆਂ ਦਿੱਖਦੀਆਂ ਹਨ। ਖ਼ਾਸ ਤੌਰ 'ਤੇ ਇਹ ਦ੍ਰਿਸ਼ ਪੱਛਮੀ ਬੰਗਾਲ ਚੋਣਾਂ ਵਿਚ ਦੇਖਣ ਨੂੰ ਮਿਲਿਆ, ਜਦੋਂ ਸੂਬੇ ਦੀ ਮੁੱਖ ਮੰਤਰੀ ਆਪਣੇ ਵੋਟਰਾਂ ਦੇ ਅਧਿਕਾਰਾਂ ਲਈ ਨਿੱਜੀ ਤੌਰ 'ਤੇ ਸੁਪਰੀਮ ਕੋਰਟ ਵਿਚ ਜਾ ਪੇਸ਼ ਹੋਈ। ਭਾਵੇਂ ਕਿ ਪੱਛਮੀ ਬੰਗਾਲ ਦੇ ਵੋਟਰਾਂ ਨੂੰ ਇਸ ਮਾਮਲੇ 'ਤੇ ਲੰਮੀ ਨਿਆਇਕ ਪ੍ਰਕਿਰਿਆ ਕਾਰਨ ਵੱਡਾ ਫ਼ਾਇਦਾ ਨਾ ਪੁੱਜ ਸਕਿਆ। ਇਹ ਵੇਖਣ ਵਾਲੀ ਗੱਲ ਹੈ ਕਿ ਚੋਣ ਕਮਿਸ਼ਨ ਨੇ ਵੋਟਰਾਂ ਦੇ ਕੇਸਾਂ ਦੇ ਨਿਪਟਾਰੇ ਲਈ ਨਾ ਤਾਮਿਲਨਾਡੂ ਵਿਚ ਅਤੇ ਨਾ ਹੀ ਪੱਛਮੀ ਬੰਗਾਲ ਵਿਚ ਸੰਜੀਦਗੀ ਦਿਖਾਈ।

ਅੰਦਾਜ਼ਾ ਹੈ ਕਿ ਜੇ 10 ਲੱਖ ਅਪੀਲਾਂ ਦਾ ਨਿਪਟਾਰਾ ਕਰਨਾ ਹੋਵੇ, ਤਾਂ 526 ਕੰਮ ਦੇ ਦਿਨ ਲੱਗਣਗੇ, ਜੋ ਦੋ ਸਾਲ ਤੋਂ ਵੱਧ ਸਮਾਂ ਹੈ। ਇਸ ਨਾਲ ਸਮਝਿਆ ਜਾ ਸਕਦਾ ਹੈ ਕਿ ਚੋਣ ਕਮਿਸ਼ਨ ਨੇ 27 ਲੱਖ ਮਾਮਲਿਆਂ ਦਾ ਨਿਪਟਾਰਾ ਕਿਵੇਂ ਕੀਤਾ ਹੋਵੇਗਾ?

ਇਸ ਤਰ੍ਹਾਂ, ਲੱਖਾਂ ਵੋਟਰ-ਜਿਨ੍ਹਾਂ ਕੋਲ ਪੂਰੇ ਸਬੂਤ ਹਨ- ਲੋਕਤੰਤਰ ਦੇ ਇਸ ਮਹਾਨ ਕੁੰਭ ਵਿਚ ਹਿੱਸਾ ਲੈਣ ਤੋਂ ਵਾਂਝੇ ਰਹਿ ਜਾਣਗੇ। ਇਹ ਸਮਝਿਆ ਜਾ ਸਕਦਾ ਹੈ ਕਿ ਭਾਰਤੀ ਚੋਣ ਕਮਿਸ਼ਨ ਅਤੇ ਅਦਾਲਤਾਂ ਨੇ ਪੱਛਮੀ ਬੰਗਾਲ ਦੇ ਲੋਕਾਂ ਨੂੰ ਕਿੰਨੀ ਵੱਡੀ ਮੁਸੀਬਤ ਵਿਚ ਫਸਾ ਦਿੱਤਾ ਹੈ, ਉਨ੍ਹਾਂ ਵੋਟਰਾਂ ਨੂੰ ਜਿਨ੍ਹਾਂ ਵੋਟਰਾਂ ਕੋਲ ਪਾਤਰਤਾ ਦੇ ਪੱਕੇ ਸਬੂਤ ਹਨ। ਇਸ ਸਥਿਤੀ ਵਿਚ ਉਹ ਲੋਕਤੰਤਰ ਦੇ ਇਸ ਮਹਾਂਕੁੰਭ ਵਿਚ ਹਿੱਸਾ ਲੈਣ ਤੋਂ ਵਾਂਝੇ ਰਹਿ ਹੀ ਜਾਣਗੇ ਅਗਲੇ ਦੋ ਸਾਲ ਵੀ ਮਤਦਾਨ ਦੇ ਅਧਿਕਾਰ ਤੋਂ ਵਿਰਵੇ ਰਹਿ ਜਾਣਗੇ।

ਭਾਰਤੀ ਚੋਣ ਕਮਿਸ਼ਨ ਗਦਗਦ ਹੈ ਕਿ ਰਿਕਾਰਡ ਵੋਟਿੰਗ ਹੋਈ ਹੈ, ਪਰ ਚੋਣ ਪ੍ਰਕਿਰਿਆ ਦੀ ਪਾਰਦਰਸ਼ਤਾ ਉੱਤੇ ਗੰਭੀਰ ਸਵਾਲ ਖੜ੍ਹੇ ਹੋ ਰਹੇ ਹਨ। ਚੋਣ ਕਮਿਸ਼ਨ ਦੀ ਨਿਰਪੱਖਤਾ ਨੂੰ ਸਵਾਲਾਂ ਦੇ ਘੇਰੇ ਵਿਚ ਲਿਆਂਦਾ ਜਾ ਰਿਹਾ ਹੈ।

ਇਹ ਹਾਲਾਤ ਦਰਸਾਉਂਦੇ ਹਨ ਕਿ ਚੋਣ ਕਮਿਸ਼ਨ ਸੁਤੰਤਰ ਸੰਸਥਾ ਨਹੀਂ ਰਹੀ, ਸਗੋਂ ਇੱਕ "ਰਬੜ ਦੀ ਮੋਹਰ" ਬਣ ਕੇ ਰਹਿ ਗਿਆ ਹੈ।

# ਪੰਜਾਬੀ ਬੋਲੀ ਮਾਖਿਓ ਤੋਂ ਮਿੱਠੀ ਬੋਲੀ ਹੈ, ਇਸ ਨੂੰ ਗੰਦੀ ਗਾਲੀ-ਗਲੋਚ ਵਾਲੀ ਸ਼ਬਦਾਵਲੀ ਵਰਤ ਕੇ ਗੰਦਲਾ ਨਾ ਕਰੋ 'ਤੇ ਵਿਚਾਰ ਚਰਚਾ!!

ਜੰਗ ਸਿੰਘ ਮਰਸੱਡ
ਮਰਸੱਡ, ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA






**ਕਿੰਨੇ ਕਮਾਲ ਦੀ ਗੱਲ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ "ਪੰਜਾਬੀ" ਦੀ ਗੁਰਮੁੱਖੀ ਲਿੱਪੀ ਨੂੰ ਇੰਨਾ ਸੰਪੂਰਨ ਬਣਾ ਦਿੱਤਾ ਸੀ ਕਿ ਇਸ ਨੂੰ ਕਿਸੇ ਹੋਰ ਬੋਲੀ ਵੱਲ ਝਾਕਣਾ ਨਹੀਂ ਪੈਂਦਾ ਹੈ। ਇਸ ਬੋਲੀ ਨੂੰ ਸਾਰਾ ਪੱਛਮੀ ਪਾਕਿਸਤਾਨ, ਭਾਰਤ ਵਿਚਲਾ ਪੰਜਾਬ, ਭਾਰਤ ਦੇ ਹੋਰ ਸੂਬਿਆਂ ਵਿਚ ਵਸਦੇ ਪੰਜਾਬੀ ਬੜੇ ਪਿਆਰ ਨਾਲ ਜਿਥੇ ਬੋਲਦੇ ਹਨ, ਉਥੇ ਵਿਦੇਸ਼ਾਂ ਵਿਚ ਵਸਦੇ ਕਰੋੜਾਂ ਪੰਜਾਬੀ ਬੜੀ ਸ਼ਾਨ ਨਾਲ ਬੋਲਦੇ ਹਨ। ਪੰਜਾਬੀ ਵਿਚ ਇੰਨਾਂ ਕੁਝ ਬਹੁਤ ਚੰਗਾ ਹੋਣ ਦੇ ਬਾਵਜੂਦ ਇਸ ਦਾ ਇਕ ਹੋਰ ਪੱਖ ਇਹ ਵੀ ਹੈ, ਜਿਸ 'ਗੁਰਮੁੱਖੀ' ਲਿੱਪੀ ਨੂੰ ਗੁਰੂਆਂ ਦੇ ਮੂੰਹਾਂ ਵਿਚੋਂ ਨਿਕਲੀ ਲਿੱਪੀ ਆਖਿਆ ਜਾਂਦਾ ਹੈ। ਇਸ ਨੂੰ ਆਪਣੇ ਹੀ ਪੰਜਾਬੀ ਪਿਆਰੇ "ਪੰਜਾਬੀ ਬੋਲੀ" ਵਿਚ ਮੰਦੀ ਸ਼ਬਦਾਵਲੀ ਵਰਤ ਕੇ ਇਸ ਦੀ ਆਨ, ਸ਼ਾਨ ਤੇ ਬਾਨ ਨੂੰ ਵਿਗਾੜ ਰਹੇ ਹਨ।**

ਪੰਜਾਬੀ ਬੋਲੀ ਬਾਰੇ ਜਿਹੜਾ ਵੀ ਕੋਈ ਇਨਸਾਨ ਮਾੜੀ ਮੋਟੀ ਜਾਣਕਾਰੀ ਰੱਖਦਾ ਹੈ। ਉਸ ਦਾ ਕਹਿਣਾ ਹੈ ਕਿ ਇਹ ਬੋਲੀ ਸੱਚਮੁੱਚ ਅੰਮ੍ਰਿਤ ਵਰਗੀ ਮਿੱਠੀ ਹੈ। ਇਸ ਦਾ ਸੰਸਾਰ ਦੀਆਂ ਬੋਲੀਆਂ ਵਿਚ ਵੀ ਸ਼ਾਇਦ ਹੀ ਕੋਈ ਸਾਨੀ ਹੋਵੇ। ਜੇਕਰ ਇਸ ਦੇ ਪੁਰਾਤਨ ਇਤਿਹਾਸ 'ਤੇ ਪੰਛੀ ਝਾਤ ਮਾਰੀਏ, ਤਾਂ ਪਤਾ ਲੱਗਦਾ ਹੈ ਕਿ ਇਸ ਬੋਲੀ ਨੂੰ ਜੋਗੀਆਂ, ਨਾਥਾਂ, ਸਾਧਾਂ, ਸੰਤਾਂ, ਸੂਫੀ ਕਵੀਆਂ ਤੇ ਫਿਰ ਬਾਅਦ ਵਿਚ ਗੁਰੂ ਸਾਹਿਬਾਨ ਨੇ ਆਪਣੀ ਗੁਰਬਾਣੀ ਦੀਆਂ ਰਚਨਾਵਾਂ ਰਾਹੀਂ ਬੁਲੰਦੀਆਂ 'ਤੇ ਪਹੁੰਚਾਇਆ। ਇਸ ਸਮੇਂ ਇਹ ਪੰਜਾਬੀ ਬੋਲੀ ਹੀ ਹੈ, ਜੋ ਸੰਸਾਰ ਭਰ ਵਿਚ ਬੋਲੀਆਂ ਜਾਣ ਵਾਲੀਆਂ ਭਾਸ਼ਾਵਾਂ ਵਿਚ ਆਪਣਾ ਨੌਵਾਂ, ਦਸਵਾਂ ਸਥਾਨ ਰੱਖਦੀ ਹੈ। ਇਸ ਦੀਆਂ ਲਿੱਪੀਆਂ ਸਮੇਂ ਦੀ ਰਫਤਾਰ ਨਾਲ ਭਿੰਨ-ਭਿੰਨ ਜ਼ਰੂਰ ਬਦਲਦੀਆਂ ਰਹੀਆਂ ਹਨ ਪਰ ਸਿੱਖਾਂ ਦੇ ਦੂਸਰੇ ਗੁਰੂ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਇਸ ਬੋਲੀ ਨੂੰ ਗੁਰਮੁੱਖੀ ਲਿੱਪੀ ਵਿਚ ਲਿਖ ਕੇ ਇਸ ਨੂੰ ਹੋਰ ਵੀ ਬੁਲੰਦੀਆਂ 'ਤੇ ਪਹੁੰਚਾਇਆ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਗੁਰਮੁੱਖੀ ਲਿੱਪੀ ਨੂੰ ਬਣਾਉਣ ਤੋਂ ਪਹਿਲਾਂ ਕਈ ਵਰ੍ਹਿਆਂ ਤੱਕ ਹੋਰ ਬਹੁਤ ਸਾਰੀਆਂ ਲਿੱਪੀਆਂ ਦਾ ਬੜੀ ਨੀਝ ਨਾਲ ਅਧਿਅਨ ਕੀਤਾ ਤੇ ਗੁਰਮੁੱਖੀ ਲਿੱਪੀ ਦੇ 35 ਅੱਖਰ ਬਣਾਏ, ਫਿਰ ਬਾਅਦ ਵਿਚ ਇਸ ਨੂੰ ਹੋਰ ਸੰਪੂਰਨ ਕਰਨ ਵਿਚ 6 ਅੱਖਰਾਂ ਦੀ ਇਕ ਹੋਰ ਲਾਈਨ ਅੰਕਿਤ ਕਰਕੇ ਇਸ ਦੇ ਕੁੱਲ 41 ਅੱਖਰ ਬਣਾ ਦਿੱਤੇ ਗਏ। ਪੰਜਾਬੀ ਬੋਲੀ ਦੀ ਲਿੱਪੀ ਨੂੰ ਹੁਣ ਤੱਕ 'ਪੈਂਤੀ ਅੱਖਰੀ' ਕਰਕੇ ਹੀ ਜਾਣਿਆ ਜਾਂਦਾ ਹੈ। ਪੰਜਾਬੀ ਇਕੋ ਇਕ ਅਜਿਹੀ ਨਿਵੇਕਲੀ ਤੇ ਸੰਪੂਰਨ ਲਿੱਪੀ ਹੈ, ਜਿਸ ਕੋਲ ਹਰੇਕ ਪ੍ਰਕਾਰ ਦੇ ਬੋਲੇ ਜਾਣ ਵਾਲੇ ਸਾਰੇ ਦੇ ਸਾਰੇ ਅੱਖਰ ਆਪਣੇ ਕੋਲ ਹਨ। ਇਥੋਂ ਤੱਕ ਕਿ ਸੰਸਾਰ ਭਰ ਵਿਚ ਬੋਲੀ ਜਾਣ ਵਾਲੀ 'ਅੰਗਰੇਜ਼ੀ' ਬੋਲੀ ਕੋਲ ਵੀ ਖ, ਘ, ਠ, ਢ,.ਥ, ਧ, ਫ, ਭ, ਝ, ੜ ਆਦਿ ਵਰਗੇ ਸ਼ਬਦ ਨਹੀਂ ਹਨ। ਉਸ ਅੰਗਰੇਜ਼ੀ ਨੂੰ ਕੁਝ ਹੋਰ ਅੱਖਰਾਂ ਦੀ ਸਹਾਇਤਾ ਨਾਲ ਇਹ ਅੱਖਰ ਬੋਲਣੇ ਪੈਂਦੇ ਹਨ। ਇਥੋਂ ਤੱਕ ਕਿ ਅੰਗਰੇਜ਼ੀ ਵਿਚ "ਸੀ" ਕਿਧਰੇ ਕੱਕੇ ਦੀ ਆਵਾਜ਼ ਦੇਂਦਾ ਹੈ ਤੇ ਕਿਧਰੇ 'ਸੱਸੇ' ਦੀ। ਕਿੰਨੇ ਕਮਾਲ ਦੀ ਗੱਲ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ ਨੇ "ਪੰਜਾਬੀ" ਦੀ ਗੁਰਮੁੱਖੀ ਲਿੱਪੀ ਨੂੰ ਇੰਨਾ ਸੰਪੂਰਨ ਬਣਾ ਦਿੱਤਾ ਸੀ ਕਿ ਇਸ ਨੂੰ ਕਿਸੇ ਹੋਰ ਬੋਲੀ ਵੱਲ ਝਾਕਣਾ ਨਹੀਂ ਪੈਂਦਾ ਹੈ। ਇਸ ਬੋਲੀ ਨੂੰ ਸਾਰਾ ਪੱਛਮੀ ਪਾਕਿਸਤਾਨ, ਭਾਰਤ ਵਿਚਲਾ ਪੰਜਾਬ, ਭਾਰਤ ਦੇ ਹੋਰ ਸੂਬਿਆਂ ਵਿਚ ਵਸਦੇ ਪੰਜਾਬੀ ਬੜੇ ਪਿਆਰ ਨਾਲ ਜਿਥੇ ਬੋਲਦੇ ਹਨ, ਉਥੇ ਵਿਦੇਸ਼ਾਂ ਵਿਚ ਵਸਦੇ ਕਰੋੜਾਂ ਪੰਜਾਬੀ ਬੜੀ ਸ਼ਾਨ ਨਾਲ ਬੋਲਦੇ ਹਨ। ਪੰਜਾਬੀ ਵਿਚ ਇੰਨਾਂ ਕੁਝ ਬਹੁਤ ਚੰਗਾ ਹੋਣ ਦੇ ਬਾਵਜੂਦ ਇਸ ਦਾ ਇਕ ਹੋਰ ਪੱਖ ਇਹ ਵੀ ਹੈ, ਜਿਸ 'ਗੁਰਮੁੱਖੀ' ਲਿੱਪੀ ਨੂੰ ਗੁਰੂਆਂ ਦੇ ਮੂੰਹਾਂ ਵਿਚੋਂ ਨਿਕਲੀ ਲਿੱਪੀ ਆਖਿਆ ਜਾਂਦਾ ਹੈ। ਇਸ ਨੂੰ ਆਪਣੇ ਹੀ ਪੰਜਾਬੀ ਪਿਆਰੇ "ਪੰਜਾਬੀ ਬੋਲੀ" ਵਿਚ ਮੰਦੀ ਸ਼ਬਦਾਵਲੀ ਵਰਤ ਕੇ ਇਸ ਦੀ ਆਨ, ਸ਼ਾਨ ਤੇ ਬਾਨ ਨੂੰ ਵਿਗਾੜ ਰਹੇ ਹਨ। ਅੱਜ ਦੇ ਇਸ ਲੇਖ ਰਾਹੀਂ ਸੰਸਾਰ ਭਰ ਦੇ ਪੰਜਾਬੀ ਪਿਆਰਿਆਂ ਨੂੰ ਬੜੇ ਨਿਮਰ ਹੋ ਕੇ ਤੇ ਦੋਵੇਂ ਹੱਥ ਜੋੜ ਕੇ ਅਪੀਲ ਕੀਤੀ ਜਾ ਰਹੀ ਹੈ ਕਿ ਕੁਝ ਪੰਜਾਬੀ ਪਿਆਰੇ ਅਜਿਹੇ ਹਨ, ਜਿਹੜੇ "ਪੰਜਾਬੀ' ਬੋਲੀ ਵਿਚ ਗਾਲੀ-ਗਲੋਚ ਦੇ ਸ਼ਬਦ ਵਰਤ ਕੇ ਇਸ ਦਾ ਇਕ ਤਰ੍ਹਾਂ ਦਾ ਅਪਮਾਨ ਕਰਦੇ ਆ ਰਹੇ ਹਨ। ਇਸ ਲਈ ਮੈਂ ਬਤੌਰ ਪੱਤਰਕਾਰ ਜੋ ਕੁਝ ਵੇਖਿਆ ਕਿ ਇਸ ਮਾਖਿਓ ਤੋਂ ਮਿੱਠੀ ਬੋਲੀ ਵਿਚ ਗਾਲੀ-ਗਲੋਚ ਦਾ ਵੱਡੇ ਪੱਧਰ 'ਤੇ ਵਾਧਾ ਕਰਨ ਵਾਲੇ ਆਪਣੇ ਹੀ ਕੁਝ ਲੋਕ ਹਨ, ਚਾਹੇ ਉਹ ਪਿੰਡਾਂ ਵਿਚ ਵਸਦੇ ਹਨ ਜਾਂ ਫਿਰ ਸ਼ਹਿਰਾਂ ਵਿਚ! ਇਥੋਂ ਤੱਕ ਸਿੱਖ ਕੌਮ ਦਾ ਸਭ ਤੋਂ ਮਹਾਨ ਧਾਰਮਿਕ ਅਦਾਰਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਹੈ, ਇਸ ਦੇ ਕਈ ਮੁਲਾਜ਼ਮ ਜਿਨ੍ਹਾਂ ਵਿਚ ਛੋਟੇ ਤੋਂ ਛੋਟੇ ਮੁਲਾਜ਼ਮ ਤੋਂ ਲੈ ਕੇ ਵੱਡੀ ਪੱਧਰ ਤੱਕ ਦੇ ਅਧਿਕਾਰੀ ਵੀ ਸ਼ਾਮਲ ਹਨ। ਸਿੱਖ ਕੌਮ ਦੇ ਧਾਰਮਿਕ ਸਥਾਨਾਂ, ਗੁਰਮਤਿ ਸੰਗੀਤ ਵਿਦਿਆਲਿਆਂ, ਸਿੱਖ ਮਿਸ਼ਨਰੀ ਕਾਲਜਾਂ ਆਦਿ ਦੇ ਪ੍ਰਬੰਧਕਾਂ, ਗ੍ਰੰਥੀਆਂ, ਪ੍ਰਚਾਰਕਾਂ, ਰਾਗੀਆਂ, ਢਾਡੀਆਂ ਇਥੋਂ ਤਕ ਸ਼੍ਰੋਮਣੀ ਕਮੇਟੀ ਦੇ ਮੈਂਬਰਾਂ, ਉੱਚ ਅਹੁਦੇਦਾਰਾਂ ਤੱਕ ਨੂੰ ਆਪਸ ਵਿਚ ਬਿਨ ਮਤਲਬ ਗਾਲ੍ਹਾਂ ਕੱਢਦੇ ਵੇਖੇ ਹਨ। ਉਹ ਪੰਜਾਬੀ ਦੇ ਸ਼ਬਦ ਸ਼ਾਇਦ ਘੱਟ ਬੋਲਦੇ ਹੋਣ ਪਰ ਗਾਲ੍ਹਾਂ ਦੀ ਬੁਛਾੜ ਬਹੁਤੀ ਕੀਤੀ ਗਈ ਹੁੰਦੀ ਹੈ, ਤੁਹਾਨੂੰ ਸਭ ਨੂੰ ਜ਼ਰੂਰ ਸੁਣਨ ਲਈ ਮਿਲ ਜਾਵੇਗੀ। ਇਸ ਦਾ ਤਜ਼ਰਬਾ ਖੁਦ ਹੋਰ ਵੀ ਕੋਈ ਪੰਜਾਬੀ ਪਿਆਰਾ ਆਪ ਇਨ੍ਹਾਂ ਅਸਥਾਨਾਂ 'ਤੇ ਜਾ ਕੇ ਜਦੋਂ ਇਹ ਆਪਸ ਵਿਚ ਗੱਲਾਂ ਕਰਦੇ ਹੁੰਦੇ ਹਨ, ਸਹਿਜ ਸੁਭਾਅ ਵੇਖ ਕੇ ਖੁਦ ਆਪ ਹੀ ਅੰਦਾਜ਼ਾ ਲਗਾ ਸਕਦੇ ਹਨ। ਇਹੀ ਹੀ ਹਾਲ ਸਿੱਖਾਂ ਦੀ ਰਾਜਨੀਤਿਕ ਪਾਰਟੀ ਦੇ ਬਹੁਤ ਸਾਰੇ ਆਗੂਆਂ ਦੀ ਹਾਲਤ ਦਾ ਹੈ। ਜਦੋਂਕਿ ਹੋਣਾ ਕੀ ਚਾਹੀਦਾ ਹੈ ਕਿ ਸਿੱਖਾਂ ਦੇ ਇਸ ਧਾਰਮਿਕ ਅਦਾਰੇ ਦੇ ਮੁਲਾਜ਼ਮਾਂ ਦੇ ਮੂੰਹੋਂ ਅਜਿਹੇ ਮਿੱਠੇ ਫੁੱਲ ਕਿਰਦੇ ਵਾਲੇ ਲਫਜ਼ ਨਿਕਲਣੇ ਚਾਹੀਦੇ ਹਨ, ਤਾਂ ਕਿ ਧਾਰਮਿਕ ਅਸਥਾਨਾਂ ਦੇ ਦਰਸ਼ਨ ਕਰਨ ਲਈ ਆਉਣ ਵਾਲੀਆਂ ਸੰਗਤਾਂ ਦੇ ਮਨਾਂ ਵਿਚ ਧਾਰਮਿਕ ਅਸਥਾਨਾਂ ਤੇ ਹੋਰ ਵਧੇਰੇ ਢੰਗ ਨਾਲ ਆਉਣ ਦੀ ਸ਼ਰਧਾ ਤੇ ਖਿੱਚ ਬਣੇ। ਦੁੱਖ ਦੀ ਗੱਲ ਇਹ ਹੈ ਕਿ ਇਹ ਲੋਕ ਇਸ ਦਾ ਵੀ ਖਿਆਲ ਨਹੀਂ ਕਰਦੇ ਕਿ ਉਨ੍ਹਾਂ ਸਾਹਮਣੇ ਜਾਂ ਨੇੜੇ ਕੋਈ ਧੀ, ਭੈਣ ਜਾਂ ਮਾਂ ਆਦਿ ਵਰਗੇ ਵੀ ਖੜ੍ਹੇ ਹੋ ਸਕਦੇ ਹਨ। ਸ੍ਰੀ ਅਕਾਲ ਤਖਤ ਦੇ ਜਥੇਦਾਰ ਸਾਹਿਬਾਨ, ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਨੂੰ ਜਿਥੇ ਆਪ ਅਜਿਹੀ ਸ਼ਬਦਾਵਲੀ ਵਰਤਣ ਤੋਂ ਸੰਕੋਚ ਕਰਨਾ ਚਾਹੀਦਾ ਹੈ, ਉਥੇ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਕਰਮਚਾਰੀਆਂ ਚਾਹੇ ਗੁਰੂ ਘਰਾਂ ਵਿਚ ਹਨ ਜਾਂ ਫਿਰ ਸਿੱਖ ਵਿੱਦਿਅਕ ਅਦਾਰਿਆਂ ਵਿਚ ਕੰਮ ਕਰਦੇ ਹਨ। ਸਾਰਿਆਂ ਦਾ ਕੁਝ ਸਮੇਂ ਲਈ ਸਮੇਂ-ਸਮੇਂ ਸਿਰ 'ਰੀਫਰੈਸ਼ਰ ਕੋਰਸ" ਕਰਾਵੇ। ਜਿਸ ਵਿਚ ਉਨ੍ਹਾਂ ਨੂੰ ਪੰਜਾਬੀ ਵਿਚ ਬੋਲੀ ਜਾਣ ਵਾਲੀ ਗਾਲੀ-ਗਲੋਚ ਵਾਲੀ ਸ਼ਬਦਾਵਲੀ ਨਾ ਵਰਤੀ ਜਾਵੇ, ਦੀ ਹਦਾਇਤ ਦਿੱਤੀ ਜਾਵੇ। ਜਿਹੜਾ ਕੋਈ ਕਰਮਚਾਰੀ ਸਮਝਾਉਣ ਤੋਂ ਬਾਅਦ ਵੀ ਆਪਣੀ ਸ਼ਬਦਾਵਲੀ ਵਿਚ ਸੁਧਾਰ ਨਹੀਂ ਕਰਦਾ, ਤਾਂ ਫਿਰ ਉਨ੍ਹਾਂ ਵਿਰੁੱਧ ਸਖਤ ਕਾਰਵਾਈ ਹੋਣੀ ਵੀ ਯਕੀਨੀ ਬਣਾਈ ਜਾਣੀ ਚਾਹੀਦੀ ਹੈ। ਗੱਲ ਇਥੇ ਹੀ ਬਸ ਨਹੀਂ ਹੁੰਦੀ, ਸਰਕਾਰੀ ਤੇ ਗੈਰ ਸਰਕਾਰੀ ਅਦਾਰਿਆਂ ਚਾਹੇ ਉਹ ਵਿਦਿਅਕ ਹਨ ਜਾਂ ਫਿਰ ਹੋਰ ਹਨ, ਇਨ੍ਹਾਂ ਕਰਮਚਾਰੀਆਂ ਨੂੰ ਵੀ ਚੰਗੀ ਤੇ ਸਾਫ-ਸੁਥਰੀ ਬੋਲੀ ਵਰਤਣ ਦੀ ਹਦਾਇਤ ਹੋਣੀ ਚਾਹੀਦੀ ਹੈ। ਇਸ ਵਿਚ ਪੰਜਾਬ ਦੀ ਸਰਕਾਰ ਨੂੰ ਵੀ ਆਪਣੀ ਜ਼ਿੰਮੇਵਾਰੀ ਨਿਭਾਉਣ ਦੀ ਜ਼ਰੂਰਤ ਹੈ। ਇਹ ਬੜਾ ਹੀ ਗੰਭੀਰ ਤੇ ਸੰਵੇਦਨਸ਼ੀਲ ਮਸਲਾ ਹੈ, ਇਸ ਵਿਚ ਸਾਰੇ ਪੰਜਾਬੀਆਂ ਨੂੰ ਰੱਲ ਕੇ ਸਹਿਯੋਗ ਕਰਨਾ ਪੈਣਾ ਹੈ। ਜੇਕਰ ਸਿਰਫ ਤੇ ਸਿਰਫ ਸਾਡੇ ਘਰਾਂ ਦੀਆਂ 'ਇਸਤਰੀਆਂ' ਹੀ ਫੈਸਲਾ ਕਰ ਲੈਣ ਕਿ ਅਸੀਂ ਆਪਣੇ ਘਰਾਂ ਵਿਚ ਕਿਸੇ ਮਰਦ ਨੂੰ ਗਾਲ ਨਹੀਂ ਕੱਢਣ ਦੇਵਾਂਗੀਆਂ, ਭਾਵੇਂ ਉਹ ਉਨ੍ਹਾਂ ਦਾ ਪਿਤਾ, ਪਤੀ, ਭਰਾ ਜਾਂ ਕੋਈ ਹੋਰ ਹੀ ਨਜ਼ਦੀਕੀ ਰਿਸ਼ਤੇਦਾਰ ਹੀ ਕਿਉਂ ਨਾ ਹੋਵੇ! ਇਸ ਤਰ੍ਹਾਂ ਕਰਕੇ ਅਸੀਂ ਉਨ੍ਹਾਂ ਕਈ ਪੰਜਾਬੀ ਦੇ ਦੋਖੀਆਂ ਦਾ ਮੂੰਹ ਵੀ ਭੰਨ ਸਕਦੇ ਹਾਂ, ਜਿਹੜੇ ਅਕਸਰ ਤੌਰ 'ਤੇ ਇਹ ਪ੍ਰਚਾਰ ਕਰਦੇ ਵੀ ਵੇਖੇ ਗਏ ਹਨ ਕਿ 'ਪੰਜਾਬੀ ਬੋਲੀ' ਤਾਂ ਅਨਪੜ੍ਹਾਂ, ਗਵਾਰਾਂ ਦੀ ਭਾਸ਼ਾ ਹੈ। ਦੇਸ਼-ਵਿਦੇਸ਼ ਦੀਆਂ ਸਾਰੀਆਂ ਪੰਜਾਬੀ ਸਾਹਿਤ ਸਭਾਵਾਂ, ਜਥੇਬੰਦੀਆਂ ਜੇਕਰ ਸਾਰੇ ਰਲ ਕੇ ਫੈਸਲਾ ਕਰ ਲੈਣ, ਤਾਂ ਇਹ ਕੋਈ ਏਡੀ ਵੱਡੀ ਗੱਲ ਨਹੀਂ ਕਿ ਅਸੀ ਪੰਜਾਬੀ ਜਿਹੜੀ ਮਿਸ਼ਰੀ ਜਿੰਨੀ ਮਿੱਠੀ ਬੋਲੀ ਹੈ, ਉਸ ਵਿਚੋਂ ਗਾਲੀ-ਗਲੋਚ ਨੂੰ ਖਤਮ ਨਾ ਕਰ ਸਕੀਏ। ਜੇਕਰ ਲੋੜ ਹੈ, ਤਾਂ ਉਹ ਸਿਰਫ ਤੇ ਸਿਰਫ ਦ੍ਰਿੜ੍ਹ ਇਰਾਦੇ ਦੀ! ਆਸ ਹੈ ਸੰਸਾਰ ਭਰ ਵਿਚ ਵਸਦੇ ਸਾਰੇ ਪੰਜਾਬੀ ਚਾਹੇ ਉਨ੍ਹਾਂ ਦਾ ਧਰਮ ਜਾਂ ਜਾਤ ਕੋਈ ਵੀ ਹੋਵੇ ਕਿ ਉਹ ਸਾਰੇ ਰਲ ਕੇ ਦ੍ਰਿੜ੍ਹ ਇਰਾਦਾ ਕਰ ਲੈਣ ਕਿ ਨਾ ਤਾਂ ਉਹ ਆਪ 'ਪੰਜਾਬੀ' ਵਿਚ ਗਾਲ੍ਹ ਕੱਢਣਗੇ, ਨਾ ਹੀ ਕਿਸੇ ਹੋਰ ਦੂਸਰੇ ਨੂੰ ਆਪਣੇ ਸਾਹਮਣੇ ਗਾਲ੍ਹ ਕੱਢਣ ਦੇਣਗੇ। ਇਸ ਵਿਚ ਹੀ ਸਮੂਹ ਪੰਜਾਬੀਆਂ ਦੀ ਭਲਾਈ ਲੁੱਕੀ ਹੋਈ ਹੈ।

## ਆਰਥਿਕ ਪਾੜਾ

# ਭਾਰਤ ਅਮੀਰ ਦੇਸ਼ ਹੈ ਪਰ ਭਾਰਤ ਵਾਸੀ ਗਰੀਬ ਹਨ !

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ
ਮਾਹਿਲਪੁਰ (ਹੁਸ਼ਿਆਰਪੁਰ)
98150-18947
ਪੰਜਾਬ ਮੇਲ USA





**ਇਸ ਗਰੀਬੀ ਦੇ ਵੱਡੇ ਕਾਰਨਾਂ ਵਿਚ ਸਾਡੀ ਗੁਲਾਮੀ ਹੈ ਕਿਉਂਕਿ ਇਤਿਹਾਸ ਗਵਾਹ ਹੈ ਕਿ ਭਾਰਤ 747 ਤੋਂ ਗੁਲਾਮ ਹੋ ਕੇ 1947 ਵਿਚ ਆਜ਼ਾਦ ਹੋਇਆ। ਸੈਂਕੜੇ ਸਾਲਾਂ ਦੀ ਗੁਲਾਮੀ ਨੇ ਭਾਰਤ ਨੂੰ ਆਪਣੀ ਸੋਚ ਵਿਕਸਿਤ ਕਰਨ ਦਾ ਮੌਕਾ ਹੀ ਨਹੀਂ ਦਿੱਤਾ। ਹਮੇਸ਼ਾਂ ਵਿਦੇਸ਼ੀਆਂ ਨੇ ਇਸ ਨੂੰ ਆਪਣੇ ਅਨੁਸਾਰ ਚਲਾਇਆ ਅਤੇ ਭਾਰਤ ਨੂੰ ਭਾਰਤ ਬਣਨ ਹੀ ਨਹੀਂ ਦਿੱਤਾ। ਮਹਿਮੂਦ ਗਜ਼ਨਵੀ ਵਰਗੇ ਲੁਟੇਰੇ ਹਮਲੇ ਕਰਕੇ ਭਾਰਤ ਦਾ ਕੀਮਤੀ ਸਰਮਾਇਆ ਲੁੱਟਦੇ ਰਹੇ, ਇੱਥੋਂ ਤੱਕ ਉਨ੍ਹਾਂ ਨੇ ਮੰਦਰਾਂ ਨੂੰ ਵੀ ਨਿਸ਼ਾਨਾ ਬਣਾਇਆ। ਉਸ ਦਾ 17ਵਾਂ ਹਮਲਾ ਸੋਮਨਾਥ ਦੇ ਮੰਦਰ 'ਤੇ ਸੀ, ਜੋ ਸੋਨਾ, ਚਾਂਦੀ, ਹੀਰੇ, ਜਵਾਹਰਾਤ ਸਭ ਕੁਝ ਲੁੱਟ ਕੇ ਲੈ ਗਿਆ।**

ਦੁਨੀਆਂ ਵਿਚ ਭਾਰਤੀ ਸੰਸਕ੍ਰਿਤੀ ਦਾ ਬੜਾ ਅਦਬ ਅਤੇ ਮਾਣ-ਸਨਮਾਨ ਹੁੰਦਾ ਹੈ। ਇਸ ਮਾਣ-ਸਨਮਾਨ ਦਾ ਮੁੱਖ ਕਾਰਨ ਇਹ ਹੈ ਕਿ ਕੁਦਰਤ ਨੇ ਇਸ ਦੇਸ਼ ਨੂੰ ਕੁਦਰਤੀ ਨਿਆਮਤਾਂ ਨਾਲ ਮਾਲਾਮਾਲ ਕੀਤਾ ਹੈ। ਜਦੋਂ ਇਤਿਹਾਸ ਦੇ ਪੰਨਿਆਂ 'ਤੇ ਝਾਤੀ ਮਾਰਦੇ ਹਾਂ, ਤਾਂ ਚੀਨੀ ਯਾਤਰੀ ਹਿਊਨਸਾਂਗ ਅਤੇ ਪੁਰਤਗਾਲੀ ਵਪਾਰੀ ਵਾਸਕੋ ਡਿਗਾਮਾਂ ਵਰਗੇ ਯਾਤਰੀ ਇਸ ਧਰਤੀ ਦਾ ਭ੍ਰਮਣ ਕਰਨ ਲਈ ਹਜ਼ਾਰਾਂ ਮੀਲ ਦਾ ਸਫ਼ਰ ਤੈਅ ਕਰਦੇ ਹਨ। ਦੂਜੇ ਬੰਨ੍ਹੇ ਵੱਡੇ-ਵੱਡੇ ਹਮਲਾਵਰ ਵੀ ਇਸ ਧਰਤੀ ਵੱਲ ਕੂਚ ਕਰਦੇ ਹਨ ਕਿ ਉਥੋਂ ਦੇ ਕੁਦਰਤੀ ਸਰਮਾਏ ਨੂੰ ਕਿਸੇ ਨਾ ਕਿਸੇ ਢੰਗ ਨਾਲ ਲੁੱਟਿਆ ਜਾਵੇ। ਜੰਗਾਂ ਦੇ ਇਤਿਹਾਸ ਵਿਚ ਪੈਣ ਦੀ ਬਜਾਏ ਮੌਜੂਦਾ ਸਮੇਂ ਦੇ ਤੌਰ ਤਰੀਕਿਆਂ ਨੂੰ ਸਮਝਣਾ ਅਤੇ ਵਾਚਣਾ ਸਮੇਂ ਦੀ ਮੰਗ ਹੈ।

ਅਰਥ ਸ਼ਾਸਤਰ ਦਾ ਅਧਿਐਨ ਕਰਨ ਵਾਲੇ ਵਿਦਿਆਰਥੀ ਜਾਣਦੇ ਹਨ ਕਿ ਉਨ੍ਹਾਂ ਦੇ ਸਿਲੇਬਸ ਵਿਚ ਇੱਕ ਚੈਪਟਰ ਪੜ੍ਹਾਇਆ ਜਾਂਦਾ ਹੈ ਜਿਸ ਦਾ ਸਿਰਲੇਖ ਹੈ: 'ਭਾਰਤ ਅਮੀਰ ਦੇਸ਼ ਹੈ ਪਰ ਭਾਰਤ ਵਾਸੀ ਗਰੀਬ ਹਨ'। ਹੁਣ ਵਿਚਾਰਨਾ ਇਹ ਹੈ ਕਿ ਅਮੀਰ ਦੇਸ਼ ਦੇ ਵਾਸੀ ਗਰੀਬ ਕਿਉਂ ਬਣੇ ਹੋਏ ਹਨ?

ਇਸ ਗਰੀਬੀ ਦੇ ਵੱਡੇ ਕਾਰਨਾਂ ਵਿਚ ਸਾਡੀ ਗੁਲਾਮੀ ਹੈ ਕਿਉਂਕਿ ਇਤਿਹਾਸ ਗਵਾਹ ਹੈ ਕਿ ਭਾਰਤ 747 ਤੋਂ ਗੁਲਾਮ ਹੋ ਕੇ 1947 ਵਿਚ ਆਜ਼ਾਦ ਹੋਇਆ। ਸੈਂਕੜੇ ਸਾਲਾਂ ਦੀ ਗੁਲਾਮੀ ਨੇ ਭਾਰਤ ਨੂੰ ਆਪਣੀ ਸੋਚ ਵਿਕਸਿਤ ਕਰਨ ਦਾ ਮੌਕਾ ਹੀ ਨਹੀਂ ਦਿੱਤਾ। ਹਮੇਸ਼ਾਂ ਵਿਦੇਸ਼ੀਆਂ ਨੇ ਇਸ ਨੂੰ ਆਪਣੇ ਅਨੁਸਾਰ ਚਲਾਇਆ ਅਤੇ ਭਾਰਤ ਨੂੰ ਭਾਰਤ ਬਣਨ ਹੀ ਨਹੀਂ ਦਿੱਤਾ। ਮਹਿਮੂਦ ਗਜ਼ਨਵੀ ਵਰਗੇ ਲੁਟੇਰੇ ਹਮਲੇ ਕਰਕੇ ਭਾਰਤ ਦਾ ਕੀਮਤੀ ਸਰਮਾਇਆ ਲੁੱਟਦੇ ਰਹੇ, ਇੱਥੋਂ ਤੱਕ ਉਨ੍ਹਾਂ ਨੇ ਮੰਦਰਾਂ ਨੂੰ ਵੀ ਨਿਸ਼ਾਨਾ ਬਣਾਇਆ। ਉਸ ਦਾ 17ਵਾਂ ਹਮਲਾ ਸੋਮਨਾਥ ਦੇ ਮੰਦਰ 'ਤੇ ਸੀ, ਜੋ ਸੋਨਾ, ਚਾਂਦੀ, ਹੀਰੇ, ਜਵਾਹਰਾਤ ਸਭ ਕੁਝ ਲੁੱਟ ਕੇ ਲੈ ਗਿਆ। ਸਾਡੀ ਅਮੀਰੀ ਇੱਥੋਂ ਸਿੱਧ ਹੁੰਦੀ ਹੈ ਕਿ ਵੱਡੇ-ਵੱਡੇ ਵੇਦ ਗ੍ਰੰਥ ਇਸ ਧਰਤੀ 'ਤੇ ਰਚੇ ਗਏ। ਗਣਿਤ ਦਾ ਜ਼ੀਰੋ ਅੰਕ ਭਾਰਤ ਵੱਲੋਂ ਹੀ ਦੁਨੀਆਂ ਨੂੰ ਦਿੱਤਾ ਗਿਆ, ਜਿਸ ਨਾਲ ਦੁਨੀਆਂ ਦੇ ਗਣਿਤ ਦਾ ਵਿਕਾਸ ਹੋਇਆ। ਅੱਜ ਦੁਨੀਆਂ ਉਸ ਅੰਕ ਦੀ ਬਦੌਲਤ ਅੰਬਰਾਂ ਤੱਕ ਪੁੱਜੀ ਹੈ। ਨਲੰਦਾ ਯੂਨੀਵਰਸਿਟੀ ਦੇ ਅਣਮੁੱਲੇ ਗ੍ਰੰਥ ਮਹੀਨਿਆਂ ਬੱਧੀ ਸੜਦੇ ਰਹੇ ਸਨ। ਇਸ ਦੇ ਨਾਲ ਹੀ ਸਿੰਧ ਘਾਟੀ ਦੀ ਸੱਭਿਅਤਾ ਦੇ ਮਹਿੰਜੋਦੜੋ ਅਤੇ ਹੜੱਪਾ ਵਰਗੇ ਆਧੁਨਿਕ ਸ਼ਹਿਰਾਂ ਦੀ ਬਾਤ ਪਾਉਣੀ ਵੀ ਬਣਦੀ ਹੈ। ਜਿੱਥੋਂ ਇਹ ਲੱਗਦਾ ਹੈ ਕਿ ਇਹ ਧਰਤੀ ਸਦੀਆਂ ਪਹਿਲਾਂ ਵੀ ਵਿਕਸਿਤ ਅਤੇ ਆਧੁਨਿਕ ਤਕਨੀਕ ਦਾ ਇਸਤੇਮਾਲ ਕਰਦੀ ਸੀ।

ਭਾਰਤ ਦੀ ਆਜ਼ਾਦੀ ਲਈ ਲੜੀ ਗਈ ਜੰਗ ਵਿਚ ਹਜ਼ਾਰਾਂ ਜ਼ਿੰਦਗੀਆਂ ਬਰਬਾਦ ਹੋਇਆਂ। ਆਜ਼ਾਦੀ ਦਾ ਨਿੱਘ ਮਾਨਣ ਲਈ ਸੈਂਕੜੇ ਸਾਲ ਸੰਘਰਸ਼ ਕਰਨਾ ਪਿਆ। ਇਸ ਸੰਘਰਸ਼ ਵਿਚ ਸ਼ਾਮਿਲ ਪਰਿਵਾਰ ਜਾਣਦੇ ਸਨ ਕਿ ਆਜ਼ਾਦੀ ਦਾ ਮੁੱਲ ਕੀ ਹੈ। ਆਜ਼ਾਦੀ ਮਿਲਣ ਤੋਂ ਬਾਅਦ ਲੀਡਰਾਂ ਨੇ ਆਪਣੇ ਹਿੱਤਾਂ ਵਾਸਤੇ ਇਸ ਧਰਤੀ ਨੂੰ ਵੰਡ ਦਿੱਤਾ। ਉਸ ਵੰਡ ਨਾਲ ਜਿੱਥੇ ਲੱਖਾਂ ਲੋਕ ਬੇਘਰ ਹੋਏ, ਉੱਥੇ ਇਹ ਮਾਣ-ਸਨਮਾਨ, ਧਨ-ਦੌਲਤ ਸਭ ਕੁਝ ਲੁੱਟਿਆ ਤੇ ਪੁੱਟਿਆ ਗਿਆ। ਦੇਸ਼ ਅੱਗੇ ਮੁੜ ਵਸੇਬੇ ਦੀ ਸਮੱਸਿਆ ਖੜ੍ਹੀ ਹੋ ਗਈ ਅਤੇ ਲੋਕਾਂ ਨੂੰ ਖਾਣ-ਪੀਣ ਦੀਆਂ ਵਸਤਾਂ ਤੋਂ ਵੀ ਮੁਹਤਾਜ ਹੋਣਾ ਪਿਆ। ਹੱਸਦੇ-ਵੱਸਦੇ ਘਰਾਂ ਦਾ ਉਜਾੜਾ ਕਰਕੇ ਲੀਡਰ ਖੁਸ਼ੀਆਂ ਮਨਾਉਣ ਲੱਗੇ। ਉਨ੍ਹਾਂ ਨੂੰ ਇਹ ਨਹੀਂ ਸੀ ਪਤਾ ਕਿ ਖੂਨ ਨਾਲ ਲੱਥਪੱਥ ਮਿਲੀ ਆਜ਼ਾਦੀ ਸਾਡੀ ਕਿੰਨੀ ਬਰਬਾਦੀ ਕਰੇਗੀ।

ਆਜ਼ਾਦ ਭਾਰਤ ਲਈ ਸਭ ਤੋਂ ਵੱਡੀ ਸਮੱਸਿਆ ਆਪਣੇ ਕਾਨੂੰਨ ਦੀ ਸੀ। ਭਾਰਤੀ ਸੰਵਿਧਾਨ ਦੇ ਨਿਰਮਾਤਾ ਡਾਕਟਰ ਭੀਮ ਰਾਓ ਅੰਬੇਦਕਰ ਨੇ ਦੁਨੀਆਂ ਦੇ ਸੰਵਿਧਾਨ ਪੜ੍ਹੇ ਅਤੇ ਭਾਰਤ ਲਈ ਇੱਕ ਅਜਿਹੇ ਸੰਵਿਧਾਨ ਦੀ ਘਾੜਤ ਘੜੀ, ਜੋ ਸਮੇਂ ਦੇ ਅਨੁਕੂਲ ਅਤੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ 'ਤੇ ਪਾਉਣ ਵਾਲਾ ਹੈ। ਪ੍ਰੰਤੂ ਇਸ ਸੰਵਿਧਾਨ ਨੂੰ ਚਲਾਉਣ ਵਾਲੇ ਲੋਕਾਂ ਨੇ ਇਸ ਦੀ ਵਿਆਖਿਆ ਆਪਣੇ ਹਿੱਤਾਂ ਲਈ ਕਰਨੀ ਆਰੰਭ ਕਰ ਦਿੱਤੀ। ਸਮਾਜਿਕ ਬਰਾਬਰੀ, ਜਾਤ-ਪਾਤ ਦਾ ਖਾਤਮਾ, ਔਰਤ ਮਰਦ ਦੇ ਭੇਦਭਾਵ ਸਭ ਖਤਮ ਕਰਕੇ ਭਾਰਤ ਨੂੰ ਇੱਕ ਲੜੀ ਵਿਚ ਪ੍ਰੋ ਦਿੱਤਾ। ਸਮੇਂ ਦੀਆਂ ਹਕੂਮਤਾਂ ਦੁਆਰਾ ਸੰਵਿਧਾਨ ਵਿਚ ਦਰਜ ਧਰਮ ਨਿਰਪੱਖ, ਸਮਾਜਵਾਦੀ, ਲੋਕਤੰਤਰੀ ਗਣਰਾਜ ਦੀਆਂ ਬਾਤਾਂ ਨੂੰ ਨਿੱਜੀ ਹਿੱਤਾਂ ਨੂੰ ਪਹਿਲ ਦਿੱਤੀ ਜਾਣ ਲੱਗੇ। ਦੇਸ਼ ਪ੍ਰੇਮੀ ਲੀਡਰਾਂ ਦੀ ਗਿਣਤੀ ਘੱਟਦੀ ਗਈ ਅਤੇ ਦੇਸ਼ ਨੂੰ ਲੁੱਟਣ ਵਾਲਿਆਂ ਦੀ ਗਿਣਤੀ ਵਧਦੀ ਗਈ। ਜਿਸ ਚੋਣ ਪ੍ਰਣਾਲੀ ਰਾਹੀਂ ਦੇਸ਼ ਦੇ ਆਗੂ ਚੁਣੇ ਜਾਣੇ ਸਨ, ਉਹੀ ਚੋਣ ਪ੍ਰਣਾਲੀ ਰੱਦੀ ਬਣਾ ਦਿੱਤੀ ਗਈ ਅਤੇ ਉਹ ਸ਼ਕਤੀਸ਼ਾਲੀ ਹੱਥਾਂ ਵਿਚ ਖੇਡਣ ਲੱਗੀ। ਅੱਜ ਦੇਸ਼ ਅੱਗੇ ਇਹ ਸਭ ਤੋਂ ਵੱਡੀ ਚੁਣੌਤੀ ਹੈ ਕਿ ਸੱਚੇ-ਸੁੱਚੇ ਦੇਸ਼ ਭਗਤ ਲੀਡਰ ਅੱਗੇ ਕਿਵੇਂ ਆਉਣ। ਜਿਸ ਦੇਸ਼ ਦੀ ਸੰਸਦ ਵਿਚ ਅੱਧੇ ਲੀਡਰਾਂ 'ਤੇ ਕੇਸ ਚੱਲਦੇ ਹੋਣ, ਭਲਾ ਉਹ ਦੇਸ਼ ਦਾ ਭਲਾ ਕਿਵੇਂ ਕਰ ਸਕਦੇ ਹਨ? ਜਦੋਂ ਭਾਰਤ 1952 ਵਿਚ ਪਹਿਲੀ ਚੋਣ ਹੋਈ, ਤਾਂ ਸਾਰੇ ਆਗੂ ਦੇਸ਼ ਦੀ ਸੇਵਾ ਵਾਸਤੇ ਆਏ ਸਨ। ਤੇ ਅੱਜ ਕੁਝ ਨੂੰ ਛੱਡ ਕੇ ਸਾਰੇ ਆਗੂ ਦੇਸ਼ ਨੂੰ ਲੁੱਟਣ ਵਾਸਤੇ ਆ ਰਹੇ ਹਨ। ਮੁੱਠੀ ਭਰ ਦੇਸ਼ ਪ੍ਰੇਮੀ ਆਗੂ ਇਸਦੀ ਬੇਹਤਰੀ ਲਈ ਕਾਰਜ ਕਰ ਰਹੇ ਹਨ ਪਰ ਜਦੋਂ ਡੂੰਘਾ ਅਧਿਐਨ ਕਰਦੇ ਹਾਂ, ਤਾਂ 'ਈਸਬਗੋਲ ਕੁਝ ਨਾ ਫੋਲ' ਵਾਲੀ ਗੱਲ ਪੱਲੇ ਪੈਂਦੀ ਹੈ।



ਦੁਨੀਆਂ ਦੀ ਸਭ ਤੋਂ ਵੱਡੀ ਆਬਾਦੀ ਵਾਲਾ ਦੇਸ਼ ਹੋਣ ਕਰਕੇ ਸਾਰੀ ਦੁਨੀਆਂ ਦੀਆਂ ਨਜ਼ਰਾਂ ਇਸ ਦੇਸ਼ ਵੱਲ ਹਨ। ਕਿਉਂਕਿ ਭਾਰਤ ਇੱਕ ਸਭ ਤੋਂ ਵੱਡੀ ਮੰਡੀ ਹੈ, ਜਿਸ ਵਿਚ ਹਰ ਚੀਜ਼ ਵੇਚੀ ਜਾ ਸਕਦੀ ਹੈ। ਦੁਨੀਆਂ ਦੀ ਸਿਆਸਤ 'ਤੇ ਅੱਜ ਮੰਡੀ ਦਾ ਕਬਜ਼ਾ ਹੈ, ਕਹਿਣ ਦਾ ਭਾਵ ਕਾਰਪੋਰੇਟ ਕਰਾਣੇ ਦੁਨੀਆਂ ਦੀ ਸਿਆਸਤ ਨੂੰ ਚਲਾ ਰਹੇ ਹਨ। ਹੁਣ ਗੱਲ ਕਰਦੇ ਹਾਂ ਦੇਸ਼ ਵਾਸੀਆਂ ਦੀ ਗਰੀਬੀ ਦੀ ਜਦੋਂ ਵੱਡੇ-ਵੱਡੇ ਸ਼ਹਿਰਾਂ ਤੋਂ ਬਾਹਰ ਜਾਂਦੇ ਹਾਂ, ਤਾਂ ਇੱਕ ਇਹੋ ਜਿਹਾ ਆਲਮ ਦਿਖਾਈ ਦਿੰਦਾ ਹੈ, ਜਿੱਥੇ ਰੋਟੀ-ਰੋਜ਼ੀ ਲਈ ਤੜਫ ਰਹੇ ਲੋਕ ਦਿਖਾਈ ਦਿੰਦੇ ਹਨ। ਕੋਈ ਢੇਰਾਂ ਵਿਚੋਂ ਰੋਟੀ ਲੱਭ ਰਿਹਾ ਹੈ ਤੇ ਕੋਈ ਸਟੇਸ਼ਨ/ਬੱਸ ਸਟੈਂਡ 'ਤੇ ਖੜ੍ਹਾ ਮੰਗਤਾ ਬਣਿਆ ਪਿਆ ਹੈ। ਸਰਕਾਰਾਂ ਨੇ ਇਨ੍ਹਾਂ ਹੱਥਾਂ ਨੂੰ ਰੁਜ਼ਗਾਰ ਦੇਣ ਦੀ ਬਜਾਏ ਇਨ੍ਹਾਂ ਨੂੰ ਮੰਗਤੇ ਬਣਾ ਦਿੱਤਾ ਹੈ, ਮੁਫਤ ਦੇ ਰੇਵੜੀਆਂ ਦੇ ਕੇ। ਆਰਥਿਕ ਸਰਵੇਖਣ ਵਿਚ ਜਿਹੜੇ ਤੱਥ ਸਾਹਮਣੇ ਆਏ ਹਨ, ਉਹ ਭਾਰਤ ਦੇ ਆਮ ਸ਼ਹਿਰੀ ਨੂੰ ਹੈਰਾਨ ਅਤੇ ਪਰੇਸ਼ਾਨ ਕਰਨ ਵਾਲੇ ਹਨ।

ਆਜ਼ਾਦੀ ਦੇ 80 ਸਾਲਾਂ ਬਾਅਦ ਸਮਾਜਵਾਦ ਦੇ ਨਾਂ 'ਤੇ ਆਮਦਨ ਦੀ ਬਰਾਬਰ ਵੰਡ ਦੀ ਬਜਾਏ, ਅਮੀਰੀ-ਗਰੀਬੀ ਦਾ ਪਾੜਾ ਆਏ ਸਾਲ ਵੱਧਦਾ ਗਿਆ। 1991 ਤੋਂ ਬਾਅਦ ਉੱਪਰਲੇ 10 ਫੀਸਦੀ ਅਮੀਰ ਲੋਕਾਂ ਕੋਲ ਆਮਦਨ ਵੱਧ ਕੇ ਅੱਜ 57 ਫੀਸਦੀ ਹੋ ਚੁੱਕੀ ਹੈ ਅਤੇ ਲਗਾਤਾਰ ਬੜੀ ਤੇਜ਼ੀ ਨਾਲ ਵੱਧ ਰਹੀ ਹੈ। ਦੂਜੇ ਬੰਨ੍ਹੇ 50 ਫੀਸਦੀ ਲੋਕਾਂ ਦੀ ਆਮਦਨ ਘੱਟ ਕੇ 13 ਫੀਸਦੀ ਰਹਿ ਗਈ ਹੈ। ਪਿਛਲੇ 10 ਸਾਲਾਂ ਵਿਚ ਇਸ ਨਾ ਬਰਾਬਰੀ ਵਿਚ ਬਹੁਤ ਵਾਧਾ ਹੋਇਆ ਹੈ। 2011 ਤੋਂ 2021 ਦਰਮਿਆਨ ਹੇਠਲੀ ਆਮਦਨ ਵਾਲੇ ਲੋਕਾਂ ਦੀ ਆਮਦਨ 2022 ਵਿਚ 6.12 ਫੀਸਦੀ ਤੋਂ ਘੱਟ ਕੇ ਸਿਰਫ 3 ਫੀਸਦੀ ਰਹਿ ਗਈ। 2015 ਵਿਚ ਦੇਸ਼ ਦੇ ਅਰਬਪਤੀਆਂ ਦੀ ਗਿਣਤੀ ਸਿਰਫ 83 ਸੀ, ਜਦਕਿ 2022 ਵਿਚ ਇਹ ਗਿਣਤੀ ਵੱਧ ਕੇ 185 ਹੋ ਗਈ। ਕੋਵਿਡ ਮਹਾਂਮਾਰੀ ਦੇ ਦਰਮਿਆਨ ਇਨ੍ਹਾਂ ਦੀ ਦੌਲਤ ਵੱਧ ਕੇ 77 ਲੱਖ ਕਰੋੜ ਹੋ ਗਈ। ਦੁਨੀਆਂ ਭਰ ਵਿਚ ਅਰਬਪਤੀਆਂ ਦੀ ਗਿਣਤੀ ਸਭ ਤੋਂ ਵੱਧ ਭਾਰਤ ਵਿਚ ਵਧੀ ਹੈ। 2015 ਵਿਚ ਪੂਰੀ ਦੁਨੀਆਂ ਵਿਚ ਕੁੱਲ ਅਰਬਪਤੀਆਂ ਦੀ ਗਿਣਤੀ 1757 ਸੀ, ਜੋ 2024 ਵਿਚ ਵਧ ਕੇ 2682 ਹੋ ਗਈ। ਇਨ੍ਹਾਂ ਅਰਬਪਤੀਆਂ ਦੀ ਦੌਲਤ 2024 ਵਿਚ ਵਧ ਕੇ 1185 ਲੱਖ ਕਰੋੜ ਹੋ ਗਈ, ਜਿਨ੍ਹਾਂ ਵਿਚ ਇਕੱਲੇ ਭਾਰਤ ਦੇ ਅਰਬਪਤੀਆਂ ਦੀ ਦੌਲਤ 77 ਲੱਖ ਕਰੋੜ ਹੈ। ਅਮੀਰ ਹੋਰ ਅਮੀਰ ਅਤੇ ਗਰੀਬ ਹੋਰ ਗਰੀਬ ਹੋ ਰਿਹਾ ਹੈ ਅਤੇ ਦੇਸ਼ ਦੇ 22 ਫੀਸਦੀ ਲੋਕਾਂ ਕੋਲ ਇੱਕ ਡੰਗ ਦਾ ਖਾਣਾ ਵੀ ਨਸੀਬ ਨਹੀਂ ਹੈ।

ਉਪਰੋਕਤ ਅੰਕੜੇ ਇਹ ਵੀ ਸਿੱਧ ਕਰਦੇ ਹਨ ਕਿ ਭਾਰਤ ਦੁਨੀਆਂ ਦਾ ਸਭ ਤੋਂ ਵੱਧ ਗਰੀਬਾਂ ਵਾਲਾ ਦੇਸ਼ ਹੈ। ਜਿੱਥੇ 80 ਕਰੋੜ ਲੋਕ ਮੁਫ਼ਤ ਦਾ ਰਾਸ਼ਨ ਲੈਣ ਦੀ ਲਾਈਨ ਵਿਚ ਲੱਗੇ ਹੋਏ ਹਨ। ਇਸ ਵਿਚ ਕੋਈ ਸ਼ੱਕ ਨਹੀਂ ਕਿ ਭਾਰਤ ਨੇ ਦੁਨੀਆਂ ਵਿਚ ਆਪਣਾ ਰੁਤਬਾ ਕਾਇਮ ਕੀਤਾ ਹੈ। ਉਹ ਰੁਤਬਾ ਆਮ ਲੋਕਾਂ ਕਰਕੇ ਨਹੀਂ, ਸਗੋਂ ਅਰਬਪਤੀਆਂ ਦੀ ਬਦੌਲਤ ਹੀ ਕਾਇਮ ਕੀਤਾ ਗਿਆ ਹੈ। ਕਲਿਆਣਕਾਰੀ ਰਾਜ ਦੀ ਸਿਫ਼ਤ ਹੁੰਦੀ ਹੈ ਕਿ ਜੋ ਸੁੱਖ ਇੱਕ ਅਮੀਰ ਨੂੰ ਮਿਲ ਰਿਹਾ ਹੈ, ਉਹ ਗਰੀਬ ਨੂੰ ਵੀ ਮਿਲਣਾ ਚਾਹੀਦਾ ਹੈ। ਅਮੀਰੀ ਗਰੀਬੀ ਦਾ ਪਾੜਾ ਘੱਟ ਕਰਨ ਲਈ ਭਾਰਤ ਦੇ ਸਭ ਦੇਸ਼ ਪ੍ਰੇਮੀ ਆਗੂਆਂ ਨੇ ਯਤਨ ਕੀਤੇ ਪ੍ਰੰਤੂ 80 ਸਾਲਾਂ ਬਾਅਦ ਵੀ ਇਹ ਪਾੜਾ ਘਟਣ ਦੀ ਬਜਾਏ ਵੱਧਦਾ ਹੀ ਜਾ ਰਿਹਾ ਹੈ। ਭਾਰਤ ਦੇ ਸੰਵਿਧਾਨ ਅਨੁਸਾਰ ਭਾਰਤ ਦੀ ਅਮੀਰੀ ਹਰ ਭਾਰਤ ਵਾਸੀ ਤੱਕ ਪੁੱਜਣੀ ਚਾਹੀਦੀ ਹੈ। ਭਾਰਤ ਦੇ 33 ਫੀਸਦੀ ਦਲਿਤਾਂ ਨੂੰ ਅੱਜ ਵੀ ਮਨੁੱਖੀ ਸਹੂਲਤਾਂ ਨਹੀਂ ਮਿਲ ਸਕੀਆਂ। ਜਿਸ ਦਾ ਮੁੱਖ ਕਾਰਨ ਇਹ ਹੈ ਕਿ ਦਲਿਤ ਲੀਡਰ ਅਤੇ ਅਧਿਕਾਰੀਆਂ ਨੇ ਉਨ੍ਹਾਂ ਵਾਸਤੇ ਕੁਝ ਵੀ ਨਹੀਂ ਕੀਤਾ, ਸਿਰਫ਼ ਤੇ ਸਿਰਫ਼ ਆਪਣੀ ਅਮੀਰੀ ਵਧਾਈ ਅਤੇ ਆਪਣੀ ਲੀਡਰੀ ਚਮਕਾਈ ਹੈ। ਜੇਕਰ ਬਜਟ ਵਿਚੋਂ 33 ਫੀਸਦੀ ਹਿੱਸਾ ਇਹਨਾਂ ਲੋਕਾਂ ਨੂੰ ਦਿੱਤਾ ਜਾਂਦਾ, ਤਾਂ ਅੱਜ ਸ਼ਾਇਦ ਸਾਰੇ ਲੋਕ 19-21 ਦੇ ਪਾੜੇ ਨਾਲ ਅਮੀਰ ਗਰੀਬ ਹੁੰਦੇ। ਸਮੇਂ ਦੀ ਮੰਗ ਹੈ ਕਿ ਦੇਸ਼ ਵਿਚ ਮੌਜੂਦ ਕੁਦਰਤੀ ਸਰੋਤਾਂ ਨੂੰ ਬਚਾਇਆ ਜਾਵੇ ਅਤੇ ਸਭ ਸਹੂਲਤਾਂ ਬਰਾਬਰ ਵੰਡੀਆਂ ਜਾਣ। ਫਿਰ ਭਾਰਤ ਦੀ ਅਮੀਰੀ ਨਾਲ ਭਾਰਤ ਵਾਸੀ ਵੀ ਅਮੀਰ ਹੋਣਗੇ।

ਐਡਵੋਕੇਟ ਕਿਸ਼ਨ ਸਨਮੁਖਦਾਸ ਭਵਨਾਨੀਨ
ਗੋਂਡੀਆ, ਮਹਾਰਾਸ਼ਟਰ
92841-41425




ਪੰਜਾਬ ਮੇਲ USA

# ਅਮਰੀਕੀ ਰਾਸ਼ਟਰਪਤੀ ਟਰੰਪ ’ਤੇ ਤੀਜੇ ਹਮਲੇ ਦੀ ਕੋਸ਼ਿਸ਼

## ਸੁਰੱਖਿਆ ਬਨਾਮ ਅਸੁਰੱਖਿਆ: ਕੀ ਸੰਯੁਕਤ ਰਾਜ ਦੀ ਗੁਪਤ ਸੇਵਾ ਦੇ ਬਾਵਜੂਦ ਰਾਜਨੀਤਿਕ ਹਿੰਸਾ ਦਾ ਖਤਰਾ ਵਧ ਰਿਹਾ ਹੈ?





ਵਿਸ਼ਵਵਿਆਪੀ ਤੌਰ ’ਤੇ ਸੰਯੁਕਤ ਰਾਜ, ਜਿਸਨੂੰ ਲੰਬੇ ਸਮੇਂ ਤੋਂ ਲੋਕਤੰਤਰੀ ਸਥਿਰਤਾ, ਸੰਸਥਾਗਤ ਤਾਕਤ ਅਤੇ ਸਮਾਜਿਕ ਸਹਿਮਤੀ ਦਾ ਪ੍ਰਤੀਕ ਮੰਨਿਆ ਜਾਂਦਾ ਹੈ, ਡੂੰਘੇ ਵਿਚਾਰਧਾਰਕ ਧਰੁਵੀਕਰਨ ਦੇ ਦੌਰ ਵਿਚੋਂ ਲੰਘ ਰਿਹਾ ਹੈ। ਵਿਭਿੰਨਤਾ ਵਿਚ ਏਕਤਾ ਦੇ ਸਿਧਾਂਤ ’ਤੇ ਸਥਾਪਤ ਸੰਯੁਕਤ ਰਾਜ ਦੀ ਧਾਰਨਾ, ਹੁਣ ਬਹੁਤ ਸਾਰੇ ਵਿਸ਼ਲੇਸ਼ਕਾਂ ਦੀਆਂ ਨਜ਼ਰਾਂ ਵਿਚ ਇੱਕ ਵੰਡੇ ਹੋਏ ਰਾਜਾਂ ਵੱਲ ਵਧਦੀ ਜਾਪਦੀ ਹੈ। ਇਸ ਤਬਦੀਲੀ ਪਿੱਛੇ ਕਈ ਗੁੰਝਲਦਾਰ ਕਾਰਕ ਭੂਮਿਕਾ ਨਿਭਾ ਰਹੇ ਹਨ, ਜਿਨ੍ਹਾਂ ਵਿਚ ਰਾਜਨੀਤਿਕ ਲੀਡਰਸ਼ਿਪ ਦੀਆਂ ਨੀਤੀਆਂ, ਆਰਥਿਕ ਅਸਮਾਨਤਾ, ਸੱਭਿਆਚਾਰਕ ਟਕਰਾਅ, ਮੀਡੀਆ ਦੀ ਭੂਮਿਕਾ ਅਤੇ ਡਿਜੀਟਲ ਯੁੱਗ ਦਾ ਐਲਗੋਰਿਦਮਿਕ ਪ੍ਰਭਾਵ ਸ਼ਾਮਲ ਹਨ। ਡੋਨਾਲਡ ਟਰੰਪ ਯੁੱਗ ਅਤੇ ਉਸ ਤੋਂ ਬਾਅਦ ਦੇ ਰਾਜਨੀਤਿਕ ਦ੍ਰਿਸ਼ ਨੇ ਇਸ ਧਰੁਵੀਕਰਨ ਨੂੰ ਖਾਸ ਤੌਰ ’ਤੇ ਉਜਾਗਰ ਕੀਤਾ ਹੈ। ਮੈਂ, ਐਡਵੋਕੇਟ ਕਿਸ਼ਨ ਸੰਮੁਖਦਾਸ ਭਵਨਾਨੀ, ਗੋਂਡੀਆ, ਮਹਾਰਾਸ਼ਟਰ ਦਾ ਮੰਨਣਾ ਹੈ ਕਿ ਅਮਰੀਕਾ ਵਿਚ ਵਿਚਾਰਧਾਰਕ ਵੰਡ ਕੋਈ ਅਚਾਨਕ ਘਟਨਾ ਨਹੀਂ ਹੈ, ਸਗੋਂ ਕਈ ਦਹਾਕਿਆਂ ਤੋਂ ਵਿਕਸਿਤ ਹੋ ਰਹੇ ਰੁਝਾਨ ਦਾ ਨਤੀਜਾ ਹੈ। ਹਾਲਾਂਕਿ, ਰਾਸ਼ਟਰਵਾਦ, ਇਮੀਗ੍ਰੇਸ਼ਨ ਵਿਰੋਧੀ ਅਤੇ “ਅਮਰੀਕਾ ਫਸਟ” ਵਰਗੇ ਨਾਅਰਿਆਂ ’ਤੇ ਆਧਾਰਿਤ ਡੋਨਾਲਡ ਟਰੰਪ ਦੀ ਰਾਜਨੀਤਿਕ ਸ਼ੈਲੀ ਨੇ ਇਸ ਵੰਡ ਨੂੰ ਹੋਰ ਵਧਾ ਦਿੱਤਾ ਹੈ। ਉਸਦੇ ਸਮਰਥਕਾਂ ਲਈ, ਇਹ ਨੀਤੀਆਂ ਆਰਥਿਕ ਸੁਰੱਖਿਆ ਅਤੇ ਸੱਭਿਆਚਾਰਕ ਪਛਾਣ ਦੀ ਸੁਰੱਖਿਆ ਦਾ ਪ੍ਰਤੀਕ ਸਨ, ਜਦੋਂਕਿ ਉਸਦੇ ਵਿਰੋਧੀਆਂ ਲਈ, ਉਹ ਲੋਕਤੰਤਰੀ ਕਦਰਾਂ-ਕੀਮਤਾਂ, ਸਮਾਵੇਸ਼ ਅਤੇ ਵਿਸ਼ਵਵਿਆਪੀ ਸਹਿਯੋਗ ਨੂੰ ਖ਼ਤਰਾ ਸਨ। ਇਸ ਤਰ੍ਹਾਂ ਅਮਰੀਕਾ ਦੇ ਅੰਦਰ ਦੋ ਵੱਖਰੇ ਵਿਚਾਰਧਾਰਕ ਕੈਂਪ ਉੱਭਰ ਕੇ ਸਾਹਮਣੇ ਆਏ: ਇੱਕ ਜੋ ਰਵਾਇਤੀ ਕਦਰਾਂ-ਕੀਮਤਾਂ ਅਤੇ ਰਾਸ਼ਟਰੀ ਤਰਜੀਹਾਂ ਨੂੰ ਤਰਜੀਹ ਦਿੰਦਾ ਹੈ ਅਤੇ ਦੂਜਾ ਜੋ ਬਹੁਲਵਾਦ, ਉਦਾਰਵਾਦ ਅਤੇ ਵਿਸ਼ਵਵਿਆਪੀ ਸ਼ਮੂਲੀਅਤ ਦੀ ਵਕਾਲਤ ਕਰਦਾ ਹੈ। ਇਹ ਵੰਡ ਰਾਜਨੀਤਿਕ ਵਿਚਾਰਾਂ ਤੱਕ ਸੀਮਿਤ ਨਹੀਂ ਹੈ, ਬਲਕਿ ਸਮਾਜਿਕ ਜੀਵਨ ਦੇ ਲਗਭਗ ਹਰ ਪਹਿਲੂ ਵਿਚ ਦਿਖਾਈ ਦੇ ਰਹੀ ਹੈ। ਸਿੱਖਿਆ, ਮੀਡੀਆ, ਨਿਆਂਪਾਲਿਕਾ ਅਤੇ ਇੱਥੋਂ ਤੱਕ ਕਿ ਵਿਗਿਆਨ ਅਤੇ ਸਿਹਤ ਵਰਗੇ ਖੇਤਰਾਂ ਵਿਚ, ਲੋਕਾਂ ਨੇ ਆਪਣੇ ਵਿਚਾਰਧਾਰਕ ਸਮੂਹਾਂ ਦੇ ਅਨੁਸਾਰ ਸੱਚਾਈ ਨੂੰ ਪਰਿਭਾਸ਼ਿਤ ਕਰਨਾ ਸ਼ੁਰੂ ਕਰ ਦਿੱਤਾ ਹੈ। ਉਦਾਹਰਣ ਵਜੋਂ ਕੋਵਿਡ-19 ਮਹਾਂਮਾਰੀ ਦੌਰਾਨ, ਮਾਸਕ, ਟੀਕੇ ਅਤੇ ਤਾਲਾਬੰਦੀ ਵਰਗੇ ਮੁੱਦੇ ਵਿਗਿਆਨਕ ਬਹਿਸ ਨਾਲੋਂ ਰਾਜਨੀਤਿਕ ਪਛਾਣ ਦਾ ਮੁੱਦਾ ਬਣ ਗਏ। ਇਹ ਸਪੱਸ਼ਟ ਤੌਰ ’ਤੇ ਦਰਸਾਉਂਦਾ ਹੈ ਕਿ ਧਰੁਵੀਕਰਨ ਨੇ ਅਮਰੀਕੀ ਸਮਾਜ ਦੀ ਬੁਨਿਆਦੀ ਸਹਿਮਤੀ ਨੂੰ ਕਮਜ਼ੋਰ ਕਰ ਦਿੱਤਾ ਹੈ।

ਦੋਸਤੋ, ਜੇਕਰ ਅਸੀਂ ਟਰੰਪ ’ਤੇ ਹਾਲ ਹੀ ਵਿਚ ਹੋਏ ਤੀਜੇ ਹਮਲੇ ਨੂੰ ਸਮਝਣਾ ਹੈ, ਤਾਂ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਨੇ ਸ਼ਨੀਵਾਰ ਨੂੰ ਅਮਰੀਕੀ ਰਾਸ਼ਟਰਪਤੀ ’ਤੇ ਹਮਲੇ ਦੀ ਕੋਸ਼ਿਸ਼ ਬਾਰੇ ਕਈ ਮਹੱਤਵਪੂਰਨ ਟਿੱਪਣੀਆਂ ਕੀਤੀਆਂ। ਉਨ੍ਹਾਂ ਕਿਹਾ ਕਿ ਵ੍ਹਾਈਟ ਹਾਊਸ ਦੇ ਪ੍ਰੈੱਸ ਡਿਨਰ ’ਤੇ ਗੋਲੀਬਾਰੀ ਰਾਸ਼ਟਰਪਤੀ ਟਰੰਪ ’ਤੇ ਤੀਜਾ ਵੱਡਾ ਹਮਲਾ ਸੀ। ਇਤਿਹਾਸ ਵਿਚ ਕਿਸੇ ਹੋਰ ਰਾਸ਼ਟਰਪਤੀ ਨੇ ਇੰਨੇ ਵਾਰ-ਵਾਰ, ਗੰਭੀਰ ਹਮਲਿਆਂ ਦਾ ਸਾਹਮਣਾ ਨਹੀਂ ਕੀਤਾ। ਟਰੰਪ ਨੇ ਸੀਕ੍ਰੇਟ ਸਰਵਿਸ ਏਜੰਟ ਨਾਲ ਵੀ ਗੱਲ ਕੀਤੀ, ਜਿਸਨੂੰ ਪ੍ਰੈੱਸ ਡਿਨਰ ’ਤੇ ਗੋਲੀ ਮਾਰੀ ਗਈ ਸੀ। ਕੈਰੋਲੀਨ ਨੇ ਕਿਹਾ ਕਿ ਇਹ ਘਟਨਾ ਗ੍ਰਹਿ ਸੁਰੱਖਿਆ ਵਿਭਾਗ ਲਈ ਫੰਡਿੰਗ ਦੀ ਮਹੱਤਤਾ ਦੀ ਯਾਦ ਦਿਵਾਉਂਦੀ ਹੈ। ਸ਼ਨੀਵਾਰ ਰਾਤ ਨੂੰ ਵਾਸ਼ਿੰਗਟਨ ਵਿਚ ਵ੍ਹਾਈਟ ਹਾਊਸ ਦੇ ਪੱਤਰਕਾਰਾਂ ਦੇ ਡਿਨਰ ਵਿਚ ਰਾਸ਼ਟਰਪਤੀ ਟਰੰਪ ਦੇ ਸੰਬੋਧਨ ਤੋਂ ਠੀਕ ਪਹਿਲਾਂ ਗੋਲੀਬਾਰੀ ਹੋਈ, ਜਿਸ ਨਾਲ ਕੁਝ ਹੀ ਪਲਾਂ ਵਿਚ ਹਫੜਾ-ਦਫੜੀ ਵਿਚ ਪੈ ਗਈ। ਇਹ ਘਟਨਾ ਵਾਸ਼ਿੰਗਟਨ ਹਿਲਟਨ ਹੋਟਲ ਵਿਚ ਵਾਪਰੀ, ਜਿੱਥੇ 2,300 ਤੋਂ ਵੱਧ ਮਹਿਮਾਨ ਮੌਜੂਦ ਸਨ। ਸ਼ੱਕੀਆਂ ਵਿਚੋਂ ਇੱਕ ਦੀ ਪਛਾਣ 31 ਸਾਲਾ ਕੋਲ ਥਾਮਸ ਐਲਨ ਵਜੋਂ ਹੋਈ ਹੈ। ਇਸ ਤੋਂ ਬਾਅਦ, ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਨੇ ਕਿਹਾ ਕਿ ਰਾਸ਼ਟਰਪਤੀ ਟਰੰਪ ਗੁਪਤ ਸੇਵਾ ਵਿਚ ਵਿਸ਼ਵਾਸ ਰੱਖਦੇ ਹਨ। ਰਾਸ਼ਟਰਪਤੀ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਉੱਚ ਡੀ.ਐੱਚ.ਐੱਸ. ਅਧਿਕਾਰੀਆਂ ਅਤੇ ਵ੍ਹਾਈਟ ਹਾਊਸ ਦੇ ਅਧਿਕਾਰੀਆਂ ਨਾਲ ਇੱਕ ਮੀਟਿੰਗ ਕੀਤੀ ਜਾਵੇਗੀ, ਅਤੇ ਜ਼ਰੂਰੀ ਸੁਰੱਖਿਆ ਬਦਲਾਅ ਕੀਤੇ ਜਾਣਗੇ।

ਦੋਸਤੋ, ਜੇਕਰ ਅਸੀਂ ਨੀਤੀਗਤ ਚਿੰਤਾਵਾਂ ਤੋਂ ਪੈਦਾ ਹੋ ਰਹੇ ਵਧ ਰਹੇ ਗੁੱਸੇ ’ਤੇ ਵਿਚਾਰ ਕਰੀਏ, ਤਾਂ ਸਾਨੂੰ ਆਰਥਿਕ ਅਸਮਾਨਤਾ, ਵਿਸ਼ਵੀਕਰਨ ਦੇ ਪ੍ਰਭਾਵ ਅਤੇ ਘਟਦੇ ਮੱਧ ਵਰਗ ’ਤੇ ਵਿਚਾਰ ਕਰਨਾ ਚਾਹੀਦਾ ਹੈ। ਸਥਿਤੀ ਪਹਿਲਾਂ ਹੀ ਜਨਤਕ ਅਸੰਤੋਸ਼ ਪੈਦਾ ਕਰ ਚੁੱਕੀ ਸੀ। ਜਦੋਂ ਰਾਜਨੀਤਿਕ ਲੀਡਰਸ਼ਿਪ, ਇਨ੍ਹਾਂ ਅਸੰਤੋਸ਼ਾਂ ਨੂੰ ਪਛਾਣਨ ਅਤੇ ਹੱਲ ਕਰਨ ਦੀ ਬਜਾਏ, ਉਨ੍ਹਾਂ ਨੂੰ ਭਾਵਨਾਤਮਕ ਅਤੇ ਸੱਭਿਆਚਾਰਕ ਮੁੱਦਿਆਂ ਵਿਚ ਬਦਲ ਦਿੰਦੀ ਹੈ, ਤਾਂ ਨਾਰਾਜ਼ਗੀ ਹੋਰ ਵੀ ਡੂੰਘੀ ਹੋ ਜਾਂਦੀ ਹੈ। ਡੋਨਾਲਡ ਟਰੰਪ ਦੀਆਂ ਨੀਤੀਆਂ ਨੇ ਅਮਰੀਕੀਆਂ ਦੇ ਇੱਕ ਹਿੱਸੇ ਨੂੰ ਭੁੱਲੇ ਹੋਏ ਅਮਰੀਕੀਆਂ ਵਾਂਗ ਮਹਿਸੂਸ ਕਰਵਾਇਆ ਜਿਨ੍ਹਾਂ ਦੀਆਂ ਆਵਾਜ਼ਾਂ ਹੁਣ ਸੁਣੀਆਂ ਜਾ ਰਹੀਆਂ ਸਨ। ਇਸ ਦੌਰਾਨ, ਇੱਕ ਹੋਰ ਹਿੱਸੇ ਨੇ ਮਹਿਸੂਸ ਕੀਤਾ ਕਿ ਇਹ ਨੀਤੀਆਂ ਨਸਲੀ ਅਤੇ ਸਮਾਜਿਕ ਵੰਡ ਨੂੰ ਵਧਾ ਰਹੀਆਂ ਸਨ। ਇਸ ਅਸੰਤੁਸ਼ਟੀ ਦਾ ਸਭ ਤੋਂ ਸਪੱਸ਼ਟ ਪ੍ਰਗਟਾਵਾ 6 ਜਨਵਰੀ, 2021 ਨੂੰ ਸੰਯੁਕਤ ਰਾਜ ਕੈਪੀਟਲ ’ਤੇ ਹਮਲਾ ਸੀ, ਜਦੋਂ ਹਜ਼ਾਰਾਂ ਲੋਕਾਂ ਨੇ ਅਮਰੀਕੀ ਕੈਪੀਟਲ ’ਤੇ ਹਮਲਾ ਕੀਤਾ ਸੀ। ਇਹ ਘਟਨਾ ਸਿਰਫ਼ ਇੱਕ ਰਾਜਨੀਤਿਕ ਵਿਰੋਧ ਨਹੀਂ ਸੀ, ਸਗੋਂ ਉਸ ਡੂੰਘੇ ਅਵਿਸ਼ਵਾਸ ਦਾ ਪ੍ਰਤੀਕ ਸੀ, ਜੋ ਜਨਤਾ ਦੇ ਇੱਕ ਹਿੱਸੇ ਨੇ ਲੋਕਤੰਤਰੀ ਸੰਸਥਾਵਾਂ ਪ੍ਰਤੀ ਵਿਕਸਿਤ ਕੀਤਾ ਸੀ। ਵਿਸ਼ਵਾਸ ਦਾ ਇਹ ਸੰਕਟ ਦਰਸਾਉਂਦਾ ਹੈ ਕਿ ਜਦੋਂ ਰਾਜਨੀਤਿਕ ਧਰੁਵੀਕਰਨ ਆਪਣੇ ਸਿਖਰ ’ਤੇ ਪਹੁੰਚ ਜਾਂਦਾ ਹੈ, ਤਾਂ ਇਹ ਲੋਕਤੰਤਰ ਦੇ ਢਾਂਚੇ ਨੂੰ ਹੀ ਚੁਣੌਤੀ ਦੇਣਾ ਸ਼ੁਰੂ ਕਰ ਦਿੰਦਾ ਹੈ।

ਦੋਸਤੋ, ਜੇਕਰ ਅਸੀਂ ਵਿਚਾਰ ਕਰੀਏ ਕਿ ਕੀ ਅਮਰੀਕਾ ਸੱਚਮੁੱਚ ਇੱਕ ਵੰਡੇ ਹੋਏ ਰਾਜ ਵੱਲ ਵਧ ਰਿਹਾ ਹੈ, ਤਾਂ ਜਵਾਬ ਸਰਲ ਨਹੀਂ ਹੈ, ਪਰ ਕਈ ਸੰਕੇਤ ਇਸ ਦਿਸ਼ਾ ਵੱਲ ਇਸ਼ਾਰਾ ਕਰਦੇ ਹਨ। ਅੱਜ, ਅਮਰੀਕਾ ਵਿਚ ਲਾਲ ਰਾਜਾਂ ਅਤੇ ਨੀਲੇ ਰਾਜਾਂ ਵਿਚ ਅੰਤਰ ਸਿਰਫ਼ ਚੋਣ ਨਕਸ਼ੇ ਤੱਕ ਸੀਮਤ ਨਹੀਂ ਹੈ, ਸਗੋਂ ਸੱਭਿਆਚਾਰਕ, ਸਮਾਜਿਕ ਅਤੇ ਆਰਥਿਕ ਅੰਤਰਾਂ ਨੂੰ ਵੀ ਦਰਸਾਉਂਦਾ ਹੈ। ਨੀਤੀਆਂ, ਕਾਨੂੰਨ ਅਤੇ ਸਮਾਜਿਕ ਨਿਯਮ ਇੰਨੇ ਵੱਖਰੇ ਹਨ ਕਿ ਉਹ ਕਈ ਵਾਰ ਵੱਖਰੇ ਦੇਸ਼ਾਂ ਵਾਂਗ ਦਿਖਾਈ ਦਿੰਦੇ ਹਨ। ਹਾਲਾਂਕਿ, ਇਹ ਧਿਆਨ ਦੇਣਾ ਵੀ ਮਹੱਤਵਪੂਰਨ ਹੈ ਕਿ ਅਮਰੀਕਾ ਦੀਆਂ ਸੰਸਥਾਵਾਂ ਮਜ਼ਬੂਤ ਰਹਿੰਦੀਆਂ ਹਨ ਅਤੇ ਕਈ ਸੰਕਟਾਂ ਦਾ ਸਾਹਮਣਾ ਕਰਦੀਆਂ ਰਹੀਆਂ ਹਨ। ਅਮਰੀਕੀ ਘਰੇਲੂ ਯੁੱਧ ਵਰਗੀਆਂ ਗੰਭੀਰ ਵੰਡਾਂ ਤੋਂ ਬਾਅਦ ਵੀ, ਦੇਸ਼ ਆਪਣੇ ਆਪ ਨੂੰ ਦੁਬਾਰਾ ਇਕੱਠਾ ਕਰ ਲਿਆ। ਇਸ ਲਈ, ਇਹ ਕਹਿਣਾ ਕਿ ਅਮਰੀਕਾ ਇੱਕ ਪੂਰੀ ਤਰ੍ਹਾਂ ਵੰਡਿਆ ਹੋਇਆ ਰਾਜ ਬਣ ਗਿਆ ਹੈ, ਇੱਕ ਅਤਿਕਥਨੀ ਹੋ ਸਕਦੀ ਹੈ, ਪਰ ਇਹ ਨਿਸ਼ਚਿਤ ਹੈ ਕਿ ਮੌਜੂਦਾ ਸਥਿਤੀ ਚਿੰਤਾਜਨਕ ਹੈ ਅਤੇ ਜੇਕਰ ਇਸਨੂੰ ਕੰਟਰੋਲ ਨਾ ਕੀਤਾ ਜਾਵੇ, ਤਾਂ ਇਹ ਲੋਕਤੰਤਰੀ ਸਥਿਰਤਾ ਲਈ ਖ਼ਤਰਾ ਪੈਦਾ ਕਰ ਸਕਦੀ ਹੈ।

ਦੋਸਤੋ, ਜੇਕਰ ਅਸੀਂ ਨੇਤਾਵਾਂ ਦੀ ਸੁਰੱਖਿਆ ਅਤੇ ਉਨ੍ਹਾਂ ’ਤੇ ਹਮਲਿਆਂ ਦੀਆਂ ਘਟਨਾਵਾਂ ’ਤੇ ਵਿਚਾਰ ਕਰੀਏ, ਤਾਂ ਉਹ ਧਰੁਵੀਕਰਨ ਦੇ ਇੱਕ ਖ਼ਤਰਨਾਕ ਪਹਿਲੂ ਨੂੰ ਉਜਾਗਰ ਕਰਦੇ ਹਨ। ਇਹ ਸੱਚ ਹੈ ਕਿ ਅਮਰੀਕੀ ਇਤਿਹਾਸ ਵਿਚ ਚਾਰ ਰਾਸ਼ਟਰਪਤੀਆਂ - ਅਬ੍ਰਾਹਮ ਲਿੰਕਨ, ਜੇਮਜ਼ ਏ. ਗਾਰਫੀਲਡ, ਵਿਲੀਅਮ ਮੈਕਕਿਨਲੇ ਅਤੇ ਜੌਨ ਐਫ. ਕੈਨੇਡੀ - ਦੀ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾਵਾਂ ਦਰਸਾਉਂਦੀਆਂ ਹਨ ਕਿ ਰਾਜਨੀਤਿਕ ਹਿੰਸਾ ਅਮਰੀਕੀ ਇਤਿਹਾਸ ਦਾ ਹਿੱਸਾ ਰਹੀ ਹੈ, ਪਰ ਆਧੁਨਿਕ ਸਮੇਂ ਵਿਚ, ਸੋਸ਼ਲ ਮੀਡੀਆ, ਕੱਟੜਪੰਥੀ ਵਿਚਾਰਧਾਰਾਵਾਂ ਅਤੇ ਸਾਜ਼ਿਸ਼ ਸਿਧਾਂਤਾਂ ਕਾਰਨ ਇਹ ਖ਼ਤਰਾ ਹੋਰ ਵੀ ਗੁੰਝਲਦਾਰ ਹੋ ਗਿਆ ਹੈ। ਡੋਨਾਲਡ ਟਰੰਪ ’ਤੇ ਹਮਲਿਆਂ ਜਾਂ ਕੋਸ਼ਿਸ਼ਾਂ ਦੇ ਸੰਬੰਧ ਵਿਚ, ਇਹ ਸਪੱਸ਼ਟ ਹੈ ਕਿ ਉਸਦੀ ਰਾਜਨੀਤੀ ਅਤੇ ਸ਼ਖਸੀਅਤ ਨੇ ਉਸਨੂੰ ਬਹੁਤ ਵਿਵਾਦਪੂਰਨ ਬਣਾ ਦਿੱਤਾ ਹੈ। ਹਾਲਾਂਕਿ, ਇਨ੍ਹਾਂ ਘਟਨਾਵਾਂ ਦਾ ਤੱਥਾਂ ਦੇ ਆਧਾਰ ’ਤੇ ਵਿਸ਼ਲੇਸ਼ਣ ਕਰਨਾ ਵੀ ਮਹੱਤਵਪੂਰਨ ਹੈ, ਕਿਉਂਕਿ ਹਰੇਕ ਕਥਿਤ ਹਮਲੇ ਦੀ ਸੱਚਾਈ ਜਾਂ ਪ੍ਰਕਿਰਤੀ ਵੱਖ-ਵੱਖ ਹੋ ਸਕਦੀ ਹੈ। ਪਰ ਮੋਟੇ ਤੌਰ ’ਤੇ, ਜਿਵੇਂ-ਜਿਵੇਂ ਸਮਾਜ ਵਿਚ ਧਰੁਵੀਕਰਨ ਵਧਦਾ ਹੈ, ਰਾਜਨੀਤਿਕ ਨੇਤਾਵਾਂ ਵਿਰੁੱਧ ਹਿੰਸਾ ਦਾ ਜ਼ੋਖਿਮ ਵੀ ਵਧਦਾ ਹੈ। ਹੁਣ ਸਵਾਲ ਇਹ ਉੱਠਦਾ ਹੈ: ਇੰਨੀ ਮਜ਼ਬੂਤ ਸੁਰੱਖਿਆ ਪ੍ਰਣਾਲੀ ਦੇ ਬਾਵਜੂਦ ਹਮਲਾਵਰ ਉਸ ਤੱਕ ਕਿਵੇਂ ਪਹੁੰਚਦੇ ਹਨ? ਇਸਦਾ ਜਵਾਬ ਸੁਰੱਖਿਆ ਦੀਆਂ ਸੀਮਾਵਾਂ ਅਤੇ ਮਨੁੱਖੀ ਵਿਵਹਾਰ ਦੀ ਅਣਦੇਖੀ ਵਿਚ ਹੈ। ਸੰਯੁਕਤ ਰਾਜ ਦੀ ਗੁਪਤ ਸੇਵਾ ਦੁਨੀਆਂ ਦੀਆਂ ਸਭ ਤੋਂ ਉੱਨਤ ਸੁਰੱਖਿਆ ਏਜੰਸੀਆਂ ਵਿਚੋਂ ਇੱਕ ਹੈ, ਪਰ ਕਿਸੇ ਵੀ ਸੁਰੱਖਿਆ ਪ੍ਰਣਾਲੀ ਵਿਚ ਜ਼ੀਰੋ ਜ਼ੋਖਮ ਸੰਭਵ ਨਹੀਂ ਹੈ। ਹਮਲਾਵਰ ਅਕਸਰ ਅਣਕਿਆਸੇ ਤਰੀਕਿਆਂ ਦੀ ਵਰਤੋਂ ਕਰਦੇ ਹਨ, ਭੀੜ ਦਾ ਸ਼ੋਸ਼ਣ ਕਰਦੇ ਹਨ ਜਾਂ ਅੰਦਰੂਨੀ ਕਮਜ਼ੋਰੀਆਂ ਦਾ ਸ਼ੋਸ਼ਣ ਕਰਦੇ ਹਨ। ਕਈ ਵਾਰ, ਉਹ ਪੇਸ਼ੇਵਰ ਅਪਰਾਧੀ ਨਹੀਂ ਹੁੰਦੇ, ਸਗੋਂ ਭਾਵਨਾਤਮਕ ਤੌਰ ’ਤੇ ਪ੍ਰੇਰਿਤ ਆਮ ਲੋਕ ਹੁੰਦੇ ਹਨ, ਜੋ ਅਚਾਨਕ ਹਿੰਸਕ ਕਾਰਵਾਈਆਂ ਦਾ ਸਹਾਰਾ ਲੈਂਦੇ ਹਨ। ਇਸ ਤੋਂ ਇਲਾਵਾ, ਡਿਜੀਟਲ ਯੁੱਗ ਵਿਚ ਕੱਟੜਪੰਥੀ ਵਿਚਾਰ ਤੇਜ਼ੀ ਨਾਲ ਫੈਲਦੇ ਹਨ। ਸੋਸ਼ਲ ਮੀਡੀਆ ਪਲੇਟਫਾਰਮ ਲੋਕਾਂ ਨੂੰ ਇੱਕ ਅਜਿਹੇ ਗੂੰਜ ਵਾਲੇ ਕਮਰੇ ਵਿਚ ਪਾਉਂਦੇ ਹਨ, ਜਿੱਥੇ ਉਹ ਸਿਰਫ਼ ਉਹੀ ਵਿਚਾਰ ਸੁਣਦੇ ਹਨ, ਜੋ ਉਨ੍ਹਾਂ ਦੇ ਵਿਸ਼ਵਾਸਾਂ ਦੀ ਪੁਸ਼ਟੀ ਕਰਦੇ ਹਨ। ਇਹ ਉਨ੍ਹਾਂ ਦੀ ਸੋਚ ਨੂੰ ਹੋਰ ਵੀ ਕੱਟੜਪੰਥੀ ਬਣਾਉਂਦਾ ਹੈ ਅਤੇ ਉਹ ਆਪਣੇ ਵਿਰੋਧੀਆਂ ਨੂੰ ਦੁਸ਼ਮਣ ਸਮਝਣ ਲੱਗ ਪੈਂਦੇ ਹਨ। ਇਹ ਮਾਨਸਿਕਤਾ ਕਈ ਵਾਰ ਹਿੰਸਾ ਵਿਚ ਬਦਲ ਜਾਂਦੀ ਹੈ।

ਦੋਸਤੋ, ਮੌਜੂਦਾ ਅਮਰੀਕੀ ਦ੍ਰਿਸ਼ ਨੂੰ ਸਮਝਣ ਲਈ, ਇਸਨੂੰ ਇੱਕ ਵਿਸ਼ਵਵਿਆਪੀ ਸੰਦਰਭ ਵਿਚ ਦੇਖਣਾ ਵੀ ਮਹੱਤਵਪੂਰਨ ਹੈ। ਭਾਰਤ, ਯੂਰਪ ਅਤੇ ਲਾਤੀਨੀ ਅਮਰੀਕਾ ਸਮੇਤ ਦੁਨੀਆਂ ਭਰ ਦੇ ਬਹੁਤ ਸਾਰੇ ਲੋਕਤੰਤਰ ਵੀ ਇਸੇ ਤਰ੍ਹਾਂ ਦੇ ਧਰੁਵੀਕਰਨ ਦਾ ਸਾਹਮਣਾ ਕਰ ਰਹੇ ਹਨ। ਇਹ ਸਿਰਫ਼ ਸਥਾਨਕ ਰਾਜਨੀਤੀ ਦੇ ਕਾਰਨ ਨਹੀਂ ਹੈ, ਸਗੋਂ ਵਿਸ਼ਵੀਕਰਨ, ਤਕਨੀਕੀ ਤਬਦੀਲੀ ਅਤੇ ਪਛਾਣ ਰਾਜਨੀਤੀ ਵਰਗੇ ਵਿਆਪਕ ਕਾਰਕਾਂ ਦੇ ਕਾਰਨ ਹੈ। ਸੰਯੁਕਤ ਰਾਜ ਅਮਰੀਕਾ ਵਿਚ ਜੋ ਹੋ ਰਿਹਾ ਹੈ, ਉਹ ਇੱਕ ਵਿਸ਼ਵਵਿਆਪੀ ਰੁਝਾਨ ਦਾ ਹਿੱਸਾ ਹੈ, ਪਰ ਇਸਦਾ ਪ੍ਰਭਾਵ ਅਮਰੀਕਾ ਦੀ ਵਿਸ਼ਵਵਿਆਪੀ ਭੂਮਿਕਾ ਦੇ ਕਾਰਨ ਵਧੇਰੇ ਵਿਆਪਕ ਹੈ।

ਇਸ ਲਈ, ਜੇਕਰ ਅਸੀਂ ਉਪਰੋਕਤ ਪੂਰੇ ਬਿਰਤਾਂਤ ਦਾ ਵਿਸ਼ਲੇਸ਼ਣ ਕਰੀਏ, ਤਾਂ ਅਸੀਂ ਪਾਉਂਦੇ ਹਾਂ ਕਿ ਅਮਰੀਕਾ ਇੱਕ ਨਾਜ਼ੁਕ ਮੋੜ ’ਤੇ ਖੜ੍ਹਾ ਹੈ। ਇੱਕ ਪਾਸੇ, ਇਸ ਕੋਲ ਮਜ਼ਬੂਤ ਸੰਸਥਾਵਾਂ, ਇੱਕ ਸੁਤੰਤਰ ਨਿਆਂਪਾਲਿਕਾ ਅਤੇ ਇੱਕ ਸਰਗਰਮ ਸਿਵਲ ਸਮਾਜ ਹੈ, ਜੋ ਸਥਿਰਤਾ ਪ੍ਰਦਾਨ ਕਰ ਸਕਦਾ ਹੈ। ਦੂਜੇ ਪਾਸੇ, ਡੂੰਘਾ ਹੁੰਦਾ ਧਰੁਵੀਕਰਨ, ਵਧਦਾ ਹੋਇਆ ਨਾਰਾਜ਼ਗੀ ਅਤੇ ਰਾਜਨੀਤਿਕ ਹਿੰਸਾ ਦੀ ਸੰਭਾਵਨਾ ਇਸਨੂੰ ਅਸਥਿਰਤਾ ਵੱਲ ਧੱਕ ਸਕਦੀ ਹੈ। ਸੰਯੁਕਤ ਰਾਜ ਅਮਰੀਕਾ ਅਤੇ ਵੰਡੇ ਹੋਏ ਰਾਜਾਂ ਵਿਚਕਾਰ ਇਹ ਟਕਰਾਅ ਸਿਰਫ਼ ਰਾਜਨੀਤਿਕ ਨਹੀਂ ਹੈ; ਇਹ ਅਮਰੀਕਾ ਦੀ ਆਤਮਾ ਅਤੇ ਪਛਾਣ ਦਾ ਸਵਾਲ ਹੈ। ਜੇਕਰ ਰਾਜਨੀਤਿਕ ਲੀਡਰਸ਼ਿਪ, ਮੀਡੀਆ ਅਤੇ ਸਿਵਲ ਸੁਸਾਇਟੀ ਗੱਲਬਾਤ, ਸਹਿਮਤੀ ਅਤੇ ਸਮਾਵੇਸ਼ ਨੂੰ ਉਤਸ਼ਾਹਿਤ ਕਰਨ ਲਈ ਇਕੱਠੇ ਕੰਮ ਕਰਦੇ ਹਨ, ਤਾਂ ਇਸ ਸੰਕਟ ਨੂੰ ਇੱਕ ਮੌਕੇ ਵਿਚ ਬਦਲਿਆ ਜਾ ਸਕਦਾ ਹੈ। ਪਰ ਜੇਕਰ ਵੰਡ ਦੀ ਰਾਜਨੀਤੀ ਜਾਰੀ ਰਹੀ, ਤਾਂ ਇਸਦੇ ਗੰਭੀਰ ਨਤੀਜੇ ਨਾ ਸਿਰਫ਼ ਸੰਯੁਕਤ ਰਾਜ ਅਮਰੀਕਾ ਲਈ ਸਗੋਂ ਪੂਰੀ ਦੁਨੀਆਂ ਲਈ ਹੋ ਸਕਦੇ ਹਨ।

## ਪੁਸਤਕ ਸਮੀਖਿਆ

# ਬਾਲ-ਕਹਾਣੀ-ਸੰਗ੍ਰਹਿ 'ਦੀਵਾ ਤੇ ਲਾਲਟੈਨ' : ਬੱਚਿਆਂ ਦੀ ਮਾਨਸਿਕਤਾ ਨੂੰ ਰੌਸ਼ਨ ਕਰਨ ਵਾਲੀ ਪੁਸਤਕ

ਸੁਖਦੇਵ ਸਿੰਘ ਸ਼ਾਂਤ
ਏਵੌਨ (ਇੰਡੀਆਨਾ) ਅਮਰੀਕਾ
ਫੋਨ : +1 (317) 406-0002
ਪੰਜਾਬ ਮੇਲ USA



ਵਿਚਾਰ ਅਧੀਨ ਪੁਸਤਕ "ਦੀਵਾ ਤੇ ਲਾਲਟੈਨ" ਲੇਖਿਕਾ ਈਸ਼ਦੀਪ ਕੌਰ ਈਸ਼ਾ ਦੀ ਪਲੇਠੀ ਪੁਸਤਕ ਹੈ ਅਤੇ ਉਸ ਨੇ ਇਸ ਵਿਚ ਦਸ ਸਿੱਖਿਆਦਾਇਕ ਬਾਲ-ਕਹਾਣੀਆਂ ਸ਼ਾਮਲ ਕੀਤੀਆਂ ਹਨ। ਲੇਖਿਕਾ ਨੇ ਇਹ ਪੁਸਤਕ ਆਪਣੀ ਬੇਟੀ ਅਸਰੀਤ ਕੌਰ ਨੂੰ ਸਮਰਪਿਤ ਕੀਤੀ ਹੈ। ਇਸ ਪੁਸਤਕ ਦੀ ਪ੍ਰਭਾਵਸ਼ਾਲੀ ਭੂਮਿਕਾ ਬਾਲ-ਸਾਹਿਤ ਨਾਲ ਸੰਬੰਧਿਤ ਸੁਪ੍ਰਸਿੱਧ ਰਸਾਲੇ 'ਨਿੱਕੀਆਂ ਕਰੂੰਬਲਾਂ' ਦੇ ਮੁੱਖ ਸੰਪਾਦਕ ਅਤੇ ਉੱਘੇ ਬਾਲ-ਸਾਹਿਤ ਲੇਖਕ ਸ਼੍ਰੀ ਬਲਜਿੰਦਰ ਮਾਨ ਨੇ ਲਿਖੀ ਹੈ ਅਤੇ ਇਸ ਪੁਸਤਕ ਲਈ ਸੁਆਗਤੀ-ਸ਼ਬਦ ਸ਼੍ਰੋਮਣੀ ਬਾਲ-ਸਾਹਿਤ ਲੇਖਕ ਅਤੇ ਸਾਹਿਤ ਅਕਾਦਮੀ ਬਾਲ-ਸਾਹਿਤ ਪੁਰਸਕਾਰ ਵਿਜੇਤਾ ਡਾ. ਦਰਸ਼ਨ ਸਿੰਘ ਆਸ਼ਟ ਨੇ ਲਿਖ ਕੇ ਇਸ ਪੁਸਤਕ ਦੀ ਸ਼ੋਭਾ ਵਧਾਈ ਹੈ। ਲੇਖਿਕਾ ਦੇ ਮਾਮਾ ਜੀ ਪ੍ਰਸਿੱਧ ਸ਼ਾਇਰ ਸ. ਅੰਮ੍ਰਿਤਪਾਲ ਸਿੰਘ ਸ਼ੈਦਾ ਨੇ ਆਪਣੀ ਭਾਣਜੀ ਈਸ਼ਦੀਪ ਕੌਰ ਈਸ਼ਾ ਦੀ ਇਸ ਪਲੇਠੀ ਪੁਸਤਕ ਦੀ ਸੋਧ-ਸੁਧਾਈ ਅਤੇ ਪ੍ਰਕਾਸ਼ਨਾ ਵਿਚ ਅਹਿਮ ਯੋਗਦਾਨ ਪਾਇਆ ਹੈ। ਮੇਰੇ ਲਈ ਵੀ ਇਹ ਬੜੇ ਮਾਣ ਵਾਲੀ ਗੱਲ ਹੈ ਕਿ ਈਸ਼ਦੀਪ ਕੌਰ ਈਸ਼ਾ ਨੇ ਨੌਵੀਂ-ਦਸਵੀਂ ਜਮਾਤ ਵਿਚ ਪੜ੍ਹਦਿਆਂ, ਮੇਰੀ ਲਿਖੀ ਬਾਲ-ਕਹਾਣੀਆਂ ਦੀ ਪੁਸਤਕ 'ਪਿੰਕੀ ਦੀ ਪੈਨਸਿਲ' ਨੂੰ ਆਪਣੀ ਜ਼ਿੰਦਗੀ ਵਿਚ ਪਹਿਲੀ ਬਾਲ-ਪੁਸਤਕ ਵਜੋਂ ਪੜ੍ਹਣ ਅਤੇ ਇਸ ਪੁਸਤਕ ਦੀਆਂ ਕਹਾਣੀਆਂ ਚੰਗੀਆਂ ਲੱਗਣ ਬਾਰੇ ਪੁਸਤਕ ਵਿਚ ਆਪਣੇ ਵੱਲੋਂ ਲਿਖੇ ਦੋ-ਸ਼ਬਦਾਂ ਵਿਚ ਦੱਸਿਆ ਹੋਇਆ ਹੈ। ਇਹ ਬੜੀ ਤਸੱਲੀ ਵਾਲੀ ਗੱਲ ਹੈ ਕਿ ਲੇਖਿਕਾ ਨੂੰ ਪਹਿਲਾਂ ਮਾਪਿਆਂ ਵੱਲੋਂ ਅਤੇ ਫਿਰ ਸਹੁਰਾ ਪਰਿਵਾਰ ਵੱਲੋਂ ਸਾਹਿਤਕ ਖੇਤਰ ਵਿਚ ਆਉਣ ਲਈ ਪ੍ਰੇਰਨਾ ਅਤੇ ਹੱਲਾਸ਼ੇਰੀ ਮਿਲਦੀ ਰਹੀ ਹੈ। ਲੇਖਿਕਾ ਨੇ ਦੱਸਿਆ ਹੈ ਕਿ ਉਸ ਦੇ ਪਿਤਾ ਜੀ ਦੇ ਸਾਹਿਤਕ ਸ਼ੌਕ ਨੇ ਉਸ ਨੂੰ ਬਚਪਨ ਵਿਚ ਹੀ ਸਾਹਿਤ ਨਾਲ ਜੁੜਨ ਦੀ ਚੇਟਕ ਲਾ ਦਿੱਤੀ ਸੀ।

ਹੱਥਲੀ ਪੁਸਤਕ ਦੇ ਸਿਰਲੇਖ ਵਾਲੀ ਬਾਲ-ਕਹਾਣੀ 'ਦੀਵਾ ਤੇ ਲਾਲਟੈਨ' ਇਕ ਵੱਖਰੀ ਕਿਸਮ ਦੀ ਪ੍ਰਤੀਕਾਤਮਕ ਬਾਲ-ਕਹਾਣੀ ਹੈ, ਜਿਸ ਵਿਚ ਦੱਸਿਆ ਗਿਆ ਹੈ ਕਿ ਕਿਵੇਂ ਆਧੁਨਿਕ ਵਿਗਿਆਨ ਦੀਆਂ ਨਵੀਆਂ ਖੋਜਾਂ ਨੇ ਪ੍ਰੰਪਰਾਗਤ ਚੱਲਦੇ ਆ ਰਹੇ ਸਾਧਨਾਂ ਨੂੰ ਪਿੱਛੇ ਸੁਟ ਦਿੱਤਾ ਹੈ। ਬਲਬ ਦੀ ਰੌਸ਼ਨੀ ਨੇ ਦੀਵੇ ਅਤੇ ਲਾਲਟੈਨ ਦੀ ਕਦਰ ਘਟਾ ਦਿੱਤੀ ਹੈ ਅਤੇ ਇਨ੍ਹਾਂ ਦੇ ਦਰਦ ਨੂੰ ਇਨ੍ਹਾਂ ਦੀ ਆਪਸੀ ਗੱਲਬਾਤ ਰਾਹੀਂ ਲੇਖਿਕਾ ਨੇ ਬੜੀ ਸੰਵੇਦਨਾ ਨਾਲ ਪੇਸ਼ ਕੀਤਾ ਹੈ।

ਕਹਾਣੀ 'ਰੱਬ ਦਾ ਏ.ਸੀ.' ਵਿਚ ਵੀ ਲੇਖਿਕਾ ਨੇ ਦੱਸਿਆ ਹੈ ਕਿ ਬਿਜਲੀ ਦੇ ਚਲੇ ਜਾਣ ਨਾਲ ਕਿਵੇਂ ਘਰ ਦੀ ਛੱਤ 'ਤੇ ਰੱਬ ਦੇ ਏ.ਸੀ., ਭਾਵ ਕੁਦਰਤ ਦੀ ਤਾਜ਼ੀ ਹਵਾ ਦੇ ਮੁੱਲ ਦਾ ਪਤਾ ਲੱਗਦਾ ਹੈ। ਇਹ ਬਾਲ-ਕਹਾਣੀ ਬੱਚਿਆਂ ਨੂੰ ਕੁਦਰਤ ਦੀਆਂ ਅਨਮੋਲ ਦਾਤਾਂ ਦੇ ਨੇੜੇ ਹੋਣ ਦੀ ਪ੍ਰੇਰਨਾ ਦਿੰਦੀ ਹੈ, ਜਿਸ ਦੀ ਅੱਜ ਦੇ ਸਮੇਂ ਵਿਚ ਬੜੀ ਲੋੜ ਹੈ।

ਕਹਾਣੀ 'ਪੱਗ' ਜਿੱਥੇ ਦਸਤਾਰ ਦੀ ਸ਼ੋਭਾ ਬਿਆਨ ਕਰਦੀ ਹੈ, ਉੱਥੇ ਕਹਾਣੀ ਦੇ ਕਥਾਨਕ ਅਨੁਸਾਰ ਇਹ ਵੀ ਬਿਆਨ ਕਰਦੀ ਹੈ ਕਿ ਕਿਵੇਂ ਇੱਕ ਡੂੰਘੇ ਸਵੀਮਿੰਗ ਪੂਲ ਵਿਚ ਅਚਾਨਕ ਡਿੱਗੇ ਇਕ ਬੱਚੇ 'ਤੇ ਆਈ ਮੁਸੀਬਤ ਵੇਲੇ ਪੱਗ ਹੀ ਪਾਣੀ ਵਿਚ ਡੁੱਬ ਰਹੇ ਬੱਚੇ ਨੂੰ ਬਚਾਅ ਕੇ ਬਾਹਰ ਕੱਢਣ 'ਚ ਸਹਾਈ ਹੁੰਦੀ ਹੈ।

ਕਹਾਣੀ 'ਬਰਸਾਤ ਅਤੇ ਝੌਂਪੜੀ' ਇਕ ਬਹੁਤ ਹੀ ਸ਼ਾਨਦਾਰ ਆਸ਼ਾਵਾਦੀ ਸੋਚ ਦੀ ਸਿੱਖਿਆ ਦੇਣ ਵਾਲੀ ਬਾਲ-ਕਹਾਣੀ ਹੈ। ਭਾਵੇਂ ਰਾਜੂ ਦਾ ਪਰਿਵਾਰ ਬਹੁਤ ਗ਼ਰੀਬ ਹੈ, ਪਰ ਭਾਰੀ ਮੀਂਹ ਤੇ ਤੇਜ਼ ਹਨੇਰੀ ਕਾਰਨ ਝੌਂਪੜੀ ਦੀ ਛੱਤ ਬੇਕਾਰ ਹੋ ਜਾਣ 'ਤੇ ਵੀ ਪਰਿਵਾਰ ਹੌਂਸਲਾ ਨਹੀਂ ਛੱਡਦਾ ਅਤੇ ਮੁੜ ਤੋਂ ਨਵੀਂ ਝੌਂਪੜੀ ਤਿਆਰ ਕਰਨ ਵਿਚ ਲੱਗ ਜਾਂਦਾ ਹੈ।




ਕਹਾਣੀ 'ਕੇਲੇ ਦਾ ਛਿਲ਼ਕਾ' ਵਿਚ ਨਾਟਕੀ ਢੰਗ ਨਾਲ ਸਮਝਾਇਆ ਗਿਆ ਹੈ ਕਿ ਕਈ ਵਾਰ ਸਾਡੇ ਆਪਣੇ ਵੱਲੋਂ ਹੀ ਸੜਕ 'ਤੇ ਸੁੱਟਿਆ ਕੇਲੇ ਦਾ ਛਿਲ਼ਕਾ ਸਾਨੂੰ ਆਪ ਹੀ ਡੇਗ ਕੇ ਸੱਟਾਂ ਲਗਵਾ ਦਿੱਤਾ ਹੈ। ਇਸ ਲਈ ਹਰ ਛੋਟੇ ਵੱਡੇ ਨੂੰ ਸੜਕਾਂ ਅਤੇ ਰਸਤਿਆਂ ਦੀ ਸਫ਼ਾਈ ਲਈ ਲਾਜ਼ਮੀ ਤੌਰ 'ਤੇ ਜਾਗਰੂਕ ਹੋਣਾ ਚਾਹੀਦਾ ਹੈ। ਕਹਾਣੀ 'ਪੱਥਰ ਕੌਰ' ਮੁੰਡੇ-ਕੁੜੀ ਪ੍ਰਤੀ ਸਮਾਜਿਕ ਵਿਤਕਰੇ ਨੂੰ ਦਰਸਾਉਂਦੀ ਇਕ ਬਹੁਤ ਹੀ ਭਾਵੁਕ ਅਤੇ ਸੰਵੇਦਨਸ਼ੀਲ ਬਾਲ-ਕਹਾਣੀ ਹੈ। ਸਾਡੇ ਸਮਾਜ ਵਿਚ ਲੜਕੀ ਦਾ ਜਨਮ ਹੋਣ 'ਤੇ ਉਸ ਨੂੰ ਪੱਥਰ ਦੱਸਣ ਦੀ ਰਵਾਇਤ ਆਮ ਹੈ। ਅਧਿਆਪਕਾ ਵੱਲੋਂ ਵਿਦਿਆਰਥਣ ਦੇ ਨਾਂ 'ਪੱਥਰ ਕੌਰ' ਨੂੰ ਮਜ਼ਾਕ ਦਾ ਸਾਧਨ ਬਣਾਉਣ ਦੀ ਥਾਂ ਬੜੇ ਸੋਹਣੇ ਢੰਗ ਨਾਲ ਪੱਥਰਾਂ ਦੇ ਬਹੁਮੁੱਲੇ ਗੁਣਾਂ ਬਾਰੇ ਦੱਸ ਕੇ ਬੱਚਿਆਂ ਨੂੰ ਮੁੰਡੇ-ਕੁੜੀ ਦੀ ਸਮਾਨਤਾ ਦੀ ਸਿੱਖਿਆ ਦਿੱਤੀ ਗਈ ਹੈ।

ਕਹਾਣੀ 'ਕੇਲੇ ਦਾ ਛਿਲ਼ਕਾ' ਵਿਚ ਨਾਟਕੀ ਢੰਗ ਨਾਲ ਸਮਝਾਇਆ ਗਿਆ ਹੈ ਕਿ ਕਈ ਵਾਰ ਸਾਡੇ ਆਪਣੇ ਵੱਲੋਂ ਹੀ ਸੜਕ 'ਤੇ ਸੁੱਟਿਆ ਕੇਲੇ ਦਾ ਛਿਲ਼ਕਾ ਸਾਨੂੰ ਆਪ ਹੀ ਡੇਗ ਕੇ ਸੱਟਾਂ ਲਗਵਾ ਦਿੱਤਾ ਹੈ। ਇਸ ਲਈ ਹਰ ਛੋਟੇ ਵੱਡੇ ਨੂੰ ਸੜਕਾਂ ਅਤੇ ਰਸਤਿਆਂ ਦੀ ਸਫ਼ਾਈ ਲਈ ਲਾਜ਼ਮੀ ਤੌਰ 'ਤੇ ਜਾਗਰੂਕ ਹੋਣਾ ਚਾਹੀਦਾ ਹੈ।

ਕਹਾਣੀ 'ਪੱਥਰ ਕੌਰ' ਮੁੰਡੇ-ਕੁੜੀ ਪ੍ਰਤੀ ਸਮਾਜਿਕ ਵਿਤਕਰੇ ਨੂੰ ਦਰਸਾਉਂਦੀ ਇਕ ਬਹੁਤ ਹੀ ਭਾਵੁਕ ਅਤੇ ਸੰਵੇਦਨਸ਼ੀਲ ਬਾਲ-ਕਹਾਣੀ ਹੈ। ਸਾਡੇ ਸਮਾਜ ਵਿਚ ਲੜਕੀ ਦਾ ਜਨਮ ਹੋਣ 'ਤੇ ਉਸ ਨੂੰ ਪੱਥਰ ਦੱਸਣ ਦੀ ਰਵਾਇਤ ਆਮ ਹੈ। ਅਧਿਆਪਕਾ ਵੱਲੋਂ ਵਿਦਿਆਰਥਣ ਦੇ ਨਾਂ 'ਪੱਥਰ ਕੌਰ' ਨੂੰ ਮਜ਼ਾਕ ਦਾ ਸਾਧਨ ਬਣਾਉਣ ਦੀ ਥਾਂ ਬੜੇ ਸੋਹਣੇ ਢੰਗ ਨਾਲ ਪੱਥਰਾਂ ਦੇ ਬਹੁਮੁੱਲੇ ਗੁਣਾਂ ਬਾਰੇ ਦੱਸ ਕੇ ਬੱਚਿਆਂ ਨੂੰ ਮੁੰਡੇ-ਕੁੜੀ ਦੀ ਸਮਾਨਤਾ ਦੀ ਸਿੱਖਿਆ ਦਿੱਤੀ ਗਈ ਹੈ।

ਕਹਾਣੀ 'ਮਾਂ-ਬੋਲੀ' ਰਾਹੀਂ ਬੱਚਿਆਂ ਨੂੰ ਅਤੇ ਵੱਡਿਆਂ ਨੂੰ ਵੀ ਮਾਤ-ਭਾਸ਼ਾ ਪ੍ਰਤੀ ਜਾਗਰੂਕ ਕਰਨ ਹਿਤ ਇਹ ਸੰਦੇਸ਼ ਦਿੱਤਾ ਗਿਆ ਹੈ ਕਿ ਬੋਲ-ਚਾਲ ਵਿਚ ਆਪਣੀ ਮਾਂ-ਬੋਲੀ ਪੰਜਾਬੀ ਦੇ ਸ਼ਬਦ ਛੱਡ ਕੇ ਖ਼੍ਵਾਹ-ਮ-ਖ਼੍ਵਾਹ ਹੀ ਅੰਗ੍ਰੇਜ਼ੀ ਦੇ ਸ਼ਬਦ ਨਹੀਂ ਬੋਲਣੇ ਚਾਹੀਦੇ। ਜਿਵੇਂ 'ਬਾਥਰੂਮ' ਦੀ ਥਾਂ 'ਗ਼ੁਸਲਖ਼ਾਨਾ' ਅਤੇ 'ਥੈਂਕਸ' ਦੀ ਥਾਂ 'ਧੰਨਵਾਦ' ਸ਼ਬਦ ਆਰਾਮ ਨਾਲ ਬੋਲੇ ਜਾ ਸਕਦੇ ਹਨ।

ਕਹਾਣੀ 'ਮੈਂ ਤਾਂ ਜੀਣਾ ਹੈ' ਵਿਚ ਅਵੀ ਦੇ ਪਾਪਾ ਪਪੀਤੇ ਦੇ ਪੌਦੇ ਦੀ ਉਦਾਹਰਨ ਦੇ ਕੇ ਬੜੇ ਸੁੰਦਰ ਢੰਗ ਨਾਲ ਉਸ ਨੂੰ ਆਤਮ-ਹੱਤਿਆ ਕਰਨ ਦੀ ਥਾਂ ਜਿਊਣ ਲਈ ਅਤੇ ਮੁਸ਼ਕਲਾਂ ਦਾ ਹੱਸ ਕੇ ਮੁਕਾਬਲਾ ਕਰਨ ਲਈ ਪ੍ਰੇਰਦੇ ਹਨ।

ਕਹਾਣੀਆਂ 'ਅਮਰੂਦ ਦਾ ਰੁੱਖ' ਅਤੇ 'ਸਿੰਘ ਅੰਕਲ ਦੀ ਕਾਰ' ਵਿਚ ਦੱਸਿਆ ਗਿਆ ਹੈ ਕਿ ਬੱਚਿਆਂ ਦੀਆਂ ਭਾਵਨਾਵਾਂ ਅਤੇ ਲੋੜਾਂ ਦਾ ਸਾਨੂੰ ਸਭ ਨੂੰ ਸਤਿਕਾਰ ਕਰਨਾ ਚਾਹੀਦਾ ਹੈ। ਉਨ੍ਹਾਂ ਨਾਲ ਦੋਸਤਾਨਾ ਸੰਬੰਧ ਸਥਾਪਿਤ ਕਰਨੇ ਹੀ ਬਿਹਤਰ ਹੁੰਦੇ ਹਨ, ਤਾਂ ਜੋ ਉਨ੍ਹਾਂ ਦਾ ਰਵੱਈਆ ਉਸਾਰੂ ਬਣੇ ਨਾ ਕਿ ਨੁਕਸਾਨਦਾਇਕ।

ਈਸ਼ਦੀਪ ਕੌਰ ਈਸ਼ਾ ਨੂੰ ਬੱਚਿਆਂ ਦੇ ਮਨੋਵਿਗਿਆਨ ਦੀ ਸਮਝ ਹੈ। ਉਸ ਦੇ ਲਿਖਣ ਦਾ ਢੰਗ ਬੜਾ ਹੀ ਰੌਚਿਕ, ਸਰਲ ਅਤੇ ਸਾਦਾ ਹੈ। ਉਸ ਦੀਆਂ ਲਿਖੀਆਂ ਬਾਲ-ਕਹਾਣੀਆਂ ਵਿਚ ਬੇਲੋੜਾ ਵਿਸਥਾਰ ਨਹੀਂ ਹੈ। ਨਿੱਕੇ ਆਕਾਰ ਦੀਆਂ ਇਹ ਬਾਲ-ਕਹਾਣੀਆਂ ਬੱਚਿਆਂ ਦੇ ਪੜ੍ਹਣ ਲਈ ਬਹੁਤ ਹੀ ਯੋਗ ਅਤੇ ਢੁੱਕਵੀਆਂ ਹਨ। ਲੇਖਿਕਾ ਦੀ ਸ਼ਬਦਾਵਲੀ ਅਤੇ ਸ਼ੈਲੀ ਬੱਚਿਆਂ ਦੇ ਮਾਨਸਿਕ ਪੱਧਰ ਮੁਤਾਬਕ ਬਿਲਕੁਲ ਢੁੱਕਵੀਂ ਅਤੇ ਸਰਲ ਹੈ। ਇਨ੍ਹਾਂ ਬਾਲ-ਕਹਾਣੀਆਂ ਵਿਚ ਕਈ ਥਾਵਾਂ 'ਤੇ ਬੜਾ ਵਧੀਆ ਨਾਟਕੀ ਮਾਹੌਲ ਸਿਰਜ ਕੇ ਇਨ੍ਹਾਂ ਦੇ ਕਥਾ-ਰਸ ਅਤੇ ਪੜ੍ਹਣ ਦੀ ਉਤਸੁਕਤਾ ਨੂੰ ਉਭਾਰਿਆ ਗਿਆ ਹੈ। ਜਿੱਥੇ ਇਹ ਬਾਲ-ਕਹਾਣੀਆਂ ਸਿੱਖਿਆਦਾਇਕ ਹਨ, ਉੱਥੇ ਇਹ ਆਪਣੀ ਰੌਚਿਕਤਾ ਸਦਕਾ ਬੱਚਿਆਂ ਦਾ ਮਨੋਰੰਜਨ ਕਰਨ ਵਿਚ ਵੀ ਸਫਲ ਹਨ।

"ਦੀਵਾ ਅਤੇ ਲਾਲਟੈਨ" ਪੁਸਤਕ 'ਜਪਲੀਨ ਪਬਲੀਕੇਸ਼ਨਜ਼, ਪਟਿਆਲਾ' (ਪ੍ਰੋਮੋਟਰ : ਸ਼ਬਦਾਂਜਲੀ ਪਬਲੀਕੇਸ਼ਨਜ਼, ਪਟਿਆਲਾ, ਮੋਬਾਇਲ : 98552-32575) ਵੱਲੋਂ ਪ੍ਰਕਾਸ਼ਿਤ ਕੀਤੀ ਗਈ ਹੈ। ਪੁਸਤਕ ਦੀ ਛਪਾਈ ਬਹੁਤ ਹੀ ਸੁੰਦਰ ਹੈ ਅਤੇ ਪੁਸਤਕ ਲਈ ਵਧੀਆ ਆਰਟ ਪੇਪਰ ਅਤੇ ਆਰਟ ਕਾਰਡ ਸ਼ੀਟ ਵਰਤਿਆ ਗਿਆ ਹੈ। ਬਾਲ-ਕਹਾਣੀਆਂ ਨਾਲ ਦਿੱਤੇ ਗਏ ਢੁੱਕਵੇਂ ਚਿੱਤਰ ਸੱਚਮੁੱਚ ਹੀ ਬੱਚਿਆਂ ਲਈ ਬੜੇ ਦਿਲ-ਖਿੱਚਵੇਂ ਹਨ। 32 ਪੰਨਿਆਂ ਦੀ ਇਸ ਪੁਸਤਕ ਦਾ ਮੁੱਲ 200/- ਰੁਪਏ ਹੈ। ਮੈਂ ਈਸ਼ਦੀਪ ਕੌਰ ਨੂੰ ਉਸ ਦੀ ਇਸ ਵੱਡਮੁੱਲੀ ਅਤੇ ਪੜ੍ਹਨਯੋਗ ਪਲੇਠੀ ਪੁਸਤਕ ਲਈ ਬਹੁਤ-ਬਹੁਤ ਵਧਾਈ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਉਹ ਭਵਿੱਖ ਵਿਚ ਵੀ ਇਸੇ ਤਰ੍ਹਾਂ ਪੰਜਾਬੀ ਬਾਲ-ਸਾਹਿਤ ਦੇ ਖੇਤਰ ਵਿਚ ਮਿਆਰੀ ਅਤੇ ਉਸਾਰੂ ਰਚਨਾਵਾਂ ਪੁਸਤਕਾਂ ਦੇ ਰੂਪ ਵਿਚ ਛਪਵਾ ਕੇ ਪੰਜਾਬੀ ਬਾਲ-ਸਾਹਿਤ ਨੂੰ ਅਮੀਰ ਕਰੇਗੀ। ਮੈਂ ਦਿਲੋਂ ਚਾਹੁੰਦਾ ਹਾਂ ਕਿ ਇਹ ਪੁਸਤਕ 'ਦੀਵਾ ਅਤੇ ਲਾਲਟੈਨ' ਪੰਜਾਬ ਦੇ ਸਾਰੇ ਸਕੂਲਾਂ ਦੀਆਂ ਲਾਇਬ੍ਰੇਰੀਆਂ ਵਿਚ ਪੁੱਜਣੀ ਚਾਹੀਦੀ ਹੈ ਅਤੇ ਮਾਪਿਆਂ ਨੂੰ ਵੀ ਇਹ ਪੁਸਤਕ ਉਚੇਚੇ ਤੌਰ 'ਤੇ ਖ਼ਰੀਦ ਕੇ ਆਪਣੇ ਬੱਚਿਆਂ ਨੂੰ ਦੇਣੀ ਚਾਹੀਦੀ ਹੈ।

# ਕੈਨੇਡਾ 'ਚ ਮਰਦਮਸ਼ੁਮਾਰੀ 2026




**ਬਲਵੰਤ ਸੰਘੇੜਾ**
ਪ੍ਰਧਾਨ, ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (PLEA)

**ਸਾਧੂ ਬਿਨਿੰਗ,**
ਉਪ ਪ੍ਰਧਾਨ, ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (PLEA)
778-773-1886
ਪੰਜਾਬ ਮੇਲ USA


ਸਟੈਟਿਸਟਿਕਸ ਕੈਨੇਡਾ ਹਰ ਪੰਜ ਸਾਲਾਂ ਬਾਅਦ ਦੇਸ਼ ਭਰ ਵਿਚ ਮਰਦਮਸ਼ੁਮਾਰੀ (ਜਨਗਣਨਾ) ਕਰਦਾ ਹੈ। ਇਸ ਦੇ ਹਿੱਸੇ ਵਜੋਂ, ਕੈਨੇਡੀਅਨ ਪਰਿਵਾਰਾਂ ਨੂੰ ਘਰ ਵਿਚ ਰਹਿਣ ਵਾਲੇ ਹਰ ਇੱਕ ਮੈਂਬਰ ਬਾਰੇ ਢੁੱਕਵੇਂ ਜਨਗਣਨਾ ਫਾਰਮ ਭਰਨ ਦੀ ਲੋੜ ਹੁੰਦੀ ਹੈ। ਕੈਨੇਡਾ ਦੇ ਉੱਤਰੀ ਇਲਾਕੇ ਵਿਚ ਇਹ ਪ੍ਰਕਿਰਿਆ ਪਹਿਲਾਂ ਹੀ ਸ਼ੁਰੂ ਹੋ ਚੁੱਕੀ ਹੈ। ਬਾਕੀ ਕੈਨੇਡਾ ਵਿਚ, ਇਹ 1 ਮਈ ਤੋਂ ਸ਼ੁਰੂ ਹੋ ਜਾਵੇਗੀ। ਮਰਦਮਸ਼ੁਮਾਰੀ ਦੀ ਪ੍ਰਸ਼ਨਾਵਲੀ ਕਾਫ਼ੀ ਵਿਸਥਾਰ ਵਾਲੀ ਹੈ। ਇਸ ਵਿਚ ਘਰ (ਹਾਊਸਹੋਲਡ) ਦੇ ਹਰੇਕ ਵਾਸੀ ਦੇ ਵੱਖ-ਵੱਖ ਪਹਿਲੂਆਂ ਨਾਲ ਸਬੰਧਤ ਸਵਾਲ ਹਨ। ਜਨਗਣਨਾ ਫਾਰਮ - ਔਨਲਾਈਨ ਜਾਂ ਪ੍ਰਿੰਟ - ਭਰਨਾ ਅਤੇ ਵਾਪਸ ਕਰਨਾ ਸਾਡੀ ਨਾਗਰਿਕ ਜ਼ਿੰਮੇਵਾਰੀ ਹੈ। ਇਹ ਅੰਕੜਾ ਐਕਟ (ਸਟੈਟਿਸਟਕ ਐਕਟ) ਦੇ ਤਹਿਤ ਲਾਜ਼ਮੀ ਹੈ। ਕੈਨੇਡਾ ਦੇ ਸਾਰੇ ਬਾਸ਼ਿੰਦੇ - ਨਾਗਰਿਕ, ਸਥਾਈ ਨਿਵਾਸੀ (ਪਰਮਾਨੈਂਟ ਰੈਜ਼ੀਡੈਂਟ), ਅਸਥਾਈ ਵਿਦੇਸ਼ੀ ਕਾਮੇ (ਟੈਂਪਰੇਰੀ ਫੌਰਨ ਵਰਕਰਜ਼) ਅਤੇ ਵਿਜ਼ਟਰ - ਨੂੰ ਇਸ ਗਿਣਤੀ ਵਿਚ ਸ਼ਾਮਲ ਕਰਨਾ ਜ਼ਰੂਰੀ ਹੈ। ਹਰੇਕ ਘਰ (ਹਾਊਸਹੋਲਡ) ਨੂੰ ਇਹ ਫਾਰਮ ਭਰਨ ਅਤੇ ਇਸਨੂੰ ਜਲਦੀ ਤੋਂ ਜਲਦੀ ਵਾਪਸ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ। ਸਟੈਟਿਕਸ ਕੈਨੇਡਾ ਨੇ ਇਨ੍ਹਾਂ ਫਾਰਮਾਂ ਨੂੰ ਭਰਨ ਅਤੇ ਇਕੱਠਾ ਕਰਨ ਵਿਚ ਕੈਨੇਡੀਅਨਾਂ ਦੀ ਸਹਾਇਤਾ ਲਈ 32,000 ਕਰਮਚਾਰੀ ਨਿਯੁਕਤ ਕੀਤੇ ਹਨ।

2026 ਦੀ ਮਰਦਮਸ਼ੁਮਾਰੀ ਵਿਚ ਭਾਸ਼ਾ ਨਾਲ ਸਬੰਧਤ ਤਿੰਨ ਮਹੱਤਵਪੂਰਨ ਸਵਾਲ ਸ਼ਾਮਲ ਹਨ। ਇਨ੍ਹਾਂ ਸਵਾਲਾਂ ਵਿਚੋਂ ਇੱਕ ਸਵਾਲ, ਹਰ ਵਿਅਕਤੀ ਦੀ ਮਾਂ-ਬੋਲੀ ਜਾਂ ਮਾਤ-ਭਾਸ਼ਾ ਬਾਰੇ ਹੈ। ਦੂਜਾ ਸਵਾਲ, ਘਰ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਬਾਰੇ ਹੈ। ਤੀਜਾ ਸਵਾਲ, ਦੂਜੀਆਂ ਭਾਸ਼ਾਵਾਂ ਦੇ ਗਿਆਨ ਬਾਰੇ ਹੈ। ਪੰਜਾਬੀ ਲੈਂਗੂਏਜ ਐਜੂਕੇਸ਼ਨ ਐਸੋਸੀਏਸ਼ਨ (PLEA) ਵੱਲੋਂ ਅਸੀਂ ਸਾਰਿਆਂ ਨੂੰ ਸਮੇਂ ਸਿਰ ਮਰਦਮਸ਼ੁਮਾਰੀ ਦੇ ਫਾਰਮ ਭਰਨ ਅਤੇ ਇਸਨੂੰ ਸਹੀ ਪਤੇ ਜਾਂ ਕਰਮਚਾਰੀ ਨੂੰ ਵਾਪਸ ਕਰਨ ਦੀ ਬੇਨਤੀ ਕਰਨਾ ਚਾਹੁੰਦੇ ਹਾਂ। ਨਾਲ ਹੀ, ਅਸੀਂ ਪੰਜਾਬੀ ਭਾਸ਼ਾ ਦੇ ਬੁਲਾਰਿਆਂ, ਸਮਰਥਕਾਂ ਅਤੇ ਸ਼ੁੱਭਚਿੰਤਕਾਂ ਨੂੰ ਬੇਨਤੀ ਕਰਨਾ ਚਾਹੁੰਦੇ ਹਾਂ ਕਿ ਉਹ ਆਪਣੇ ਜਵਾਬਾਂ ਵਿਚ ਪੰਜਾਬੀ ਨੂੰ ਜ਼ਰੂਰ ਸ਼ਾਮਲ ਕਰਨ। ਬੋਲੀ ਸੰਬੰਧੀ ਇਨ੍ਹਾਂ ਸਵਾਲਾਂ ਦੇ ਜਵਾਬ ਕੈਨੇਡਾ ਵਿਚ ਵੱਖਰੀਆਂ-ਵੱਖਰੀਆਂ ਬੋਲੀਆਂ ਜਾਂਦੀਆਂ ਭਾਸ਼ਾਵਾਂ ਦੀ ਵੱਖਰਤਾ ਜਾਂ ਵਿਭਿੰਨਤਾ ਨੂੰ ਨਿਰਧਾਰਤ ਕਰਦੇ ਹਨ। ਭਾਸ਼ਾ ਨਾਲ ਸਬੰਧਤ ਸਵਾਲਾਂ ਦੇ ਜਵਾਬ ਕੈਨੇਡਾ ਦੇ ਚਾਰਟਰ ਵਿਚ ਦਰਸਾਏ ਅਨੁਸਾਰ ਕੈਨੇਡਾ ਦੀਆਂ ਸਰਕਾਰੀ ਅਤੇ ਗੈਰ-ਸਰਕਾਰੀ ਭਾਸ਼ਾਵਾਂ ਦੋਵਾਂ ਦਾ ਸਮਰਥਨ ਕਰਨ 'ਚ ਮਦਦਗਾਰ ਹੁੰਦੇ ਹਨ।

ਸਟੈਟਿਸਟਿਕਸ ਕੈਨੇਡਾ ਇੱਕ ਬਹੁਤ ਹੀ ਭਰੋਸੇਯੋਗ ਅਤੇ ਅੰਤਰਰਾਸ਼ਟਰੀ ਪੱਧਰ 'ਤੇ ਮਾਨਤਾ ਪ੍ਰਾਪਤ ਸੰਸਥਾ ਹੈ। ਇਸ ਪ੍ਰਸ਼ਨਾਵਲੀ ਦੇ ਸਾਰੇ ਸਵਾਲਾਂ ਦੀ ਬਹੁਤ ਚੰਗੀ ਤਰ੍ਹਾਂ ਜਾਂਚ ਪੜਤਾਲ ਕੀਤੀ ਗਈ ਹੈ ਅਤੇ ਸੁਧਾਰ ਕੀਤਾ ਗਿਆ ਹੈ। ਉਦਾਹਰਨ ਲਈ, ਸਵਾਲ: ਕੀ ਇਹ ਵਿਅਕਤੀ ਬੋਲ ਸਕਦਾ ਹੈ ...? ਨੂੰ ਸੁਧਾਰ ਕੇ ਕੀਤਾ ਗਿਆ ਹੈ: ਕੀ ਇਹ ਵਿਅਕਤੀ ਬੋਲਦਾ ਹੈ ...? ਇਸੇ ਤਰ੍ਹਾਂ, ਹੋਰ ਭਾਸ਼ਾਵਾਂ ਵਿਚ ਸੰਕੇਤ ਭਾਸ਼ਾ (ਸਾਈਨ ਲੈਂਗੂਏਜ) ਵੀ ਸ਼ਾਮਲ ਕੀਤੀ ਗਈ ਹੈ। ਨਾਲ ਹੀ, 2026 ਦੀ ਜਨਗਣਨਾ ਵਿਚਲੇ ਸਵਾਲਾਂ ਨੂੰ ਅੰਤਿਮ ਰੂਪ ਦੇਣ ਲਈ ਦੇਸ਼ ਭਰ ਦੇ 222,000 ਘਰਾਂ ਨੂੰ ਜਨਗਣਨਾ ਟੈਸਟ ਵਿਚ ਹਿੱਸਾ ਲੈਣ ਲਈ ਚੁਣਿਆ ਗਿਆ ਸੀ। ਕੈਨੇਡਾ ਵਿਚ ਆਬਾਦੀ ਦੇ ਵਾਧੇ ਦੀ ਤੁਲਨਾ ਵਜੋਂ 2021 ਦੀ ਮਰਦਮਸ਼ੁਮਾਰੀ ਸਮੇਂ ਕੈਨੇਡਾ ਵਿਚ 36,991,981 ਵਿਅਕਤੀ ਸਨ। ਇਹ 2016 ਦੀ ਮਰਦਮਸ਼ੁਮਾਰੀ ਵਿਚਲੇ ਘਰਾਂ (ਹਾਊਸਹੋਲਡਜ਼) ਨਾਲੋਂ 5.2 ਵੱਧ ਸਨ। 2026 ਦੀ ਮਰਦਮਸ਼ੁਮਾਰੀ ਪਿਛਲੇ ਪੰਜ ਸਾਲਾਂ ਦੌਰਾਨ ਆਬਾਦੀ ਵਿਚ ਹੋਇਆ ਵਾਧਾ ਦਰਸਾਏਗੀ।

2021 ਦੀ ਮਰਦਮਸ਼ੁਮਾਰੀ ਵਿਚ, ਅੰਗਰੇਜ਼ੀ ਅਤੇ ਫਰਾਂਸੀਸੀ (ਫਰੈਂਚ) ਤੋਂ ਬਾਅਦ ਪੰਜਾਬੀ ਤੀਜੀ ਸਭ ਤੋਂ ਵੱਧ ਬੋਲੀ ਜਾਣ ਵਾਲੀ ਭਾਸ਼ਾ ਵਜੋਂ ਸਾਹਮਣੇ ਆਈ ਸੀ। ਉਸ ਵੇਲੇ 763,785 ਵਿਅਕਤੀਆਂ ਨੇ ਪੰਜਾਬੀ ਨੂੰ ਆਪਣੀ ਮਾਂ-ਬੋਲੀ ਵਜੋਂ ਦਰਸਾਇਆ ਸੀ, ਜਦੋਂ ਕਿ 827,150 ਵਿਅਕਤੀਆਂ ਨੇ ਪੰਜਾਬੀ ਨੂੰ ਘਰ ਵਿਚ ਸਭ ਤੋਂ ਵੱਧ ਬੋਲੀ ਜਾਣ ਵਾਲੀ ਬੋਲੀ ਵਜੋਂ ਦਰਸਾਇਆ। ਪਿਛਲੇ ਪੰਜਾਂ ਸਾਲਾਂ ਦੌਰਾਨ ਵਿਦਿਆਰਥੀਆਂ, ਸਥਾਈ ਨਿਵਾਸੀ (ਪੀ.ਆਰਜ਼), ਅਸਥਾਈ ਵਿਦੇਸ਼ੀ ਕਾਮਿਆਂ ਅਤੇ ਵਿਜ਼ਟਰਾਂ ਦੀ ਗਿਣਤੀ ਵਿਚ ਕਾਫ਼ੀ ਵਾਧਾ ਹੋਇਆ ਹੈ, ਜਿਨ੍ਹਾਂ ਦੀ ਮਾਤ ਭਾਸ਼ਾ ਪੰਜਾਬੀ ਹੋ ਸਕਦੀ ਹੈ। ਉਮੀਦ ਹੈ ਕਿ 2026 ਦੀ ਮਰਦਮਸ਼ੁਮਾਰੀ ਵਿਚ ਪੰਜਾਬੀ ਭਾਸ਼ਾ ਦਾ ਹਰ ਬੁਲਾਰਾ, ਸਮਰਥਕ ਅਤੇ ਸ਼ੁਭਚਿੰਤਕ ਇਸ ਨੂੰ ਆਪਣੀ ਮਾਂ-ਬੋਲੀ ਵਜੋਂ ਦਰਸਾਵੇਗਾ।

# "ਦਹੀਂ ਦੇ ਭੁਲੇਖੇ"

## ਕਹਾਣੀ




**ਹਰਦੀਪ ਸਿੰਘ ਸੋਢੀ ਨਡਾਲਾ**
ਫੀਨਿਕਸ
480-794-0325
ਪੰਜਾਬ ਮੇਲ USA




ਸਦੀਆਂ ਪੁਰਾਣੀ ਗੱਲ ਹੈ, ਕਿਸੇ ਦੇਸ਼ ਦੀ ਇੱਕ ਰਿਆਸਤ ਬਹੁਤ ਅਮੀਰ ਸੀ। ਜਰਖੇਜ਼ ਜ਼ਮੀਨ, ਵਧੀਆ ਹਵਾ ਪਾਣੀ, ਚੰਗੇ ਕਿਸਮ ਦੇ ਮਾਲ ਮਵੇਸ਼, ਦਲੇਰ ਅਤੇ ਬਹਾਦਰ ਜਵਾਨ /ਕਿਸਾਨ। ਸਭ ਤੋਂ ਵਿਸ਼ੇਸ਼ ਗੱਲ ਕਿ ਉਥੋਂ ਦੇ ਵਾਸੀ ਏਨੇ ਰਹਿਮ ਦਿਲ, ਨੇਕ ਦਿਲ, ਦਰਿਆ ਦਿਲ ਅਤੇ ਦਾਨੀ ਪੁਰਸ਼ ਕਿ ਉਨ੍ਹਾਂ ਦੀ ਮਿਸਾਲ ਕਿਤੇ ਨਹੀਂ ਸੀ ਮਿਲਦੀ। ਖੁੱਲ੍ਹਾ ਖਾਣ ਅਤੇ ਪਹਿਨਣ ਦੇ ਸ਼ੌਕੀਨ, ਇਮਾਨਦਾਰੀ ਵਿਚ ਵੀ ਬਹੁਤ ਨਾਮਣਾ ਖੱਟਣ ਵਾਲੇ ਲੋਕ ਸਨ। ਕਿਸੇ ਚੰਦਰੇ ਦੀ ਐਸੀ ਭੈੜੀ ਨਜ਼ਰ ਲੱਗੀ ਕਿ ਸਮੇਂ ਦੀ ਮਾਰ ਨੇ ਰਿਆਸਤ ਦੀ ਵੰਡ ਵੰਡਾਈ ਕਰਵਾ ਦਿੱਤੀ। ਯਾਰੀਆਂ ਏਨੀਆਂ ਕਿ ਇੱਕ ਦੂਜੇ ਵੱਲੋਂ ਕੀਤੇ ਜੁਰਮ ਦੇ ਦੋਸ਼ ਵੀ ਆਪਣੇ ਸਿਰ ਲੈ ਕੇ ਸਜ਼ਾਵਾਂ ਭੁਗਤ ਆਉਣ ਵਾਲੇ ਯਾਰ ਦੋਸਤ ਵੀ ਵੰਡ ਕਾਰਨ ਇੱਕ ਦੂਜੇ ਦੇ ਖ਼ੂਨ ਦੇ ਪਿਆਸੇ ਹੋ ਗਏ। ਵੇਖਦੇ-ਵੇਖਦੇ ਲੱਖਾਂ ਲੋਕ ਮਾਰੇ ਗਏ। ਹਾਲੋਂ ਬੇਹਾਲ ਹੋ ਗਏ। ਚੁਬਾਰਿਆਂ ਵਿਚ ਰਹਿਣ ਵਾਲੇ ਚੌਧਰੀ ਅਖਵਾਉਣ ਵਾਲੇ ਪੱਗ ਵਟ ਬਣੇ ਭਰਾ ਲੋਕ ਵੀ ਖ਼ਾਨਾ ਬਦੋਸ਼ਾਂ ਵਾਂਗ ਗੱਡਿਆਂ 'ਤੇ ਸਮਾਨ ਲੱਦੀ, ਬਿਨ ਕਿਆਸੀ ਮੰਜ਼ਲ ਵੱਲ ਤੁਰੇ ਫਿਰਨ ਬੁਰੇ ਹਾਲੀਂ। ਦੋ ਵੇਲੇ ਇਸ਼ਨਾਨ ਕਰਨ ਵਾਲੇ ਲੋਕ ਜਿਨ੍ਹਾਂ ਨੂੰ ਕਾਮੇ ਖੂਹੀਆਂ 'ਚੋਂ ਪਾਣੀ ਕੱਢ ਕੇ ਨਹਾਉਂਦੇ ਸਨ, ਦੋ-ਦੋ ਹਫ਼ਤੇ ਮੈਲੇ-ਕੁਚੈਲੇ ਕੱਪੜਿਆਂ ਵਿਚ ਫਿਰਦੇ ਦਿੱਸਦੇ ਰਹੇ। ਖੈਰ ਆਪਣੇ ਜਿਸਮਾਂ 'ਤੇ ਹੋਏ ਜ਼ਖਮਾਂ ਨੂੰ ਹੌਲੀ-ਹੌਲੀ ਭੁੱਲਦੇ ਹੋਏ ਅਜੇ ਬਰਾਂਡਿਆਂ ਵਿਚੋਂ ਕਮਰਿਆਂ ਵਿਚ ਤਬਦੀਲ ਹੋ ਹੀ ਰਹੇ ਸਨ, ਤਾਂ ਨਵੇਂ ਰਾਜਿਆਂ ਦੀ ਬੇਅਕਲੀ ਨੇ ਰਿਆਸਤ ਨੂੰ ਮੁੜ ਤਿੰਨ ਹਿੱਸਿਆਂ ਵਿਚ ਵੰਡ ਦਿੱਤਾ ਪਰ ਇਸ ਵਾਰ ਇੱਕ ਗੱਲ ਇਹ ਬਚਾਅ ਵਾਲੀ ਰਹੀ ਕਿ ਜੋ ਜਿਥੇ ਹੈ, ਉਥੇ ਹੀ ਰਿਹਾ, ਕੋਈ ਜਾਨੀ-ਮਾਲੀ ਨੁਕਸਾਨ ਨਹੀਂ ਹੋਇਆ ਪਰ ਰਾਜਨੀਤਿਕ ਘਾਟਾ ਬਹੁਤ ਪਿਆ। ਲਿਹਾਜ਼ਾ ਪਹਿਲੀ ਵੰਡ ਦੇ ਕੁੱਟੇ ਮਾਰੇ ਅਤੇ ਝੰਬੇ ਲੋਕ ਇਸ ਨੂੰ ਲੀਡਰਾਂ ਦੀ ਲੜਾਈ ਸਮਝ ਕੇ ਚੁੱਪ ਕਰ ਗਏ, ਜੋ ਹੁਣ ਫਿਨਸੀ ਤੋਂ ਚੌਥੀ ਸਟੇਜ ਦਾ ਕੈਂਸਰ ਬਣ ਚੁੱਕੀ ਹੈ ਅਤੇ ਲਾਇਲਾਜ ਹੈ। ਇਸ ਤੋਂ ਵੀ ਉੱਪਰ ਕਿ ਦੋ ਰਾਜੇ ਵਾਰੀ-ਵਾਰੀ ਰਾਜ ਕਰਦੇ ਰਹੇ, ਇੱਕ ਨੇ ਦਸ ਆਨੇ ਰਾਜ ਕੀਤਾ ਤੇ ਦੂਜੇ ਨੇ ਛੇ ਆਨੇ ਕੀਤਾ, ਇੱਕ ਨੇ ਵੱਧ ਖਾਧਾ ਅਤੇ ਦੂਜੇ ਨੇ ਘੱਟ ਖਾਧਾ। ਖਾਧਾ ਦੋਹਾਂ ਨੇ ਹੀ। ਰਾਜ ਦੇ ਬਸ਼ਿੰਦਿਆਂ ਨੂੰ ਹੁਣ ਆਪਾ ਠਗਾਉਣ ਦੀ ਆਦਤ ਜਿਹੀ ਪੈ ਗਈ ਲੱਗਦੀ ਸੀ ਕਿ ਲੁੱਟ ਮਾਰ ਕਰਨੀ ਅਤੇ ਕੁੱਟਣਾ ਤਾਂ ਰਾਜਿਆਂ ਦੇ ਅਧਿਕਾਰ ਖੇਤਰ ਵਿਚ ਹੁੰਦਾ ਹੈ, ਲਿਹਾਜ਼ਾ ਖਾਈ ਜਾਉ ਡੰਡੇ। ਧਿਰਾਂ ਦੋਵੇਂ ਹੀ ਤਗੜੀਆਂ ਸਨ। ਲੋਕਾਂ ਨੂੰ ਦਾਰੂ ਪਿਆਉਣ ਤੋਂ ਲੈ ਕੇ ਘਾਤਕ ਅਤੇ ਮਾਰੂ ਨਸ਼ਿਆਂ ਤੱਕ 'ਤੇ ਲਾ ਦਿੱਤਾ ਕਿ ਖਾਉ, ਮਰੋ, ਵੇਚੋ, ਤਾਂ ਜੋ ਹੋਰ ਖਾਣ ਵਾਲੇ ਵੀ ਮਰਨ ਭੋਲੀ ਜਨਤਾ ਮੁਫ਼ਤ ਦੇ ਨਸ਼ਿਆਂ 'ਤੇ ਲੱਗ ਗਈ। ਪਬਲਿਕ ਦੇ ਵਿਰੋਧ ਨੂੰ ਵੇਖਦਿਆਂ ਰਾਜਿਆਂ ਨੂੰ ਸਖ਼ਤੀ ਕਰਨੀ ਪਈ, ਮੁਫ਼ਤ ਦੇ ਨਸ਼ੇ ਭਾਵ (ਦਹੀਂ ਨਾਲ ਟੁੱਕ ਦੇਣ ਵਾਲੀ ਬੇਬੇ ਮਰ ਗਈ), ਨਸ਼ੇ ਮਹਿੰਗੇ ਹੋ ਗਏ, ਨਸ਼ਿਆਂ ਦੀ ਪੂਰਤੀ ਵਾਸਤੇ ਚੋਰੀਆਂ ਵਿਚ ਇਜ਼ਾਫਾ ਹੋਇਆ, ਚੋਰੀ ਤੋਂ ਬਾਅਦ ਡਾਕੇ ਫਿਰ ਲੁੱਟ-ਖੋਹ ਅਤੇ ਬਾਅਦ ਵਿਚ ਫਿਰੌਤੀ ਦਾ ਦੌਰ ਸ਼ੁਰੂ ਹੋ ਗਿਆ। ਅੱਕ ਕੇ ਰਿਆਸਤ ਵਿਚੋਂ ਹਿਜ਼ਰਤ ਸ਼ੁਰੂ ਹੋ ਗਈ। ਪਹਿਲੇ-ਪਹਿਲ ਘਰਾਂ ਵਿਚੋਂ ਇੱਕ-ਇੱਕ, ਦੋ-ਦੋ ਜੀਅ ਨਿਕਲੇ। ਫਿਰ ਪੂਰੇ ਟੱਬਰ ਨਿਕਲੇ ਅਤੇ ਰਿਆਸਤ ਦੇ ਕੁਝ ਹਿਸਿਆਂ ਵਿਚੋਂ ਤਾਂ ਮੁਹੱਲਿਆਂ ਦੇ ਮੁਹੱਲੇ ਅਤੇ ਪਿੰਡਾਂ ਦੇ ਪਿੰਡ ਕੂਚ ਕਰ ਗਏ। ਰਿਆਸਤ ਦੀ ਜਨਸੰਖਿਆ ਵਿਚ ਬੇਸ਼ੱਕ ਬੇਸ਼ੁਮਾਰ ਇਜ਼ਾਫਾ ਹੋਇਆ ਸੀ ਪਰ ਇਹ ਇਜ਼ਾਫਾ ਤਾਂ ਹੋਰਨਾਂ ਰਿਆਸਤਾਂ ਦੇ ਲੋਕਾਂ ਦੇ ਆਉਣ ਨਾਲ ਹੋਇਆ, ਜਿਨ੍ਹਾਂ ਦਾ ਨਾਂ ਇਹ ਕਲਚਰ, ਨਾਂ ਇਹ ਬੋਲੀ, ਨਾ ਰੀਤੀ-ਰਿਵਾਜ਼, ਨਾ ਸੱਭਿਆਚਾਰ, ਗੱਲ ਕੀ ਅੱਕੇ ਹੋਏ ਰਿਆਸਤੀ ਲੋਕਾਂ ਨੇ ਰਾਜਿਆਂ ਦੇ ਵਤੀਰੇ ਤੋਂ ਤੰਗ ਆ ਕੇ ਖੁਦਕੁਸ਼ੀਆਂ ਦੀ ਵੀ ਪੂਰੀ ਛਹਿਬਰ ਲਾਈ ਪਰ ਕਿਸੇ ਦੇ ਕੰਨ 'ਤੇ ਜੂੰ ਨਾ ਸਰਕੀ। ਉਹ ਹਾਲ ਹੋਇਆ (ਪੰਚਾਂ ਦਾ ਕਿਹਾ ਸਿਰ ਮੱਥੇ ਪਰਨਾਲਾ ਉਥੇ ਦਾ ਉਥੇ)। ਏਸੇ ਦੌਰਾਨ ਨੇੜਲੀ ਰਿਆਸਤ ਦੇ ਇੱਕ ਸ਼ਾਤਰ ਰਾਜੇ ਨੇ ਦੁਖੀ ਹੋਈ ਪਰਜਾ ਨੂੰ ਮਲ੍ਹਮ ਲਾਉਣ ਦਾ ਵਾਅਦਾ ਦੇ ਕੇ ਉਨ੍ਹਾਂ ਵਿਚੋਂ ਹੀ ਕੁਝ ਗੱਲਾਂ ਦੇ ਧਨੀ ਚੁਣੇ ਅਤੇ ਪਹਿਲਾਂ ਤੋਂ ਹੀ ਠੱਗੇ ਜਾ ਚੁੱਕੇ ਲੋਕਾਂ ਨੂੰ ਸਬਜ਼ਬਾਗ਼ ਦਿਖਾਏ, ਆਪਾਂ ਇਹ ਕਰਾਂਗੇ, ਆਪਾਂ ਔਹ ਕਰਾਂਗੇ, ਤੁਹਾਨੂੰ ਏਥੇ ਹੀ ਅਮਰੀਕਾ ਬਣਾ ਦਿਆਂਗੇ, ਕਰ-ਕਰਾ ਕੇ ਰਾਜ ਲੈ ਲਿਆ। ਪਰ ਹੋਇਆ ਉਹੀ ਕੁਝ ਜੋ ਪਹਿਲਾਂ ਵਾਲੇ ਕਰਦੇ ਰਹੇ ਸਨ, ਸਗੋਂ ਉਸ ਤੋਂ ਵੀ ਵੱਧ ਕਿਉਂਕਿ ਪਹਿਲਾਂ ਵਾਲੇ ਤਾਂ ਇਥੋਂ ਉਠ ਕੇ ਹੀ ਉੱਨ ਲਾਹ ਲੈਂਦੇ ਸਨ ਤੇ ਹੁਣ ਬਾਹਰੀ ਰਾਜੇ ਨੂੰ ਆਉਣ-ਜਾਣ ਦਾ ਭੱਤਾ ਵੀ ਲੋੜੀਂਦਾ ਸੀ, ਜਿਨ੍ਹਾਂ ਊਠਾਂ, ਘੋੜਿਆਂ, ਹਾਥੀਆਂ 'ਤੇ ਲਾਮ-ਲਸ਼ਕਰ ਆਉਂਦਾ ਸੀ, ਉਨ੍ਹਾਂ ਨੂੰ ਵੀ ਖਾਧ ਖੁਰਾਕ ਚਾਹੀਦੀ ਸੀ। ਹੁਣ ਜਨਤਾ ਸੋਚਣ ਲੱਗੀ ਕਿ ਇਹ ਤਾਂ ਜਿਸ ਨੂੰ ਆਪਾਂ ਦਹੀਂ ਦੇ ਫੁੱਟ ਸਮਝ ਕੇ ਮੂੰਹ ਵਿਚ ਪਾਇਆ ਸੀ, ਇਹ ਫੁੱਟ ਤਾਂ ਕਪਾਹ ਦੇ ਸਨ, ਦਹੀਂ ਦੇ ਨਹੀਂ, ਜੋ ਸੰਘ ਵਿਚ ਫਸ ਗਏ ਹਨ, ਨਾ ਬਾਹਰ ਨਿਕਲਦੇ ਹਨ ਤੇ ਨਾ ਹੀ ਅੱਗੇ ਲੰਘਦੇ ਹਨ।

# ਸਿੱਖ ਜਗਤ ਦੀ ਮਾਣ-ਮੱਤੀ ਸਖਸ਼ੀਅਤ

# ਸ. ਇਕਬਾਲ ਸਿੰਘ ਲਾਲਪੁਰਾ



ਸੰਦੀਪ ਕੁਮਾਰ
ਐੱਮ.ਏ. ਜਰਨਲਿਜ਼ਮ, ਐੱਮ.ਏ. ਮਨੋਵਿਗਿਆਨ
ਰੂਪਨਗਰ
70098-07121
ਪੰਜਾਬ ਮੇਲ USA



ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਭਾਰਤ ਦੀਆਂ ਪ੍ਰਮੁੱਖ ਸਿੱਖ ਸ਼ਖਸੀਅਤਾਂ ਵਿਚੋਂ ਇੱਕ ਹਨ, ਜਿਨ੍ਹਾਂ ਨੇ ਆਪਣੀ ਜ਼ਿੰਦਗੀ ਵਿਚ ਪੁਲਿਸ ਸੇਵਾ, ਸਮਾਜ ਸੇਵਾ ਅਤੇ ਸਿਆਸੀ ਖੇਤਰ ਵਿਚ ਸ਼ਾਨਦਾਰ ਯੋਗਦਾਨ ਪਾਇਆ ਹੈ। ਮਿਤੀ 7 ਫਰਵਰੀ 1953 ਨੂੰ ਪੰਜਾਬ ਦੇ ਜ਼ਿਲ੍ਹਾ ਰੂਪਨਗਰ ਵਿਚ ਜਨਮੇ ਲਾਲਪੁਰਾ ਜੀ ਸਿੱਖ ਭਾਈਚਾਰੇ ਦੇ ਇੱਕ ਮਾਣਮੱਤੇ ਅਤੇ ਸਤਿਕਾਰਤ ਮੈਂਬਰ ਹਨ। ਉਨ੍ਹਾਂ ਦੀਆਂ ਸੇਵਾਵਾਂ ਨੇ ਨਾ ਸਿਰਫ ਪੰਜਾਬ, ਸਗੋਂ ਪੂਰੇ ਭਾਰਤ ਵਿਚ ਸਿੱਖ ਸੱਭਿਆਚਾਰ, ਧਰਮ ਅਤੇ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਨੂੰ ਮਜ਼ਬੂਤ ਕਰਨ ਵਿਚ ਅਹਿਮ ਭੂਮਿਕਾ ਅਦਾ ਕੀਤੀ ਹੈ। ਭਾਰਤ ਸਰਕਾਰ ਦੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਬਾਖੂਬੀ ਨਿਭਾਈਆਂ, ਜੋ ਉਨ੍ਹਾਂ ਦੀ ਸਮਰਪਿਤ ਸੇਵਾ ਅਤੇ ਸਮਾਜ ਪ੍ਰਤੀ ਵਚਨਬੱਧਤਾ ਦਾ ਸਬੂਤ ਹੈ। ਇਸ ਲੇਖ ਵਿਚ ਉਨ੍ਹਾਂ ਦੇ ਜੀਵਨ, ਕਰੀਅਰ ਅਤੇ ਵੱਖ-ਵੱਖ ਖੇਤਰਾਂ ਵਿਚ ਦਿੱਤੇ ਯੋਗਦਾਨ ਬਾਰੇ ਚਰਚਾ ਕੀਤੀ ਜਾਵੇਗੀ।

ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਦੀ ਸ਼ੁਰੂਆਤੀ ਜ਼ਿੰਦਗੀ ਅਤੇ ਸਿੱਖਿਆ ਪੰਜਾਬ ਦੇ ਸਾਦੇ ਪਰ ਧਾਰਮਿਕ ਅਤੇ ਸੱਭਿਆਚਾਰਕ ਮਾਹੌਲ ਵਿਚ ਬਿਤੀ। ਪੰਜਾਬੀ ਮਿੱਟੀ ਅਤੇ ਸਿੱਖ ਰਵਾਇਤਾਂ ਨਾਲ ਡੂੰਘੀ ਨੇੜਤਾ ਕਾਰਨ ਉਨ੍ਹਾਂ ਵਿਚ ਸਿੱਖ ਸਿਧਾਂਤਾਂ, ਸੇਵਾ ਅਤੇ ਨਿਰਪੱਖਤਾ ਦੀਆਂ ਕਦਰਾਂ ਬਚਪਨ ਤੋਂ ਹੀ ਰਚ ਗਈਆਂ। ਇਹ ਮੁੱਲ ਉਨ੍ਹਾਂ ਦੇ ਸਾਰੇ ਕਰੀਅਰ ਵਿਚ ਸਾਫ਼ ਝਲਕਦੇ ਰਹੇ ਹਨ। ਸਾਲ 1972 ਵਿਚ ਉਨ੍ਹਾਂ ਨੇ ਪੁਲਿਸ ਸੇਵਾ ਵਿਚ ਕਦਮ ਰੱਖਿਆ ਅਤੇ 1978 ਵਿਚ ਭਾਰਤੀ ਪੁਲਿਸ ਸੇਵਾ (ਆਈ.ਪੀ.ਐੱਸ.) ਅਧਿਕਾਰੀ ਬਣੇ। ਇਸ ਨਿਯੁਕਤੀ ਨੇ ਉਨ੍ਹਾਂ ਨੂੰ ਰਾਸ਼ਟਰੀ ਪੱਧਰ 'ਤੇ ਸੇਵਾ ਕਰਨ ਦਾ ਵੱਡਾ ਮੌਕਾ ਦਿੱਤਾ। ਉਨ੍ਹਾਂ ਦੀ ਪੁਲਿਸ ਕਰੀਅਰ ਚੁਣੌਤੀਆਂ ਨਾਲ ਭਰਪੂਰ ਸੀ, ਖਾਸ ਕਰਕੇ 1980 ਦੇ ਦਹਾਕੇ ਵਿਚ ਜਦੋਂ ਪੰਜਾਬ ਅੱਤਵਾਦ ਅਤੇ ਅਸਥਿਰਤਾ ਦੇ ਮੁਸ਼ਕਲ ਸਮੇਂ ਤੋਂ ਗੁਜ਼ਰ ਰਿਹਾ ਸੀ।

ਪੰਜਾਬ ਪੁਲਿਸ ਵਿਚ ਉਨ੍ਹਾਂ ਨੇ ਅੰਮ੍ਰਿਤਸਰ, ਤਰਨਤਾਰਨ ਅਤੇ ਕਪੂਰਥਲਾ ਵਰਗੇ ਸੰਵੇਦਨਸ਼ੀਲ ਜ਼ਿਲ੍ਹਿਆਂ ਵਿਚ ਸੀਨੀਅਰ ਸੁਪਰਡੈਂਟ ਆਫ ਪੁਲਿਸ ਵਜੋਂ ਸੇਵਾ ਨਿਭਾਈ। ਇਸ ਤੋਂ ਇਲਾਵਾ ਉਨ੍ਹਾਂ ਨੇ ਸੀ.ਆਈ.ਡੀ. ਅੰਮ੍ਰਿਤਸਰ ਵਿਚ ਵਧੀਕ ਇੰਸਪੈਕਟਰ ਜਨਰਲ ਵਜੋਂ ਵੀ ਮਹੱਤਵਪੂਰਨ ਜ਼ਿੰਮੇਵਾਰੀਆਂ ਸੰਭਾਲੀਆਂ। ਉਨ੍ਹਾਂ ਦਾ ਫੋਕਸ ਹਮੇਸ਼ਾ ਸੁਰੱਖਿਆ ਬਣਾਈ ਰੱਖਣ ਅਤੇ ਕਾਨੂੰਨ ਵਿਵਸਥਾ ਨੂੰ ਮਜ਼ਬੂਤ ਕਰਨ 'ਤੇ ਰਿਹਾ। ਉਨ੍ਹਾਂ ਨੇ ਸਖ਼ਤੀ ਦੇ ਨਾਲ-ਨਾਲ ਮਨੁੱਖੀ ਅਧਿਕਾਰਾਂ ਅਤੇ ਸਮਾਜਿਕ ਸਦਭਾਵਨਾ ਦਾ ਵੀ ਪੂਰਾ ਖਿਆਲ ਰੱਖਿਆ। ਉਨ੍ਹਾਂ ਦੀ ਇਮਾਨਦਾਰੀ ਅਤੇ ਪੇਸ਼ੇਵਰਤਾ ਲਈ ਉਨ੍ਹਾਂ ਨੂੰ ਪ੍ਰੈਜ਼ੀਡੈਂਟ ਪੁਲਿਸ ਮੈਡਲ ਅਤੇ ਮੈਰੀਟੋਰੀਅਸ ਸਰਵਿਸਿਜ਼ ਲਈ ਪੁਲਿਸ ਮੈਡਲ ਵਰਗੇ ਉੱਚ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ। ਪੁਲਿਸ ਸੇਵਾ ਦੇ ਦੌਰਾਨ ਵੀ ਲਾਲਪੁਰਾ ਜੀ ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਡੂੰਘੀ ਨੇੜਤਾ ਬਣਾਈ ਰੱਖਦੇ ਰਹੇ। ਇੱਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਪਾਲਣਾ ਕੀਤੀ। ਉਨ੍ਹਾਂ ਦੀ ਨਿਰਪੱਖਤਾ ਅਤੇ ਸਮਾਜ ਦੇ ਹਰ ਵਰਗ ਨਾਲ ਸੰਵਾਦ ਬਣਾਈ ਰੱਖਣ ਦੀ ਯੋਗਤਾ ਨੇ ਉਨ੍ਹਾਂ ਨੂੰ ਪੰਜਾਬ ਦੇ ਸਿੱਖ ਭਾਈਚਾਰੇ ਵਿਚ ਵਿਸ਼ੇਸ਼ ਸਤਿਕਾਰ ਦਿਵਾਇਆ। ਸਾਲ 2006 ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400ਵੇਂ ਸ਼ਹੀਦੀ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਨਿਵਾਜਿਆ ਗਿਆ। ਇਹ ਸਨਮਾਨ ਉਨ੍ਹਾਂ ਵੱਲੋਂ ਸਿੱਖ ਸਾਹਿਤ ਅਤੇ ਸੱਭਿਆਚਾਰ ਨੂੰ ਪ੍ਰੋਤਸਾਹਨ ਦੇਣ ਲਈ ਕੀਤੀਆਂ ਕੋਸ਼ਿਸ਼ਾਂ ਦੀ ਮਾਨਤਾ ਸੀ। ਉਨ੍ਹਾਂ ਨੇ ਆਪਣੀਆਂ ਲਿਖਤਾਂ ਰਾਹੀਂ ਸਿੱਖ ਇਤਿਹਾਸ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਵਿਚ ਯੋਗਦਾਨ ਪਾਇਆ। ਇਸ ਨੇ ਉਨ੍ਹਾਂ ਨੂੰ ਇੱਕ ਵਿਦਵਾਨ ਅਤੇ ਸਮਾਜ ਸੇਵਕ ਵਜੋਂ ਵਧੇਰੇ ਮਜ਼ਬੂਤੀ ਨਾਲ ਸਥਾਪਿਤ ਕੀਤਾ।

ਪੁਲਿਸ ਸੇਵਾ ਦੇ ਦੌਰਾਨ ਵੀ ਲਾਲਪੁਰਾ ਜੀ ਆਪਣੀਆਂ ਧਾਰਮਿਕ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਡੂੰਘੀ ਨੇੜਤਾ ਬਣਾਈ ਰੱਖਦੇ ਰਹੇ। ਇੱਕ ਅੰਮ੍ਰਿਤਧਾਰੀ ਸਿੱਖ ਹੋਣ ਦੇ ਨਾਤੇ ਉਨ੍ਹਾਂ ਨੇ ਆਪਣੀਆਂ ਡਿਊਟੀਆਂ ਨਿਭਾਉਂਦੇ ਹੋਏ ਸਿੱਖ ਰਵਾਇਤਾਂ ਅਤੇ ਸਿਧਾਂਤਾਂ ਦੀ ਪਾਲਣਾ ਕੀਤੀ। ਉਨ੍ਹਾਂ ਦੀ ਨਿਰਪੱਖਤਾ ਅਤੇ ਸਮਾਜ ਦੇ ਹਰ ਵਰਗ ਨਾਲ ਸੰਵਾਦ ਬਣਾਈ ਰੱਖਣ ਦੀ ਯੋਗਤਾ ਨੇ ਉਨ੍ਹਾਂ ਨੂੰ ਪੰਜਾਬ ਦੇ ਸਿੱਖ ਭਾਈਚਾਰੇ ਵਿਚ ਵਿਸ਼ੇਸ਼ ਸਤਿਕਾਰ ਦਿਵਾਇਆ। ਸਾਲ 2006 ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ 400ਵੇਂ ਸ਼ਹੀਦੀ ਦਿਹਾੜੇ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਉਨ੍ਹਾਂ ਨੂੰ ਸ਼੍ਰੋਮਣੀ ਸਾਹਿਤਕਾਰ ਪੁਰਸਕਾਰ ਨਾਲ ਨਿਵਾਜਿਆ ਗਿਆ।

ਪੁਲਿਸ ਸੇਵਾ ਤੋਂ ਬਾਅਦ ਲਾਲਪੁਰਾ ਜੀ ਨੇ ਸਿਆਸੀ ਅਤੇ ਸਮਾਜਿਕ ਖੇਤਰ ਵਿਚ ਸਰਗਰਮੀ ਨਾਲ ਕਦਮ ਰੱਖਿਆ। ਉਹ ਭਾਰਤੀ ਜਨਤਾ ਪਾਰਟੀ ਨਾਲ ਜੁੜੇ ਅਤੇ ਪਾਰਟੀ ਦੇ ਬੁਲਾਰੇ ਵਜੋਂ ਵੀ ਸੇਵਾਵਾਂ ਨਿਭਾਈਆਂ। ਉਨ੍ਹਾਂ ਦੇ ਕੀਤੇ ਮਹੱਤਵਪੂਰਨ ਯਤਨਾਂ ਨੇ ਸਿੱਖ ਭਾਈਚਾਰੇ ਦੇ ਮੁੱਦਿਆਂ ਨੂੰ ਰਾਸ਼ਟਰੀ ਪੱਧਰ 'ਤੇ ਉਠਾਉਣ ਅਤੇ ਉਨ੍ਹਾਂ ਨੂੰ ਮੁੱਖ ਧਾਰਾ ਵਿਚ ਲਿਆਉਣ ਵਿਚ ਮਦਦ ਕੀਤੀ। ਉਨ੍ਹਾਂ ਨੇ ਸਿੱਖ ਅਤੇ ਗੈਰ-ਸਿੱਖ ਭਾਈਚਾਰਿਆਂ ਵਿਚਕਾਰ ਏਕਤਾ ਅਤੇ ਸਮਝ ਦਾ ਪੁਲ ਬਣਾਉਣ ਵਿਚ ਵੀ ਅਹਿਮ ਭੂਮਿਕਾ ਨਿਭਾਈ। ਸਤੰਬਰ 2021 'ਚ ਭਾਰਤ ਸਰਕਾਰ ਵੱਲੋਂ ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਨੂੰ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦਾ ਚੇਅਰਮੈਨ ਨਿਯੁਕਤ ਕੀਤਾ ਗਿਆ। ਇਹ ਨਿਯੁਕਤੀ ਮੋਦੀ ਸਰਕਾਰ ਦੀਆਂ ਸਮਾਵੇਸ਼ੀ ਨੀਤੀਆਂ ਅਤੇ ਘੱਟ ਗਿਣਤੀ ਭਾਈਚਾਰਿਆਂ ਨੂੰ ਮਜ਼ਬੂਤੀ ਦੇਣ ਦੀ ਵਚਨਬੱਧਤਾ ਦਾ ਪ੍ਰਤੀਕ ਬਣੀ। ਇਸ ਅਹੁਦੇ 'ਤੇ ਉਨ੍ਹਾਂ ਨੇ ਸਿੱਖ, ਮੁਸਲਮਾਨ, ਈਸਾਈ ਆਦਿ ਘੱਟ ਗਿਣਤੀਆਂ ਦੇ ਅਧਿਕਾਰਾਂ, ਸਿੱਖਿਆ ਅਤੇ ਰੁਜ਼ਗਾਰ ਨਾਲ ਜੁੜੇ ਮੁੱਦਿਆਂ 'ਤੇ ਲਗਾਤਾਰ ਕੰਮ ਕੀਤਾ। ਖਾਸ ਤੌਰ 'ਤੇ ਸਿੱਖ ਭਾਈਚਾਰੇ ਦੀ ਵਿਰਾਸਤ ਦੀ ਸੰਭਾਲ, ਧਾਰਮਿਕ ਸਥਾਨਾਂ ਦੇ ਵਿਕਾਸ ਅਤੇ ਨੌਜਵਾਨਾਂ ਦੀ ਉੱਨਤੀ ਲਈ ਉਨ੍ਹਾਂ ਨੇ ਵਿਸ਼ੇਸ਼ ਧਿਆਨ ਦਿੱਤਾ। ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਦੇ ਚੇਅਰਮੈਨ ਵਜੋਂ ਲਾਲਪੁਰਾ ਜੀ ਨੇ ਸਿੱਖ ਭਾਈਚਾਰੇ ਦੇ ਧਾਰਮਿਕ ਸਮਾਗਮਾਂ ਵਿਚ ਸਰਗਰਮ ਹਿੱਸਾ ਲਿਆ। ਸਾਲ 2023 ਵਿਚ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਦਿੱਲੀ ਵਿਚ ਆਯੋਜਿਤ ਸਮਾਗਮ ਵਿਚ ਉਨ੍ਹਾਂ ਨੇ ਸ਼ਮੂਲੀਅਤ ਕੀਤੀ ਅਤੇ ਸਿੱਖ ਸਿਧਾਂਤਾਂ ਦੀ ਪ੍ਰਸੰਗਿਕਤਾ 'ਤੇ ਚਾਨਣਾ ਪਾਇਆ। ਉਨ੍ਹਾਂ ਨੇ ਨਵੀਂ ਪੀੜ੍ਹੀ ਨੂੰ ਸਿੱਖਿਆ, ਸੇਵਾ ਅਤੇ ਵਿਰਾਸਤ ਨਾਲ ਜੋੜਨ ਲਈ ਲਗਾਤਾਰ ਪ੍ਰੇਰਿਤ ਕੀਤਾ। ਉਨ੍ਹਾਂ ਨੇ ਸੁਲਤਾਨਪੁਰ ਲੋਧੀ ਅਤੇ ਅੰਮ੍ਰਿਤਸਰ ਵਰਗੀਆਂ ਥਾਵਾਂ 'ਤੇ ਸਿੱਖ ਧਾਰਮਿਕ ਸਥਾਨਾਂ ਦੇ ਵਿਕਾਸ ਲਈ ਸਰਕਾਰੀ ਯਤਨਾਂ ਨੂੰ ਵੀ ਸਮਰਥਨ ਦਿੱਤਾ।

ਮੋਦੀ ਸਰਕਾਰ ਦੇ ਸੰਦਰਭ ਵਿਚ ਲਾਲਪੁਰਾ ਜੀ ਦੀ ਨਿਯੁਕਤੀ ਸਿੱਖ ਭਾਈਚਾਰੇ ਨੂੰ ਰਾਸ਼ਟਰੀ ਪੱਧਰ 'ਤੇ ਮਜ਼ਬੂਤ ਨੁਮਾਇੰਦਗੀ ਦੇਣ ਦੀ ਇੱਕ ਵੱਡੀ ਪਹਿਲ ਹੈ। ਸਰਕਾਰ ਵੱਲੋਂ ਕਰਤਾਰਪੁਰ ਸਾਹਿਬ ਕਾਰੀਡੋਰ ਦੀ ਸਥਾਪਨਾ, ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਦੀ ਉਜਾਗਰਤਾ ਅਤੇ ਗੁਰੂ ਤੇਗ ਬਹਾਦਰ ਜੀ ਦੇ 400ਵੇਂ ਪ੍ਰਕਾਸ਼ ਪੁਰਬ ਵਰਗੀਆਂ ਪਹਿਲਕਦਮੀਆਂ ਵਿਚ ਲਾਲਪੁਰਾ ਜੀ ਨੇ ਸਰਗਰਮ ਭੂਮਿਕਾ ਨਿਭਾਈ। ਉਨ੍ਹਾਂ ਨੇ ਸਰਕਾਰ ਅਤੇ ਸਿੱਖ ਭਾਈਚਾਰੇ ਵਿਚਕਾਰ ਸੰਵਾਦ ਨੂੰ ਹੋਰ ਮਜ਼ਬੂਤ ਕਰਨ ਵਿਚ ਮਹੱਤਵਪੂਰਨ ਯੋਗਦਾਨ ਪਾਇਆ ਹੈ। ਲਾਲਪੁਰਾ ਜੀ ਨੇ ਸਿੱਖ ਸੱਭਿਆਚਾਰ ਦੀ ਸੰਭਾਲ ਅਤੇ ਪ੍ਰਚਾਰ ਲਈ ਲਗਾਤਾਰ ਯਤਨ ਕੀਤੇ ਹਨ। ਉਨ੍ਹਾਂ ਨੇ ਸਿੱਖ ਨੌਜਵਾਨਾਂ ਲਈ ਸਕਾਲਰਸ਼ਿਪ ਅਤੇ ਸਿੱਖਿਆ ਸਬੰਧੀ ਪ੍ਰੋਗਰਾਮਾਂ ਦਾ ਸਮਰਥਨ ਕੀਤਾ, ਤਾਂ ਜੋ ਉਹ ਆਪਣੀ ਵਿਰਾਸਤ ਨਾਲ ਜੁੜੇ ਰਹਿਣ ਅਤੇ ਉੱਨਤੀ ਕਰ ਸਕਣ। ਉਨ੍ਹਾਂ ਦੀ ਅਗਵਾਈ ਵਿਚ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਨੇ ਘੱਟ ਗਿਣਤੀ ਭਾਈਚਾਰਿਆਂ ਦੇ ਅਧਿਕਾਰਾਂ ਨੂੰ ਸੁਰੱਖਿਅਤ ਅਤੇ ਉਨ੍ਹਾਂ ਦੇ ਵਿਕਾਸ ਲਈ ਕਈ ਮਹੱਤਵਪੂਰਨ ਕਦਮ ਚੁੱਕੇ ਹਨ। ਲਾਲਪੁਰਾ ਜੀ ਹਮੇਸ਼ਾ ਇਸ ਗੱਲ 'ਤੇ ਜ਼ੋਰ ਦਿੰਦੇ ਰਹੇ ਹਨ ਕਿ ਉਨ੍ਹਾਂ ਦਾ ਉਦੇਸ਼ ਸਿੱਖ ਭਾਈਚਾਰੇ ਅਤੇ ਸਮੁੱਚੇ ਭਾਰਤ ਦੇ ਹਿੱਤ ਵਿਚ ਕੰਮ ਕਰਨਾ ਹੈ। ਉਨ੍ਹਾਂ ਨੇ ਸੰਵਾਦ ਅਤੇ ਸਹਿਯੋਗ ਦੇ ਰਾਹ ਰਾਹੀਂ ਸਬੰਧਾਂ ਨੂੰ ਹੋਰ ਬਿਹਤਰ ਬਣਾਉਣ ਦੀਆਂ ਕੋਸ਼ਿਸ਼ਾਂ ਜਾਰੀ ਰੱਖੀਆਂ ਹਨ।

ਸਰਦਾਰ ਇਕਬਾਲ ਸਿੰਘ ਲਾਲਪੁਰਾ ਜੀ ਦਾ ਜੀਵਨ ਇੱਕ ਸਮਰਪਿਤ ਅਧਿਕਾਰੀ, ਸਮਾਜ ਸੇਵਕ ਅਤੇ ਸਿੱਖ ਵਿਦਵਾਨ ਦੀ ਮਿਸਾਲ ਹੈ। ਉਨ੍ਹਾਂ ਨੇ ਪੁਲਿਸ ਸੇਵਾ ਤੋਂ ਲੈ ਕੇ ਰਾਸ਼ਟਰੀ ਘੱਟ ਗਿਣਤੀ ਕਮਿਸ਼ਨ ਤੱਕ ਹਰ ਖੇਤਰ ਵਿਚ ਆਪਣੀ ਛਾਪ ਛੱਡੀ ਹੈ। ਉਨ੍ਹਾਂ ਦੀਆਂ ਸੇਵਾਵਾਂ ਨੇ ਸਿੱਖ ਭਾਈਚਾਰੇ ਨੂੰ ਰਾਸ਼ਟਰੀ ਮੁੱਖ ਧਾਰਾ ਵਿਚ ਮਜ਼ਬੂਤੀ ਨਾਲ ਜੋੜਿਆ ਹੈ ਅਤੇ ਮੋਦੀ ਸਰਕਾਰ ਦੀਆਂ ਸਮਾਵੇਸ਼ੀ ਨੀਤੀਆਂ ਨੂੰ ਹੋਰ ਉਪਰ ਉਠਾਇਆ ਹੈ। ਭਵਿੱਖ ਵਿਚ ਵੀ ਉਨ੍ਹਾਂ ਦੀ ਅਗਵਾਈ ਭਾਰਤ ਅਤੇ ਸਿੱਖ ਭਾਈਚਾਰੇ ਲਈ ਲਾਭਦਾਇਕ ਸਾਬਤ ਹੋਵੇਗੀ।

# ਕੀ ਇਹੀ ਕਾਰਨ ਹੈ ਕਿ ਕੁਝ ਪਰਿਵਾਰਾਂ ਵਿਚ ਸਾਰੇ ਮੁੰਡੇ ਹੁੰਦੇ ਹਨ?


ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA

ਦੁਨੀਆਂ ਭਰ ਦੇ ਬਹੁਤ ਸਾਰੇ ਪਰਿਵਾਰਾਂ ਵਿਚ, ਲੋਕ ਅਕਸਰ ਇੱਕ ਦਿਲਚਸਪ ਪੈਟਰਨ ਦੇਖਦੇ ਹਨ, ਕੁਝ ਪਰਿਵਾਰਾਂ ਵਿਚ ਜ਼ਿਆਦਾਤਰ ਜਾਂ ਸਾਰੇ ਮੁੰਡੇ ਹੀ ਹੁੰਦੇ ਹਨ, ਜਦੋਂਕਿ ਦੂਜਿਆਂ ਵਿਚ ਜ਼ਿਆਦਾਤਰ ਕੁੜੀਆਂ ਹੁੰਦੀਆਂ ਹਨ। ਇਸ ਨਿਰੀਖਣ ਨੇ ਉਤਸੁਕਤਾ, ਮਿੱਥਾਂ ਅਤੇ ਕਈ ਵਾਰ ਸੱਭਿਆਚਾਰਕ ਵਿਸ਼ਵਾਸਾਂ ਨੂੰ ਵੀ ਜਨਮ ਦਿੱਤਾ ਹੈ ਕਿ ਅਜਿਹਾ ਕਿਉਂ ਹੁੰਦਾ ਹੈ। ਹਾਲਾਂਕਿ, ਆਧੁਨਿਕ ਵਿਗਿਆਨ ਜੈਨੇਟਿਕਸ, ਸੰਭਾਵਨਾ ਅਤੇ ਜੀਵ-ਵਿਗਿਆਨ ਵਿਚ ਜੜ੍ਹਿਆ ਹੋਇਆ ਸਪੱਸ਼ਟ ਸਪੱਸ਼ਟੀਕਰਨ ਪ੍ਰਦਾਨ ਕਰਦਾ ਹੈ।

**ਲਿੰਗ ਨਿਰਧਾਰਨ ਦਾ ਮੂਲ ਵਿਗਿਆਨ**

ਗਰਭਪਾਤ ਦੇ ਸਮੇਂ ਬੱਚੇ ਦਾ ਲਿੰਗ ਨਿਰਧਾਰਤ ਕੀਤਾ ਜਾਂਦਾ ਹੈ। ਮਨੁੱਖਾਂ ਵਿਚ ਦੋ ਤਰ੍ਹਾਂ ਦੇ ਸੈਕਸ ਕ੍ਰੋਮੋਸੋਮ ਹੁੰਦੇ ਹਨ: X ਅਤੇ Y। ਔਰਤਾਂ ਦੇ ਦੋ X ਕ੍ਰੋਮੋਸੋਮ (XX) ਹੁੰਦੇ ਹਨ, ਜਦੋਂ ਕਿ ਮਰਦਾਂ ਕੋਲ ਇੱਕ X ਅਤੇ ਇੱਕ Y ਕ੍ਰੋਮੋਜ਼ੋਮ (XY) ਹੁੰਦਾ ਹੈ।

ਪ੍ਰਜਨਨ ਦੌਰਾਨ, ਮਾਂ ਦੇ ਅੰਡੇ ਵਿਚ ਹਮੇਸ਼ਾ ਇੱਕ X ਕ੍ਰੋਮੋਸੋਮ ਹੁੰਦਾ ਹੈ, ਜਦੋਂ ਕਿ ਪਿਤਾ ਦੇ ਸ਼ੁਕ੍ਰਾਣੂ ਵਿਚ ਜਾਂ ਤਾਂ X ਜਾਂ Y ਕ੍ਰੋਮੋਜ਼ੋਮ ਹੋ ਸਕਦਾ ਹੈ। ਜੇਕਰ X ਕ੍ਰੋਮੋਸੋਮ ਵਾਲਾ ਸ਼ੁਕ੍ਰਾਣੂ ਅੰਡੇ ਨੂੰ ਖਾਦ ਬਣਾਉਂਦਾ ਹੈ, ਤਾਂ ਬੱਚਾ ਇੱਕ ਕੁੜੀ (XX) ਹੋਵੇਗੀ। ਜੇਕਰ Y ਕ੍ਰੋਮੋਸੋਮ ਵਾਲਾ ਸ਼ੁਕ੍ਰਾਣੂ ਅੰਡੇ ਨੂੰ ਖਾਦ ਦਿੰਦਾ ਹੈ, ਤਾਂ ਬੱਚਾ ਇੱਕ ਮੁੰਡਾ (XY) ਹੋਵੇਗਾ।

ਇਸ ਪ੍ਰਕਿਰਿਆ ਨੂੰ ਅਕਸਰ ਪੁਨੇਟ ਸਕੁਏਅਰ ਵਜੋਂ ਜਾਣੇ ਜਾਂਦੇ ਜੈਨੇਟਿਕ ਵਿਚਾਰ ਦੀ ਵਰਤੋਂ ਕਰਕੇ ਸਮਝਾਇਆ ਜਾਂਦਾ ਹੈ, ਜੋ ਦਰਸਾਉਂਦਾ ਹੈ ਕਿ ਹਰੇਕ ਗਰਭ ਅਵਸਥਾ ਵਿਚ ਇੱਕ ਲੜਕਾ ਜਾਂ ਇੱਕ ਕੁੜੀ ਹੋਣ ਦੀ ਲਗਭਗ 50-50 ਸੰਭਾਵਨਾ ਹੁੰਦੀ ਹੈ।



## ਕੁਝ ਪਰਿਵਾਰਾਂ ਵਿਚ ਜ਼ਿਆਦਾਤਰ ਮੁੰਡੇ ਕਿਉਂ ਹੁੰਦੇ ਹਨ?

ਹਾਲਾਂਕਿ ਸਿਧਾਂਤ ਵਿਚ ਸੰਭਾਵਨਾ ਬਰਾਬਰ ਹੈ, ਅਸਲ-ਜੀਵਨ ਦੇ ਪਰਿਵਾਰ ਕਈ ਵਾਰ ਸਿਰਫ਼ ਮੌਕਾ ਕਾਰਨ ਪੈਟਰਨ ਦਿਖਾਉਂਦੇ ਹਨ। ਜਿਵੇਂ ਕਿ ਇੱਕ ਸਿੱਕਾ ਨੂੰ ਕਈ ਵਾਰ ਫਲਿੱਪ ਕਰਨ ਨਾਲ ਸਿਰਾਂ ਦੀ ਇੱਕ ਲੜੀ ਪੈਦਾ ਹੋ ਸਕਦੀ ਹੈ, ਇੱਕ ਪਰਿਵਾਰ ਵਿਚ ਕੁਦਰਤੀ ਤੌਰ 'ਤੇ ਲਗਾਤਾਰ ਕਈ ਮੁੰਡੇ ਹੋ ਸਕਦੇ ਹਨ।

ਹਾਲਾਂਕਿ, ਜੈਨੇਟਿਕਸ ਅਤੇ ਪ੍ਰਜਨਨ ਦਾ ਅਧਿਐਨ ਕਰਨ ਵਾਲੇ ਖੋਜਕਰਤਾਵਾਂ ਨੇ ਕੁਝ ਸੰਭਾਵਿਤ ਕਾਰਕਾਂ ਦਾ ਸੁਝਾਅ ਦਿੱਤਾ ਹੈ

## ਜੈਨੇਟਿਕ ਰੁਝਾਨ

ਕੁਝ ਵਿਗਿਆਨੀ ਮੰਨਦੇ ਹਨ ਕਿ ਕੁਝ ਮਰਦ ਐਕਸ-ਕੈਰਿੰਗ ਸਪਰਮ ਨਾਲੋਂ ਥੋੜ੍ਹਾ ਜ਼ਿਆਦਾ Y-ਕ੍ਰੋਮੋਸੋਮ 'ਚਾਰਿਅਰ ਸਪਰਮ ਪੈਦਾ ਕਰ ਸਕਦੇ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਉਸ ਪਰਿਵਾਰ ਵਿਚ ਮੁੰਡੇ ਹੋਣ ਦੀ ਸੰਭਾਵਨਾ ਵੱਧ ਸਕਦੀ ਹੈ।

## ਵਾਤਾਵਰਣ ਅਤੇ ਜੈਵਿਕ ਕਾਰਕ

ਕੁਝ ਅਧਿਐਨਾਂ ਤੋਂ ਪਤਾ ਚੱਲਦਾ ਹੈ ਕਿ ਮਾਪਿਆਂ ਦੀ ਉਮਰ, ਤਣਾਅ ਦੇ ਪੱਧਰ, ਪੋਸ਼ਣ ਅਤੇ ਵਾਤਾਵਰਣ ਦੀਆਂ ਸਥਿਤੀਆਂ ਕੁਝ ਸ਼ੁਕ੍ਰਾਣੂਆਂ ਦੀ ਬਚਾਅ ਜਾਂ ਸਫਲਤਾ ਨੂੰ ਪ੍ਰਭਾਵਿਤ ਕਰ ਸਕਦੀਆਂ ਹਨ। ਹਾਲਾਂਕਿ, ਇਹ ਪ੍ਰਭਾਵ ਆਮ ਤੌਰ 'ਤੇ ਛੋਟੇ ਹੁੰਦੇ ਹਨ ਅਤੇ ਪੂਰੀ ਤਰ੍ਹਾਂ ਸਮਝੇ ਨਹੀਂ ਜਾਂਦੇ।

## ਸ਼ੁੱਧ ਸੰਭਾਵਨਾ

ਬਹੁਤ ਸਾਰੇ ਮਾਮਲਿਆਂ ਵਿਚ, ਸਭ ਤੋਂ ਸਰਲ ਵਿਆਖਿਆ ਅੰਕੜਾਤਮਕ ਸੰਭਾਵਨਾ ਹੈ। 50-50 ਦੀ ਸੰਭਾਵਨਾ ਦੇ ਬਾਵਜੂਦ, ਪਰਿਵਾਰਾਂ ਲਈ ਇੱਕੋ ਲਿੰਗ ਦੇ ਕਈ ਬੱਚੇ ਹੋਣਾ ਪੂਰੀ ਤਰ੍ਹਾਂ ਆਮ ਗੱਲ ਹੈ।

### ਉਦਾਹਰਣ ਲਈ:

ਚਾਰ ਬੱਚਿਆਂ ਵਾਲਾ ਪਰਿਵਾਰ ਅੰਕੜਿਆਂ ਅਨੁਸਾਰ ਚਾਰ ਮੁੰਡਿਆਂ ਨਾਲ ਖਤਮ ਹੋ ਸਕਦਾ ਹੈ।

ਕਿਸੇ ਹੋਰ ਪਰਿਵਾਰ ਵਿਚ ਚਾਰ ਕੁੜੀਆਂ ਹੋ ਸਕਦੀਆਂ ਹਨ।

ਦੋਵੇਂ ਨਤੀਜੇ ਵਿਅਕਤੀਗਤ ਤੌਰ 'ਤੇ ਦੁਰਲੱਭ ਹੁੰਦੇ ਹਨ ਪਰ ਵੱਡੀ ਆਬਾਦੀ ਵਿਚ ਨਿਯਮਿਤ ਤੌਰ 'ਤੇ ਵਾਪਰਦੇ ਹਨ।

## ਸੱਭਿਆਚਾਰਕ ਵਿਸ਼ਵਾਸ ਅਤੇ ਗਲਤ ਧਾਰਨਾਵਾਂ

ਕੁਝ ਸਮਾਜਾਂ ਵਿਚ, ਲੋਕਾਂ ਨੇ ਖੁਰਾਕ, ਸਮਾਂ ਜਾਂ ਰਵਾਇਤੀ ਅਭਿਆਸਾਂ ਦੁਆਰਾ ਬੱਚੇ ਦੇ ਲਿੰਗ ਨੂੰ ਕੰਟਰੋਲ ਕਰਨ ਬਾਰੇ ਮਿੱਥਾਂ ਵਿਕਸਿਤ ਕੀਤੀਆਂ ਹਨ। ਹਾਲਾਂਕਿ, ਵਿਗਿਆਨਕ ਸਬੂਤ ਦਰਸਾਉਂਦੇ ਹਨ ਕਿ ਕੋਈ ਵੀ ਭਰੋਸੇਮੰਦ ਕੁਦਰਤੀ ਤਰੀਕਾ ਬੱਚੇ ਦੇ ਲਿੰਗ ਦੀ ਗਰੰਟੀ ਨਹੀਂ ਦੇ ਸਕਦਾ।

ਇਹ ਵੀ ਯਾਦ ਰੱਖਣਾ ਜ਼ਰੂਰੀ ਹੈ ਕਿ ਮੁੰਡੇ ਅਤੇ ਕੁੜੀਆਂ ਦੋਵੇਂ ਬਰਾਬਰ ਕੀਮਤੀ ਹਨ। ਆਧੁਨਿਕ ਸਮਾਜ ਲਿੰਗ ਸਮਾਨਤਾ 'ਤੇ ਜ਼ੋਰ ਦਿੰਦੇ ਹਨ ਅਤੇ ਲਿੰਗ ਦੇ ਆਧਾਰ 'ਤੇ ਤਰਜੀਹਾਂ ਨੂੰ ਨਿਰਾਸ਼ ਕਰਦੇ ਹਨ।

## ਵਿਗਿਆਨ ਅਜੇ ਵੀ ਕੀ ਅਧਿਐਨ ਕਰਦਾ ਹੈ

ਵਿਗਿਆਨੀ ਇਸ ਗੱਲ ਦਾ ਅਧਿਐਨ ਕਰਦੇ ਰਹਿੰਦੇ ਹਨ ਕਿ ਜੈਨੇਟਿਕਸ, ਵਿਕਾਸ ਅਤੇ ਵਾਤਾਵਰਣਕ ਕਾਰਕਾਂ ਜਨਮ ਦੇ ਪੈਟਰਨਾਂ ਨੂੰ ਕਿਵੇਂ ਪ੍ਰਭਾਵਿਤ ਕਰਦੀਆਂ ਹਨ। ਕੁਝ ਖੋਜਾਂ ਇਹ ਵੀ ਪੜਚੋਲ ਕਰਦੀਆਂ ਹਨ ਕਿ ਕੀ ਕੁਝ ਪਰਿਵਾਰਕ ਲਾਈਨਾਂ ਵਿਚ ਕਈ ਪੀੜ੍ਹੀਆਂ ਦੌਰਾਨ ਇੱਕ ਲਿੰਗ ਪ੍ਰਤੀ ਮਾਮੂਲੀ ਰੁਝਾਨ ਹੁੰਦਾ ਹੈ।

ਹਾਲਾਂਕਿ, ਸਮੁੱਚੀ ਮਨੁੱਖੀ ਆਬਾਦੀ ਬਹੁਤ ਹੀ ਸੰਤੁਲਿਤ ਹੈ, ਦੁਨੀਆਂ ਭਰ ਵਿਚ ਹਰ 100 ਕੁੜੀਆਂ ਲਈ ਲਗਭਗ 105 ਮੁੰਡੇ ਪੈਦਾ ਹੁੰਦੇ ਹਨ।

### ਸਿੱਟਾ

ਕੁਝ ਪਰਿਵਾਰਾਂ ਵਿਚ ਸਾਰੇ ਮੁੰਡੇ ਹੋਣ ਦਾ ਕਾਰਨ ਆਮ ਤੌਰ 'ਤੇ ਕਿਸੇ ਵਿਸ਼ੇਸ਼ ਨਿਯਮ ਜਾਂ ਗੁਪਤ ਵਿਧੀ ਦੇ ਕਾਰਨ ਨਹੀਂ ਹੁੰਦਾ। ਇਹ ਜ਼ਿਆਦਾਤਰ ਜੈਨੇਟਿਕਸ ਅਤੇ ਸਾਧਾਰਨ ਸੰਭਾਵਨਾ ਦਾ ਨਤੀਜਾ ਹੈ। ਹਰੇਕ ਗਰਭ ਅਵਸਥਾ ਇੱਕ ਸੁਤੰਤਰ ਘਟਨਾ ਹੁੰਦੀ ਹੈ, ਜਿਸ ਵਿਚ ਲੜਕਾ ਜਾਂ ਕੁੜੀ ਪੈਦਾ ਕਰਨ ਦੀਆਂ ਲਗਭਗ ਬਰਾਬਰ ਸੰਭਾਵਨਾਵਾਂ ਹੁੰਦੀਆਂ ਹਨ।

ਲਿੰਗ ਨਿਰਧਾਰਨ ਦੇ ਪਿੱਛੇ ਵਿਗਿਆਨ ਨੂੰ ਸਮਝਣਾ ਮਿੱਥਾਂ ਨੂੰ ਦੂਰ ਕਰਨ ਵਿਚ ਮਦਦ ਕਰਦਾ ਹੈ ਅਤੇ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਰ ਬੱਚਾ ਇੱਕ ਕੀਮਤੀ ਤੋਹਫ਼ਾ ਹੈ।

# ਦੂਜਿਆਂ ਦੇ ਕੰਮ ਆਉਣ ਦਾ ਚਾਅ


-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA

ਉਹ ਬੰਦੇ ਮਰ ਕੇ ਵੀ ਮੌਤ ਨੂੰ ਜ਼ਿੰਦਗੀ ਦੇ ਜਾਂਦੇ ਹਨ, ਜਿਹੜੇ ਹੱਕ, ਸੱਚ ਤੇ ਇਨਸਾਫ ਲਈ ਆਪਾ ਵਾਰ ਜਾਂਦੇ ਹਨ। ਆਪਣੇ ਆਪ ਲਈ ਤਾਂ ਹਰ ਇਨਸਾਨ ਜੀਉਂਦਾ ਹੈ, ਪਰ ਮਹਾਨ ਮਨੁੱਖ ਉਹ ਹੁੰਦੇ ਹਨ, ਜਿਹੜੇ ਦੂਜਿਆਂ ਦੀ ਖਾਤਰ ਸ਼ਹਾਦਤ ਦਾ ਜਾਮ ਪੀ ਜਾਂਦੇ ਹਨ। ਉਨ੍ਹਾਂ ਸ਼ਹੀਦਾਂ ਦੀਆਂ ਮੜੀਆਂ 'ਤੇ ਸਦਾ ਹੀ ਮੇਲੇ ਲੱਗਦੇ ਹਨ, ਜਿਹੜੇ ਆਪਣੇ ਧਰਮ ਤੇ ਦੇਸ਼ ਦੀ ਖਾਤਰ ਸ਼ਹੀਦੀਆਂ ਪਾ ਜਾਂਦੇ ਹਨ। ਇਥੇ ਭੇਡਾਂ ਬੱਕਰੀਆਂ ਨੂੰ ਕਿਸੇ ਪੁੱਛਣਾ ਨਹੀਂ, ਨਾਂ ਉਨ੍ਹਾਂ ਦਾ ਹੀ ਧੰਨ ਅਪਾਰ ਹੁੰਦਾ ਹੈ, ਜਿਹੜੇ ਸਮਾਜ ਤੇ ਮਨੁੱਖਤਾ ਲਈ ਕੁਝ ਕਰ ਜਾਂਦੇ ਹਨ।

ਪਰ ਦੁੱਖ ਦੀ ਗੱਲ ਇਹ ਹੈ ਕਿ ਕੁਝ ਲੋਕ ਦੂਜਿਆਂ ਦੀ ਖਾਤਰ ਆਪਣਾ ਸਭ ਕੁਝ ਵਾਰ ਜਾਂਦੇ ਹਨ ਤੇ ਕੁਝ ਉਹ ਲੋਕ ਹਨ, ਜਿਹੜੇ ਆਪਣੇ ਆਪ ਲਈ ਦੂਜਿਆਂ ਦਾ ਸਭ ਕੁਝ ਨਸ਼ਟ ਕਰ ਜਾਂਦੇ ਹਨ, ਭਾਵ ਆਪਣੀ ਖੁਦਗਰਜ਼ੀ ਲਈ ਉਹ ਕੁਝ ਵੀ ਕਰ ਸਕਦੇ ਹਨ। ਦੁਨੀਆਂ ਵਿਚ ਜੋ ਕੁਝ ਵੀ ਮਾੜਾ ਜਾਂ ਚੰਗਾ ਹੋਇਆ ਹੈ, ਜੋ ਹੋ ਰਿਹਾ ਹੈ ਅਤੇ ਜਾਂ ਹੋਵੇਗਾ, ਉਹ ਚੰਗੇ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਅੱਜ ਦੁਨੀਆਂ ਵਿਚ ਜੋ ਕੁਝ ਵੀ ਚੰਗਾ ਹੈ, ਉਹ ਚੰਗੇ ਬੰਦਿਆਂ ਕਰਕੇ ਹੀ ਹੋਇਆ ਹੈ ਅਤੇ ਜੋ ਮਾੜਾ ਹੈ ਉਹ ਮਾੜੇ ਬੰਦਿਆਂ ਕਰਕੇ ਹੀ ਹੋਇਆ ਹੈ। ਜਿਵੇਂ ਸਮਾਜ ਵਿਚ ਸੱਚ, ਇਨਸਾਫ, ਆਜ਼ਾਦੀ, ਖੁਸ਼ਹਾਲੀ, ਅਮਨ ਹੈ, ਤਾਂ ਇਹ ਸਭ ਕੁਝ ਚੰਗੇ ਬੰਦਿਆਂ ਕਰਕੇ ਹੀ ਹੈ। ਜਿਨ੍ਹਾਂ ਲੋਕਾਂ ਨੂੰ ਅਸੀਂ ਮਾਨਵਵਾਦੀ ਤੇ ਨੈਤਿਕਤਾਵਾਦੀ, ਭਾਵ ਪਰਉਪਕਾਰੀ ਆਖਦੇ ਹਾਂ। ਇਸਦੇ ਉਲਟ ਜੋ ਕੁਝ ਵੀ ਸਮਾਜ ਵਿਚ ਮਾੜਾ ਵਾਪਰ ਰਿਹਾ ਹੈ, ਉਹ ਮਾੜੇ ਬੰਦਿਆਂ ਕਰਕੇ ਹੀ ਹੈ। ਜਿਵੇਂ ਕਤਲੋਗਾਰਤ, ਲੁੱਟ-ਖਸੁੱਟ, ਬਲਾਤਕਾਰ, ਭ੍ਰਿਸ਼ਟਾਚਾਰ, ਬੇਈਮਾਨੀ, ਬਦਅਮਨੀ। ਇਹ ਸਭ ਕੁਝ ਆਰੰਭ ਤੋਂ ਹੀ ਬਦੀ-ਨੇਕੀ ਦੀ ਲੜਾਈ ਚਲਦੀ ਆ ਰਹੀ ਹੈ। ਜੇਕਰ ਇਸ ਸੰਸਾਰ ਵਿਚ ਮਾੜੇ ਬੰਦੇ ਨਾ ਹੁੰਦੇ ਅਤੇ ਚੰਗੇ ਬੰਦੇ ਹੀ ਹੁੰਦੇ, ਤਾਂ ਅੱਜ ਦੀ ਦੁਨੀਆਂ ਕੁਝ ਹੋਰ ਹੀ ਹੁੰਦੀ, ਭਾਵ ਇਹ ਦੁਨੀਆਂ ਸਵਰਗ ਹੁੰਦੀ, ਜਿਸ ਵਿਚ ਹਰ ਇੱਕ ਨੂੰ ਕੁੱਲੀ, ਗੱਲੀ ਤੇ ਜੁੱਲੀ, ਇਨਸਾਨ ਆਜ਼ਾਦੀ, ਬਰਾਬਰਤਾ, ਸਾਂਝੀਵਾਲਤਾ, ਅਮਨ, ਸ਼ਾਂਤੀ ਤੇ ਖੁਸ਼ਹਾਲੀ ਪ੍ਰਾਪਤ ਹੁੰਦੀ ਪਰ ਅਜਿਹਾ ਹੋਣਾ ਸੌਖੀ ਗੱਲ ਨਹੀਂ ਹੈ, ਭਾਵ ਇੱਕ ਮਨੁੱਖ ਪੂਰਨ ਮਨੁੱਖ ਹੋਣਾ ਬਹੁਤ ਔਖਾ ਹੈ।

ਹਜ਼ਾਰਾਂ ਸਾਲ ਰੋਤੀ ਹੈ ਨਰਗਿਸ ਅਪਨੀ ਬੇਨੂਰੀ ਪੇ

ਬੜੀ ਮੁਸ਼ਕਲ ਸੇ ਹੋਤਾ ਹੈ ਚਮਨ ਮੇਂ ਦੀਦਾਵਰ ਪੈਦਾ।

ਗੁਰਬਾਣੀ ਵਿਚ ਵੀ ਮਨੁੱਖਾਂ ਦੀਆਂ ਦੋ ਵੱਡੀਆਂ ਕਿਸਮਾਂ ਦੱਸੀਆਂ ਗਈਆਂ ਹਨ, ਜਿਵੇਂ ਮਨਮੁਖ ਤੇ ਗੁਰਮੁਖਿ, ਭਾਵ ਕਿਰਦਾਰ ਪੱਖੋਂ ਚੰਗੇ ਤੇ ਮਾੜੇ ਮਨੁੱਖ, ਜਿਨ੍ਹਾਂ ਦਾ ਸੰਬੰਧ ਬਦੀ ਤੇ ਨੇਕੀ ਨਾਲ ਹੈ, ਜਿਸ ਨੂੰ ਅਸੀਂ ਅੰਗਰੇਜ਼ੀ ਵਿਚ Evel ਤੇ Good ਆਖਦੇ ਹਾਂ। ਹੁਣ ਜੇਕਰ ਮਾੜਿਆਂ ਬੰਦਿਆਂ ਭਾਵ ਮਨਮੁਖਾਂ ਦੀ ਲਿਸਟ ਬਣਾਈ ਜਾਵੇ, ਤਾਂ ਇਸ ਵਿਚ ਮੁੱਖ ਤੌਰ 'ਤੇ ਇਹ ਹਨ - ਮੂਰਖ, ਅਗਿਆਨੀ, ਖੁਦਗਰਜ਼, ਈਰਖਾਵਾਦੀ, ਅਹੰਕਾਰੀ, ਦੁਸ਼ਟ, ਪਾਪੀ, ਪਾਖੰਡੀ, ਫਰੇਬੀ, ਪੱਖਪਾਤੀ ਅਤੇ ਅਕ੍ਰਿਤਘਣ।

ਇਨ੍ਹਾਂ ਵਿਚੋਂ ਮੂਰਖ ਅਗਿਆਨੀ ਤੇ ਬੇਸਮਝ ਮਨੁੱਖਾਂ ਨੇ ਮਨੁੱਖੀ ਘਾਣ ਇੰਨਾ ਨਹੀਂ ਕੀਤਾ, ਜਿਨ੍ਹਾਂ ਖੁਦਗਰਜ਼ ਭਾਵ ਸਵਾਰਥੀ ਤੇ ਪਾਖੰਡੀਆਂ ਨੇ ਕੀਤਾ ਹੈ। ਮਾੜਾ ਆਦਮੀ ਸਿੱਧਾ ਮਨੁੱਖ ਨੂੰ ਹਾਨੀ ਪਹੁੰਚਾਉਂਦਾ ਹੈ ਅਤੇ ਉਸਦਾ ਪਤਾ ਹੁੰਦਾ ਹੈ ਕਿ ਉਹ ਬੁਰਾ ਹੀ ਹੈ, ਉਸ ਉਪਰ ਆਦਮੀ ਵਿਸ਼ਵਾਸ ਨਹੀਂ ਕਰਦਾ। ਪਾਖੰਡੀ, ਅਖੌਤੀ ਤੇ ਭੇਖੀ ਮਨੁੱਖ ਲੁੱਕ ਕੇ ਸਮਾਜ ਨੂੰ ਹਾਨੀ ਪਹੁੰਚਾਉਂਦਾ ਹੈ। ਉਹ ਸ਼ਕਲ ਮੋਮਨਾ ਤੇ ਕਰਤੂਤਿ ਕਾਫਰਾਂ ਹੁੰਦਾ ਹੈ। ਇਹ ਲੋਕ ਸਮਾਜ



ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਇਹ ਲੋਕ ਮੂੰਹ ਦੇ ਮਿੱਠੇ ਤੇ ਦਿਲ ਦੇ ਮਾੜੇ ਹੁੰਦੇ ਹਨ। ਇਸੇ ਤਰ੍ਹਾਂ ਹੀ ਅਹੰਕਾਰੀ ਤੇ ਈਰਖਾਵਾਦੀ ਲੋਕ ਵੀ ਸਮਾਜ ਲਈ ਬਹੁਤ ਹਾਨੀਕਾਰਕ ਹੁੰਦੇ ਹਨ। ਅਹੰਕਾਰੀ ਮਨੁੱਖ ਸਮਾਜ ਵਿਚ ਘ੍ਰਿਣਾ ਤੇ ਬਦਅਮਨੀ ਉਤਪੰਨ ਕਰਦੇ ਹਨ, ਜਿਸ ਵਿਚੋਂ ਈਰਖਾ ਦਾ ਜਨਮ ਹੁੰਦਾ ਹੈ ਅਤੇ ਕਈ ਵਾਰੀ ਈਰਖਾ ਦੂਜੇ ਦੀ ਚੰਗਿਆਈ ਨੂੰ ਦੇਖਦੇ ਹੀ ਉਤਪੰਨ ਹੁੰਦੀ ਹੈ ਪਰ ਈਰਖਾ ਕਿਸੇ ਪ੍ਰਕਾਰ ਦੀ ਵੀ ਹੋਵੇ, ਬਹੁਤ ਭੈੜੀ ਹੈ। ਈਰਖਾਵਾਦੀ ਮਨੁੱਖ ਦੂਜੇ ਨੂੰ ਮਾੜਾ ਬਣਾਉਣ ਲਈ ਤੇ ਆਪ ਚੰਗਾ ਬਣਨ ਲਈ ਪਤਾ ਨਹੀਂ ਕੀ-ਕੀ ਪਾਪੜ ਵੇਲਦਾ ਹੈ।

ਇਸੇ ਤਰ੍ਹਾਂ ਹੀ ਦੁਸ਼ਟ ਤੇ ਪਾਪੀ ਲੋਕਾਂ ਨਾਲ ਵੀ ਇਤਿਹਾਸ ਭਰਿਆ ਪਿਆ ਹੈ, ਜਿਵੇਂ ਦੁਸ਼ਟ ਪਾਪੀ ਔਰੰਗਜ਼ੇਬ, ਚੰਗੇਜ਼ ਤੇ ਹਿਟਲਰ ਆਦਿ। ਵਰਤਮਾਨ ਸਮੇਂ ਵਿਚ ਭਾਰਤ ਦੀ 1947 ਦੀ ਵੰਡ, 1984 ਦਾ ਸਿੱਖਾਂ ਦਾ ਘੱਲੂਘਾਰਾ ਅਤੇ ਗੁਜਰਾਤ ਦਾ ਕਾਂਡ ਆਦਿ ਦੁਸ਼ਟ ਪਾਪੀ ਲੋਕਾਂ ਦੀ ਹੀ ਦੇਣ ਹੈ।

ਮਹਾਰਾਜਾ ਰਣਜੀਤ ਸਿੰਘ ਵਰਗੀ ਵਿਲੱਖਣ ਸ਼ਖਸੀਅਤ ਨੂੰ ਵੀ ਇਨ੍ਹਾਂ ਖੁਦਗਰਜ਼, ਗੱਦਾਰ ਤੇ ਪੱਥਰ ਦਿਲ ਲੋਕਾਂ ਨੇ ਨਹੀਂ ਬਖਸ਼ਿਆ ਅਤੇ ਸਿੱਖ ਰਾਜ ਦੇ ਪਤਨ ਦਾ ਕਾਰਣ ਵੀ ਅਜਿਹੇ ਲੋਕ ਸਿੱਧ ਹੋਏ। ਅਜਿਹੇ ਲੋਕਾਂ ਨੂੰ ਗੁਰੂ ਅਰਜਨ ਦੇਵ ਜੀ ਨੇ ਕਰਤੂਤਿ ਪਸੂ ਕੀ ਮਾਨਸ ਜਾਤਿ ਆਖਿਆ ਹੈ। ਖੁਦਗਰਜ਼ ਆਦਮੀਆਂ ਬਾਰੇ ਇੱਕ ਘਟਨਾ ਜਰਮਨੀ ਵਿਚ ਹਿਟਲਰ ਵੇਲੇ ਦੀ ਬੜੀ ਪ੍ਰਸਿੱਧ ਹੈ। ਜਦੋਂ ਹਿਟਲਰ ਲੋਕਾਂ ਤੇ ਅਕਹਿ ਤੇ ਅਸਹਿ ਅੱਤਿਆਚਾਰ ਕਰ ਰਿਹਾ ਸੀ, ਤਾਂ ਇਹ ਘਟਨਾਂ ਇੱਕ ਗਿਰਜਾਘਰ ਪਾਦਰੀ ਦੀ ਹੈ। ਹਿਟਲਰ ਨੇ ਯਹੂਦੀਆਂ 'ਤੇ ਅੱਤਿਆਚਾਰ ਕੀਤੇ। ਪਾਦਰੀ ਕਹਿਣ ਲੱਗਾ ਕਿ ਮੈਂ ਕਿਹੜਾ ਯਹੂਦੀ ਹਾਂ, ਮੈਨੂੰ ਕੀ ਹੈ? ਫਿਰ ਟਰੇਡ ਯੂਨੀਅਨਜ਼ ਨਾਲ ਵੀ ਅਜਿਹਾ ਹੋਇਆ। ਪਾਦਰੀ ਫਿਰ ਵੀ ਚੁੱਪ ਰਿਹਾ। ਫਿਰ ਕਮਿਊਨਿਸਟਾਂ 'ਤੇ ਅੱਤਿਆਚਾਰ ਹੋਏ ਅਤੇ ਪਾਦਰੀ ਦਾ ਕਹਿਣਾ ਸੀ ਕਿ ਮੈਂ ਕਿਹੜਾ ਕਮਿਊਨਿਸਟ ਹਾਂ, ਮੈਨੂੰ ਕੀ? ਸੋ ਮੈਨੂੰ ਕੀ ਗੱਲ ਬਹੁਤ ਭੈੜੀ ਹੈ। ਇਹ ਆਮ ਜ਼ਿੰਦਗੀ ਵਿਚ ਵੀ ਸੁਣਨ ਨੂੰ ਆਉਂਦੀ ਹੈ ਕਿ ਸਾਨੂੰ ਕੀ? ਇਹ ਇਸ ਤਰ੍ਹਾਂ ਦੀ ਜਿਵੇਂ ਘਰ ਲੱਗੇ ਤਾਂ ਅੱਗ, ਬਾਹਰ ਲੱਗੇ ਤਾਂ ਬਸੰਤਰ। ਇਹ ਲੋਕ ਜਦੋਂ ਜ਼ੁਲਮ ਹੁੰਦਾ ਹੈ, ਤਾਂ ਸ਼ੁਗਲ ਸਮਝਦੇ ਹਨ, ਪਰ ਜਦੋਂ ਆਪਣੀ ਵਾਰੀ ਆਉਂਦੀ ਹੈ, ਤਾਂ ਫਿਰ ਪਤਾ ਲੱਗਦਾ ਹੈ। ਇਸੇ ਤਰ੍ਹਾਂ ਇਸ ਪਾਦਰੀ ਨਾਲ ਹੋਈ। ਜਦੋਂ ਉਸ ਦੀ ਵਾਰੀ ਆਈ, ਤਾਂ ਉਸਦਾ ਕੋਈ ਵੀ ਨਹੀਂ ਰਿਹਾ ਸੀ, ਉਸ ਨੂੰ ਬਚਾਉਣ ਲਈ।

ਇਸ ਲਈ ਮਨੁੱਖ ਨੂੰ ਸੁਆਰਥੀ ਨਹੀਂ ਹੋਣਾ ਚਾਹੀਦਾ, ਸਗੋਂ ਹਮਦਰਦ, ਦਿਆਲੂ, ਕ੍ਰਿਪਾਲੂ, ਪਰਉਪਕਾਰੀ ਭਾਵ ਮਾਨਵਵਾਦੀ ਤੇ ਨੈਤਿਕਤਾਵਾਦੀ ਹੋਣਾ ਚਾਹੀਦਾ ਹੈ। Be humanitarian, ਦੂਜਿਆਂ ਦੇ ਦੁੱਖ ਨੂੰ ਆਪਣਾ ਦੁੱਖ ਸਮਝਣਾ ਚਾਹੀਦਾ ਹੈ। ਜਿੰਨੀ ਵੀ ਅਸੀਂ ਦੂਜਿਆਂ ਦੀ ਸਹਾਇਤਾ ਕਰ ਸਕਦੇ ਹਾਂ, ਕਰੀਏ। ਆਪਣੇ ਲਈ ਘੱਟ, ਦੂਜਿਆਂ ਲਈ ਜ਼ਿਆਦਾ ਜਿਊਣਾ ਸਿੱਖੋ। ਕੋਈ ਮਨੁੱਖ ਕਿਵੇਂ ਮਰਿਆ, ਪ੍ਰਸ਼ਨ ਇਹ ਨਹੀਂ, ਪ੍ਰਸ਼ਨ ਇਹ ਹੈ ਕਿ ਕੋਈ ਮਨੁੱਖ ਜੀਵਿਆ ਕਿਵੇਂ ਹੈ? ਦੂਜਿਆਂ ਨਾਲ ਅਜਿਹਾ ਵਤੀਰਾ ਕਰੋ, ਜਿਵੇਂ ਤੁਸੀਂ ਚਾਹੁੰਦੇ ਹੋ ਕਿ ਉਹ ਤੁਹਾਡੇ ਨਾਲ ਕਰਨ।

ਜਿਵੇਂ ਸ੍ਰੀ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ:

"ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ ॥"

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਓ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ ਤੇ ਈਰਖਾ ਦਾ ਤਿਆਗ ਕਰੋ। ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ। ਕਿਸੇ ਦੀ ਇੱਛਾ ਅਤੇ ਸ਼ਾਨ ਦੇ ਵਿਰੁੱਧ ਕੋਈ ਗੱਲ ਨਾ ਕਰੋ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ॥"

"ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ ॥"

"ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ ॥"

"ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ ॥"

ਮਨੁੱਖ ਨੂੰ ਬੁਰੇ ਕੰਮਾਂ ਤੋਂ ਬਚਣ ਲਈ ਰੱਬ ਦਾ ਡਰ, ਸਮਾਜ ਦੀ ਸ਼ਰਮ, ਇੱਜ਼ਤ ਤੇ ਅਣਖ ਦਾ ਖਿਆਲ ਰੱਖਣਾ ਚਾਹੀਦਾ ਹੈ।

# ਸੇਵਾ ਸੁਰਤਿ ਦੇ ਪਾਵਨ ਪੁੰਜ ਗੁਰੂ ਅਮਰਦਾਸ ਜੀ


-ਡਾ. ਸਤਿੰਦਰ ਪਾਲ ਸਿੰਘ

ਈ 1716, ਰਾਜਾਜੀਪੁਰਮ

ਲਖਨਊ - 226017

ਪੰਜਾਬ ਮੇਲ USA






ਗੁਰੂ ਅਮਰਦਾਸ ਸਾਹਿਬ ਮਨ ਦੀ ਪਰਮ ਨਿਰਮਲ ਅਵਸਥਾ ਦੇ ਅਦੁੱਤੀ ਪ੍ਰਤੀਕ ਸਨ, ਜਿੱਥੇ ਪੁੱਜ ਕੇ ਜੀਵਨ ਪ੍ਰਮਾਤਮਾ ਜਿਹਾ ਹੀ ਹੋ ਜਾਂਦਾ ਹੈ, ਕੋਈ ਭੇਦ ਨਹੀਂ ਰਹਿੰਦਾ। ਉਨ੍ਹਾਂ ਲਈ ਸੇਵਾ ਜੀਵਨ ਅਵਸਥਾ ਤੇ ਪ੍ਰਮਾਤਮਾ ਭਗਤੀ ਦਾ ਮਾਰਗ ਬਣ ਗਈ ਸੀ। ਇਸ ਅਵਸਥਾ ਨੂੰ ਕੋਈ ਵਿਰਲਾ ਹੀ ਪ੍ਰਾਪਤ ਕਰ ਸਕਿਆ ਹੈ ਕਿਉਂਕਿ ਸੰਸਾਰ ਅੰਦਰ ਰਹਿੰਦੀਆਂ ਵਿਕਾਰ ਤੇ ਮਾਇਆ ਦੇ ਬੰਧਨ ਮਨ ਨੂੰ ਕਠੋਰ ਬਣਾ ਦਿੰਦੇ ਹਨ। ਸਚ ਜੋ ਪ੍ਰਮਾਤਮਾ ਦਾ ਪ੍ਰਗਟ ਰੂਪ ਹੈ, ਦੂਰ ਹੁੰਦਾ ਜਾਂਦਾ ਹੈ। ਜੀਵਨ ਭਰਮਾਂ ਤੇ ਭਟਕਨ ਦਾ ਪ੍ਰਤੀਕ ਬਣ ਜਾਂਦਾ ਹੈ। ਪ੍ਰਮਾਤਮਾ ਦੀ ਮਿਹਰ ਹੀ ਇਸ ਹਨੇਰੇ ਭਰੀ ਅਵਸਥਾ ਤੋਂ ਉਭਾਰ ਕੇ ਚਾਨਣ ਵਿਚ ਲਿਆਉਣ 'ਚ ਸਹਾਈ ਹੁੰਦੀ ਹੈ। ਜੋ ਚਾਨਣ ਦੀ ਕਾਮਨਾ ਲੈ ਕੇ ਪ੍ਰਮਾਤਮਾ ਦੀ ਸ਼ਰਨ 'ਚ ਆਇਆ, ਪ੍ਰਾਮਤਮਾ ਨੇ ਸਦਾ ਹੀ ਉਸ ਦੀ ਲਾਜ ਰੱਖੀ ਹੈ। ਗੁਰੂ ਅਮਰਦਾਸ ਜੀ ਨੂੰ ਬਿਰਧ ਅਵਸਥਾ ਵਿਚ ਗੁਰੂ ਸ਼ਬਦ ਰਾਹੀਂ ਅੰਤਰ ਪ੍ਰੇਰਨਾ ਮਿਲੀ। 61 ਵਰ੍ਹਿਆਂ ਤੋਂ ਭਟਕਦਾ ਮਨ ਗੁਰੂ ਅੰਗਦ ਸਾਹਿਬ ਦੇ ਪ੍ਰੇਮ ਵਿਚ ਸਿੰਝ ਕੇ ਸ਼ਾਂਤ ਹੋ ਗਿਆ, ਮਨ ਨਿਰਮਲ ਤੇ ਸਹਿਜ ਹੋ ਗਿਆ।

ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ॥ (ਪੰਨਾ ੨੬)

ਮਨ ਦੀਆਂ ਤ੍ਰਿਸ਼ਨਾਵਾਂ, ਵਾਸਨਾਵਾਂ, ਸੋਚ ਤੇ ਭਰੋਸੇ ਨੂੰ ਕਦੇ ਵੀ ਥਿਰ ਨਹੀਂ ਹੋਣ ਦਿੰਦਿਆਂ। ਲੋਭ, ਕ੍ਰੋਧ, ਕਾਮ, ਮੋਹ ਵੱਸ ਜੀਵਨ ਕੂੜ ਕਿਰਿਆਵਾਂ ਨਾਲ ਭਰ ਜਾਂਦਾ ਹੈ। ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਮਨੁੱਖ ਦਾ ਭੇਖ ਭਾਵੇਂ ਧਰਮੀਆਂ ਵਾਲਾ ਹੁੰਦਾ ਹੈ ਪਰ ਮਨ ਕਪਟ ਨਾਲ ਭਰਿਆ ਹੁੰਦਾ ਹੈ। ਮਨੁੱਖ ਭੋਗ ਵਿਲਾਸ ਦੇ ਜਿੰਨੇ ਵੀ ਸਾਧਨ ਸੰਚਿਤ ਕਰ ਲਵੇ, ਵੱਡਾ ਰਾਜ ਪਾਟ ਕਾਇਮ ਕਰ ਲਵੇ ਪਰ ਵਾਹਿਗੁਰੂ ਦੀ ਕਿਰਪਾ ਬਿਨਾ ਸੁੱਖ ਤੋਂ ਦੂਰ ਰਹਿੰਦਾ ਹੈ। ਕਈ ਲੋਕ ਗ੍ਰੰਥ ਪੜ੍ਹ-ਪੜ੍ਹ ਕੇ ਗਿਆਨੀ, ਵਿਦਵਾਨ, ਸ੍ਰੇਸ਼ਟ ਧਰਮ ਚਰਚਾ ਕਰਨ ਲਾਇਕ ਤਾਂ ਹੋ ਜਾਂਦੇ ਹਨ, ਮਨ ਅੰਦਰ ਲੋਭ, ਵਿਕਾਰਾਂ ਕਾਰਨ ਭਰਮਦੇ ਰਹਿੰਦੇ ਹਨ ਤੇ ਜੀਵਨ ਨਿਹਫਲ ਕਰਦੇ ਹਨ। ਗੁਰੂ ਸਾਹਿਬ ਨੇ ਕਿਹਾ ਕਿ ਜਿਸ ਮਨ ਅੰਦਰ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ, ਉਹ ਸਹਿਜ ਹੀ ਪ੍ਰਮਾਤਮਾ ਦੇ ਹੁਕਮ ਅੰਦਰ ਆ ਜਾਂਦਾ ਹੈ। ਪ੍ਰਮਾਤਮਾ ਦੇ ਹੁਕਮ ਅੰਦਰ ਆਉਣਾ ਹੀ ਮਨ ਦੀ ਤਿਖ ਦਾ ਮਿੱਟ ਜਾਣਾ ਤੇ ਨਿਰਲੇਪ ਹੋ ਜਾਣਾ ਹੈ। ਗੁਰੂ ਅਮਰਦਾਸ ਜੀ ਲਗਾਤਾਰ 12 ਸਾਲ ਤੱਕ ਗੁਰੂ ਅੰਗਦ ਸਾਹਿਬ ਦੀ ਦਿਨ-ਰਾਤ ਸੇਵਾ ਵਿਚ ਰਤ ਰਹੇ। ਇਹ ਸੇਵਾ ਬਹੁਤ ਹੀ ਕਠਿਨ ਸੀ। ਉਨ੍ਹਾਂ ਨੂੰ ਲੋਕ ਉਪਹਾਸ ਦਾ ਪਾਤਰ ਵੀ ਬਣਨਾ ਪਿਆ। ਨਿਤ ਵਿਘਨ ਵੀ ਆਉਂਦੇ ਰਹੇ। ਪਰ ਗੁਰੂ ਅਮਰਦਾਸ ਜੀ ਕਦੇ ਵੀ, ਖਿਨ ਮਾਤਰ ਵੀ ਵਿਚਲਿਤ ਨਾ ਹੋਏ। ਗੁਰੂ ਅੰਗਦ ਸਾਹਿਬ ਤੇ ਸਿੱਖ ਸੰਗਤ ਲਈ ਉਨ੍ਹਾਂ ਦਾ ਪ੍ਰੇਮ ਤੇ ਸਮਰਪਣ ਕਦੇ ਵੀ ਘੱਟ ਨਹੀਂ ਹੋਇਆ, ਸਗੋਂ ਵਧਦਾ ਹੀ ਗਿਆ। ਕਿਉਂਕਿ ਗੁਰ ਸ਼ਬਦ ਜ਼ਰੀਏ ਮਨ ਦੀ ਤਿਖ ਬੁੱਝ ਗਈ ਸੀ। ਮਨ ਅੰਦਰ ਸਹਿਜ ਸੀ ਤੇ ਬਾਹਰ ਵੀ ਸਹਿਜ ਹੀ ਪ੍ਰਗਟ ਹੋ ਰਿਹਾ ਸੀ। ਮਨ ਅੰਦਰ ਪੈਦਾ ਹੋਈ ਨਿਰਮਲ ਗੁਣਾਂ ਦੀ ਸ਼ਕਤੀ ਨੇ ਅਡੋਲ ਕਰ ਦਿੱਤਾ ਸੀ। ਕਹਿੰਦੇ ਹਨ ਕਿ ਗੁਰੂ ਅੰਗਦ ਸਾਹਿਬ ਹਰ ਸਾਲ਼ ਆਪਣੇ ਸਿੱਖਾਂ ਦੀ ਸੇਵਾ ਤੇ ਭਗਤੀ 'ਤੇ ਪ੍ਰਸੰਨ ਹੋ ਸਿਰੋਪਾ ਵੰਡਿਆ ਕਰਦੇ ਸਨ। ਗੁਰੂ ਅਮਰਦਾਸ ਜੀ ਉਸ ਸਿਰੋਪੇ ਨੂੰ ਕਦੇ ਵੀ ਸਿਰ ਤੋਂ ਨਾ ਉਤਾਰਦੇ ਤੇ ਉੱਪਰ ਮੁੜਾਸਾ ਬੰਨ ਲੈਂਦੇ ਸਨ। ਲੋਕ ਉਨ੍ਹਾਂ ਬਾਰੇ ਤਰ੍ਹਾਂ-ਤਰ੍ਹਾਂ ਦੀਆਂ ਗੱਲਾਂ ਕਰਦੇ ਪਰ ਆਪ ਸਦਾ ਸਹਿਜ ਰਹਿੰਦੇ। ਗੁਰਗੱਦੀ 'ਤੇ ਵਿਰਾਜਮਾਨ ਹੋਣ ਤੱਕ ਆਪ ਦੇ ਸਿਰ 'ਤੇ 12 ਸਿਰੋਪੇ ਬੰਨ੍ਹੇ ਜਾ ਚੁੱਕੇ ਸਨ। ਇਹ ਲੋਕਾਂ ਨੂੰ ਵੱਡਾ ਭਾਰ ਲੱਗਦਾ ਸੀ ਪਰ ਗੁਰੂ ਅਮਰਦਾਸ ਸਾਹਿਬ ਲਈ ਇਹ ਆਨੰਦ ਤੇ ਮਾਨ ਦੀ ਪੰਡ ਸੀ। ਲੋਕਾਂ ਦੇ ਤਾਹਨੇ ਉਨ੍ਹਾਂ ਦੇ ਸਹਿਜ ਮਨ ਦੇ ਨੇੜੇ ਵੀ ਨਾ ਆ ਪਾਉਂਦੇ। ਆਪ ਜਾਣਦੇ ਸਨ ਕਿ ਹੰਕਾਰ ਹੀ ਮਨ ਦੀ ਅਵਸਥਾ ਭੰਗ ਕਰਨ ਵਾਲਾ ਹੈ। ਹੰਕਾਰੀ ਮਨ ਦੀ ਭਗਤੀ ਪ੍ਰਵਾਨ ਨਹੀ ਹੁੰਦੀ।

ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ॥ (ਪੰਨਾ ੫੬੦)

ਹੰਕਾਰ ਹੀ ਵਾਦ-ਵਿਵਾਦ ਤੇ ਕ੍ਰੋਧ ਦਾ ਜਨਕ ਹੈ। ਵਿਕਾਰ ਵਿਹੀਨ ਮਨ ਹੀ ਪ੍ਰਮਾਤਮਾ ਦੀ ਭਗਤੀ ਜੋਗ ਬਣਦਾ ਹੈ। ਗੁਰੂ ਅਮਰਦਾਸ ਸਾਹਿਬ ਦਾ ਜੀਵਨ ਇਸ ਦੀ ਸਰਵਸ੍ਰੇਸ਼ਟ ਮਿਸਾਲ ਸੀ। ਆਪ ਦਾ ਸਾਰਾ ਧਿਆਨ ਗੁਰੂ ਅੰਗਦ ਸਾਹਿਬ ਦੀ ਸੇਵਾ ਵਿਚ ਕੇਂਦ੍ਰਿਤ ਰਹਿੰਦਾ। ਕੋਈ ਕੀ ਕਹਿ ਰਿਹਾ ਹੈ, ਕੀ ਕਰ ਰਿਹਾ ਹੈ, ਇਹ ਆਪ ਦੀ ਸੋਚ ਦਾ ਵਿਸ਼ਾ ਕਦੇ ਵੀ ਨਾ ਬਣਿਆ। ਆਪ ਸਾਰਿਆਂ ਨੂੰ ਖਿਮਾ ਕਰਦੇ ਰਹੇ ਤੇ ਮਨ ਅੰਦਰ ਪ੍ਰਮਾਤਮਾ ਲਈ ਪ੍ਰੇਮ ਦੇ ਰਸ ਨੂੰ ਗੂੜ੍ਹਾ ਤੋਂ ਗੂੜ੍ਹਾ ਕਰਦੇ ਗਏ।

ਗੁਰਗੱਦੀ 'ਤੇ ਵਿਰਾਜਮਾਨ ਹੋਣ ਤੋਂ ਬਾਅਦ ਵੀ ਗੁਰੂ ਅਮਰਦਾਸ ਸਾਹਿਬ ਨੂੰ ਕਈ ਅਣਸੁਖਾਵੀਆਂ ਸਥਿਤੀਆਂ ਦੇ ਦਰਪੇਸ਼ ਹੋਣਾ ਪਿਆ ਪਰ ਆਪ ਦਾ ਸਹਿਜ ਸਦਾ ਬਣਿਆ ਰਿਹਾ। ਸਿੱਖ ਸੰਗਤਾਂ ਨੂੰ ਵੀ ਗੁਰੂ ਸਾਹਿਬ ਸਦਾ ਹੀ ਸਹਿਜ ਤੇ ਸਹਿਣਸ਼ੀਲ ਬਣੇ ਰਹਿਣ ਦੀ ਪ੍ਰੇਰਨਾ ਦਿੰਦੇ। ਗੁਰੂ ਅੰਗਦ ਸਾਹਿਬ ਦੇ ਹੁਕਮ ਅਨੁਸਾਰ ਗੁਰਗੱਦੀ 'ਤੇ ਆਸੀਨ ਹੋਣ ਤੋਂ ਬਾਅਦ ਆਪ ਗੋਇੰਦਵਾਲ ਸਾਹਿਬ ਆ ਗਏ ਸਨ। ਗੁਰੂ ਸਾਹਿਬ ਦੇ ਆਉਣ ਨਾਲ ਇਸ ਨਗਰ ਦੀ ਰੌਣਕ ਵੱਧ ਗਈ। ਜਨਜੀਵਨ ਬੜਾ ਹੀ ਆਨੰਦਮਈ ਸੀ। ਕੁੱਝ ਅਮੀਰ ਮੁਸਲਮਾਨ ਵੀ ਆ ਕੇ ਇੱਥੇ ਰਹਿਣ ਲੱਗ ਪਏ। ਉਨ੍ਹਾਂ ਅੰਦਰ ਗੁਰੂ ਸਾਹਿਬ ਦਾ ਆਦਰ ਮਾਣ ਵੇਖ ਕੇ ਈਰਖਾ ਪੈਦਾ ਹੋ ਗਈ। ਮੁਸਲਮਾਨਾਂ ਨੇ ਸਿੱਖਾਂ ਨੂੰ ਤੰਗ ਕਰਨਾ ਸ਼ੁਰੂ ਕਰ ਦਿੱਤਾ। ਸਿੱਖ ਜਦੋਂ ਗੁਰੂ ਘਰ ਦੇ ਲੰਗਰ ਲਈ ਪਾਣੀ ਲੈ ਕੇ ਆਉਂਦੇ, ਤਾਂ ਮੁਸਲਮਾਨਾਂ ਦੇ ਮੁੰਡੇ ਗੁਲੇਲਾਂ ਨਾਲ ਉਨ੍ਹਾਂ ਦੀਆਂ ਮਿੱਟੀ ਦੀਆਂ ਗਾਗਰਾਂ ਤੋੜ ਦਿੰਦੇ ਤੇ ਬਦਸਲੂਕੀ ਕਰਦੇ। ਸਿੱਖਾਂ ਨੇ ਗੁਰੂ ਸਾਹਿਬ ਨੂੰ ਸ਼ਿਕਾਇਤ ਕੀਤੀ। ਗੁਰੂ ਸਾਹਿਬ ਨੇ ਉਨ੍ਹਾਂ ਨੂੰ ਸ਼ਾਂਤ ਕਰਦਿਆਂ ਚਮੜੇ ਦੀਆਂ ਮਸ਼ਕਾਂ ਵਰਤਨ ਲਈ ਕਿਹਾ। ਮੁਸਲਮਾਨਾਂ ਦੇ ਬਦਦਿਮਾਗ ਮੁੰਡੇ ਤੀਰ ਮਾਰ ਕੇ ਮਸ਼ਕਾਂ ਨੂੰ ਵਿਨ੍ਹਣ ਲੱਗ ਪਏ। ਹੁਣ ਗੁਰੂ ਅਮਰਦਾਸ ਸਾਹਿਬ ਸਿੱਖਾਂ ਨੂੰ ਪਿੱਤਲ ਦੀਆਂ ਗਾਗਰਾਂ ਵਰਤਨ ਲਈ ਕਿਹਾ। ਹੰਕਾਰੇ ਮੁਸਲਮਾਨ ਮੁੰਡੇ ਪਿੱਤਲ ਦੀਆਂ ਗਾਗਰਾਂ ਨੂੰ ਪੱਥਰ ਮਾਰ ਕੇ ਡੇਗਣ ਲੱਗ ਪਏ। ਸਿੱਖਾਂ ਨੇ ਅੱਕ ਕੇ ਗੁਰੂ ਸਾਹਿਬ ਨੂੰ ਕਿਹਾ ਕਿ ਅਸੀਂ ਕਦੋਂ ਤੱਕ ਮੁਸਲਮਾਨਾਂ ਦੇ ਜ਼ੁਲਮ ਸਹਿਣ ਕਰਦੇ ਰਹਿਏ। ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਧਰਮੀਆਂ ਅੰਦਰ ਕਦੇ ਵੀ ਬਦਲੇ ਦੀ ਭਾਵਨਾ ਨਹੀਂ ਹੋਣੀ ਚਾਹੀਦੀ। ਸਦਾ ਸਬਰ, ਸੰਤੋਖ ਬਣਿਆ ਰਹਿਣਾ ਚਾਹੀਦੇ। ਸਿੱਖ ਸੰਗਤ ਗੁਰੂ ਸਾਹਿਬ ਦਾ ਹੁਕਮ ਮੰਨ ਸ਼ਾਂਤ ਰਹੀ। ਬਾਅਦ ਵਿਚ ਅਜਿਹੇ ਹਾਲਾਤ ਬਣੇ ਕਿ ਮੁਸਲਮਾਨਾਂ ਦੀ ਈਰਖਾ ਤੇ ਬਦਦਿਮਾਗੀ ਨੂੰ ਸੰਨਿਆਸੀਆਂ ਤੇ ਫੌਜੀਆਂ ਤੋਂ ਕਰਾਰਾ ਜਵਾਬ ਮਿਲਿਆ ਤੇ ਉਹ ਸਾਰੇ ਕੈਦ ਕਰ ਲਏ ਗਏ। ਉਨ੍ਹਾਂ ਦੇ ਘਰ ਮਿੱਟੀ ਵਿਚ ਮਿਲਾ ਦਿੱਤੇ ਗਏ। ਧਰਮੀ ਨੂੰ ਆਪਣਾ ਸਹਿਜ ਤੇ ਸੰਜਮ ਸਦਾ ਕਾਇਮ ਰੱਖਣਾ ਚਾਹੀਦੇ। ਇਹ ਉਸ ਦੀ ਭਗਤੀ ਦਾ ਅਹਿਮ ਹਿੱਸਾ ਹਨ।

ਸਤੁ ਸੰਤੋਖੁ ਪਤੁ ਕਰਿ ਝੋਲੀ ਜੋਗੀ ਅੰਮ੍ਰਿਤ ਨਾਮੁ ਭੁਗਤਿ ਪਾਈ॥

ਧਿਆਨ ਕਾ ਕਰਿ ਡੰਡਾ ਜੋਗੀ ਸਿੰਙੀ ਸੁਰਤਿ ਵਜਾਈ॥ ੨॥

ਮਨੁ ਦ੍ਰਿੜੁ ਕਰਿ ਆਸਣਿ ਬੈਸੁ ਜੋਗੀ ਤਾ ਤੇਰੀ ਕਲਪਣਾ ਜਾਈ॥

ਕਾਇਆ ਨਗਰੀ ਮਹਿ ਮੰਗਣਿ ਚੜਹਿ ਜੋਗੀ ਤਾ ਨਾਮੁ ਪਲੈ ਪਾਈ॥ ੩॥ (ਪੰਨਾ ੯੦੮)

ਪੁਰਾਤਨ ਕਾਲ ਵਿਚ ਆਪਣੇ ਧਰਮੀ ਹੋਣ ਦਾ ਪ੍ਰਮਾਣ ਦੇਣ ਲਈ ਖਾਸ ਭੇਖ ਧਾਰਨ ਕਰਦੇ ਸਨ। ਆਪਣੇ ਭੇਖ ਕਾਰਨ ਹੀ ਉਹ ਧਰਮੀ ਹੋਣ ਦਾ ਸਨਮਾਨ ਪ੍ਰਾਪਤ ਕਰਦੇ ਸਨ। ਗੁਰੂ ਅਮਰਦਾਸ ਜੀ ਨੇ ਵਚਨ ਕੀਤੇ ਕਿ ਭੇਖ ਨਹੀਂ, ਗੁਣ ਧਾਰਨ ਕਰਨਾ ਹੀ ਭਗਤੀ ਦਾ ਸੱਚਾ ਮਾਰਗ ਹੈ। ਜੋਗੀ ਆਪਣੇ ਹੱਥ ਵਿਚ ਇੱਕ ਭਿਖਿਆ ਦਾ ਪਾਤਰ ਰੱਖਦੇ ਸਨ, ਜਿਸ ਵਿਚ ਉਨ੍ਹਾਂ ਨੂੰ ਦਾਨ ਮਿਲਦਾ ਸੀ। ਗੁਰੂ ਸਾਹਿਬ ਨੇ ਕਿਹਾ ਕਿ ਸੱਚਾ ਪਾਤਰ, ਕਮੰਡਲ ਤਾਂ ਸਤ ਤੇ ਸੰਤੋਖ ਦਾ ਹੈ, ਜਿਸ ਵਿਚ ਨਾਮ ਦੀ ਅੰਮ੍ਰਿਤਮਈ ਦਾਤ ਪ੍ਰਾਪਤ ਹੁੰਦੀ ਹੈ। ਸਤ ਤੇ ਸੰਤੋਖ ਬਿਨਾ ਭਗਤੀ ਨਹੀਂ ਹੋ ਸਕਦੀ। ਮਨ ਵੀ ਤਾਂ ਹੀ ਟਿਕਦਾ ਹੈ। ਮਨ ਅੰਦਰ ਸੰਤੋਖ ਤੇ ਸਹਿਜ ਹੋਵੇ, ਤਾਂ ਹੀ ਸਾਰੇ ਭਰਮ ਜਾਂਦੇ ਹਨ। ਮਨ ਅੰਦਰ ਤਾਂ ਦਰਅਸਲ ਨਾਮ ਹੀ ਹੈ। ਮਨ ਪ੍ਰਮਾਤਮਾ ਦੀ ਭਾਵਨਾ ਲਈ ਹੀ ਹੈ। ਇਸ ਵਿਚ ਵਿਕਾਰਾਂ, ਮਾਇਆ ਲਈ ਕੋਈ ਜਗ੍ਹਾ ਨਹੀਂ ਹੈ। ਗੁਰੂ ਅਮਰਦਾਸ ਜੀ ਦੀ ਸਹਿਣਸ਼ੀਲਤਾ ਸੁਭਾਵਕ ਸੀ। ਸਹਿਜ, ਸੰਤੋਖ, ਸੰਜਮ ਬਿਨਾ ਪ੍ਰਮਾਤਮਾ ਦਾ ਨਾਮ ਨਹੀਂ ਜਪਿਆ ਜਾ ਸਕਦਾ। ਗੁਰੂ ਅਮਰਦਾਸ ਜੀ ਨੇ ਇਸ ਨੂੰ ਜੀਵਨ ਅੰਦਰ ਵਰਤ ਕੇ ਵਿਖਾਇਆ। ਆਪ ਨੂੰ ਜਦੋਂ ਗੁਰੂ ਅੰਗਦ ਸਾਹਿਬ ਨੇ ਗੁਰਗੱਦੀ ਬਖਸ਼ੀ ਤਾਂ ਉਨ੍ਹਾਂ ਦੇ ਪੁੱਤਰ ਦਾਸੂ ਜੀ ਤੇ ਦਾਤੂ ਜੀ ਬਹੁਤ ਨਾਰਾਜ਼ ਹੋਏ। ਇੱਕ ਵਾਰ ਕ੍ਰੋਧ ਨਾਲ ਭਰੇ ਦਾਤੂ ਜੀ ਨੇ ਗੁਰੂ ਅਮਰਦਾਸ ਜੀ ਨਾਲ ਬੇਅਦਬੀ ਦਾ ਵਿਉਹਾਰ ਕੀਤਾ ਤੇ ਉਨ੍ਹਾਂ ਦੇ ਆਸਨ 'ਤੇ ਬੈਠ ਗਏ। ਗੁਰੂ ਅਮਰਦਾਸ ਜੀ ਪੂਰੀ ਤਰ੍ਹਾਂ ਸ਼ਾਂਤ ਬਣੇ ਰਹੇ ਤੇ ਦਾਤੂ ਜੀ ਨੂੰ ਖਿਮਾ ਕਰ ਦਿੱਤਾ। ਸਹਿਣਸ਼ੀਲਤਾ ਜਿਹੇ ਗੁਣਾਂ ਕਾਰਨ ਹੀ ਗੁਰੂ ਅਮਰਦਾਸ ਜੀ ਨੂੰ ਭਗਤੀ ਤੇ ਗੁਰੂ ਦੀ ਕਿਰਪਾ ਪ੍ਰਾਪਤ ਹੋਈ। ਆਪ ਗੁਰਗੱਦੀ 'ਤੇ ਆਸੀਨ ਹੋਏ। ਭੱਟ ਸਾਹਿਬਾਨ ਨੇ ਤਾਂ ਆਪ ਅੰਦਰ ਪ੍ਰਤੱਖ ਪ੍ਰਮਾਤਮਾ ਦੇ ਦਰਸ਼ਨ ਕੀਤੇ "ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥" ਪ੍ਰਮਾਤਮਾ ਨੇ ਸ੍ਰਿਸ਼ਟੀ ਸਾਜ ਕੇ ਇਸ ਵਿਚ ਮਾਇਆ ਰਚਿ ਦਿੱਤੀ ਹੈ। ਪਾਪ, ਪੁੰਨ ਦਾ ਖੇਡ ਹੁੰਦਾ, ਉਹ ਸਹਿਜ ਭਾਵ ਨਾਲ ਵੇਖਦਾ ਰਹਿੰਦਾ ਹੈ। ਵਡਿਆਈ ਉਸ ਨੇ ਆਪਣੇ ਹੱਥ ਰੱਖੀ ਹੈ ਪਰ ਜਿਊਣ ਲਈ ਰਿਜ਼ਕ ਸਾਰਿਆਂ ਨੂੰ ਦੇ ਰਿਹਾ ਹੈ। ਅਜਿਹੀ ਹੀ ਸੀ ਗੁਰੂ ਅਮਰਦਾਸ ਸਾਹਿਬ ਦੀ ਵਡਿਆਈ।

**ਗੁਰੂ ਸਾਹਿਬ ਨੇ ਕਿਹਾ ਕਿ ਜਿਸ ਮਨ ਅੰਦਰ ਪ੍ਰਮਾਤਮਾ ਦੀ ਭਗਤੀ ਹੁੰਦੀ ਹੈ, ਉਹ ਸਹਿਜ ਹੀ ਪ੍ਰਮਾਤਮਾ ਦੇ ਹੁਕਮ ਅੰਦਰ ਆ ਜਾਂਦਾ ਹੈ। ਪ੍ਰਮਾਤਮਾ ਦੇ ਹੁਕਮ ਅੰਦਰ ਆਉਣਾ ਹੀ ਮਨ ਦੀ ਤਿਖ ਦਾ ਮਿੱਟ ਜਾਣਾ ਤੇ ਨਿਰਲੇਪ ਹੋ ਜਾਣਾ ਹੈ। ਗੁਰੂ ਅਮਰਦਾਸ ਜੀ ਲਗਾਤਾਰ 12 ਸਾਲ ਤੱਕ ਗੁਰੂ ਅੰਗਦ ਸਾਹਿਬ ਦੀ ਦਿਨ-ਰਾਤ ਸੇਵਾ ਵਿਚ ਰਤ ਰਹੇ। ਇਹ ਸੇਵਾ ਬਹੁਤ ਹੀ ਕਠਿਨ ਸੀ। ਉਨ੍ਹਾਂ ਨੂੰ ਲੋਕ ਉਪਹਾਸ ਦਾ ਪਾਤਰ ਵੀ ਬਣਨਾ ਪਿਆ। ਨਿਤ ਵਿਘਨ ਵੀ ਆਉਂਦੇ ਰਹੇ। ਪਰ ਗੁਰੂ ਅਮਰਦਾਸ ਜੀ ਕਦੇ ਵੀ, ਖਿਨ ਮਾਤਰ ਵੀ ਵਿਚਲਿਤ ਨਾ ਹੋਏ। ਗੁਰੂ ਅੰਗਦ ਸਾਹਿਬ ਤੇ ਸਿੱਖ ਸੰਗਤ ਲਈ ਉਨ੍ਹਾਂ ਦਾ ਪ੍ਰੇਮ ਤੇ ਸਮਰਪਣ ਕਦੇ ਵੀ ਘੱਟ ਨਹੀਂ ਹੋਇਆ, ਸਗੋਂ ਵਧਦਾ ਹੀ ਗਿਆ।**

## ਪਹਿਲੀ ਮਈ ਲਈ ਵਿਸ਼ੇਸ਼

# ਪਹਿਲੀ ਮਈ ! ਇਨਕਲਾਬੀ ਸੰਕਲਪ ਦੇ, ਇਤਿਹਾਸਕ ਵਿਰਸੇ ਨੂੰ ਯਾਦ ਰੱਖੀਏ !

## ਕਿਰਤੀ-ਵਰਗ ਅਮਨ ਚਾਹੁੰਦਾ ਹੈ, ਜੰਗ ਨਹੀਂ !


ਜਗਦੀਸ਼ ਸਿੰਘ ਚੋਹਕਾ
ਹੁਸ਼ਿਆਰਪੁਰ
91-9217997445
001-403-285-4208
ਪੰਜਾਬ ਮੇਲUSA




ਪਹਿਲੀ ਮਈ ਮਜ਼ਦੂਰ-ਦਿਵਸ ਦਾ ਦਵੰਦਾਤਮਕਵਾਦੀ ਇਤਿਹਾਸ ਦੁਨੀਆਂ ਦੇ ਕਿਰਤੀ-ਇਤਿਹਾਸ ਦੀਆਂ ਤਿੰਨ ਇਤਿਹਾਸਕ ਵਰ੍ਹੇਗੰਢਾਂ ਦੇ ਰਲੇਵੇਂ ਨਾਲ ਜੁੜਿਆ ਹੋਇਆ ਹੈ। ਪਹਿਲੀ ਇਤਿਹਾਸਕ ਘਟਨਾ ਦਾ ਸੰਬੰਧ ਮਈ-1886 ਨਾਲ ਹੈ, ਜਦੋਂ ਅਮਰੀਕਾ ਦੇ ਕਿਰਤੀਆਂ ਨੇ 8 ਘੰਟੇ ਦੇ ਕੰਮ-ਦਿਨ ਲਈ ਸੰਘਰਸ਼ ਵਿਢਿਆ ਸੀ। ਇਸ ਮੁਹਿੰਮ ਦਾ ਇਹ ਸਿਖਰ ਸੀ, ਜਦੋਂ ਉਸ ਵੇਲੇ ਦੇ ਪੂੰਜੀਪਤੀ-ਮਾਲਕਾਂ ਅਤੇ ਰਾਜਸਤਾ 'ਤੇ ਕਾਬਜ਼ ਪੂੰਜੀਪਤੀਆਂ ਦੀ ਮਿਲੀ-ਭੁਗਤ ਵਲੋਂ ਹੱਕ ਲਈ ਸੰਘਰਸ਼ ਕਰਦੇ ਕਿਰਤੀਆਂ ਨੂੰ ਦਬਾਉਣ ਲਈ ਸ਼ਿਕਾਗੋ ਸ਼ਹਿਰ ਵਿਖੇ ਹਾਕਮਾਂ ਅਤੇ ਉਸ ਦੀ ਜਾਬਰ ਪੁਲਿਸ ਨੇ ਗੋਲੀਆਂ ਚਲਾ ਕੇ ਕਿਰਤੀਆਂ ਨੂੰ ਸ਼ਹੀਦ ਕਰ ਦਿੱਤਾ ਸੀ। ਸਾਲ 1889 ਨੂੰ ਦੂਸਰੀ ਕੌਮਾਂਤਰੀ ਕਾਂਗਰਸ ਜਿਸ ਨੇ ਪਹਿਲੀ ਮਈ ਨੂੰ ਕੌਮਾਂਤਰੀ ਪੱਧਰ 'ਤੇ ਕਿਰਤੀਆਂ ਨਾਲ ਇਕਮੁੱਠਤਾ ਵਜੋਂ ਇਹ ਦਿਨ ਮਨਾਉਣ ਦਾ ਫੈਸਲਾ ਕੀਤਾ ਸੀ। ਤੀਸਰੀ ਵਰ੍ਹੇਗੰਢ ਸੰਬੰਧੀ 1890 ਨੂੰ ਉਪਰੋਕਤ ਫੈਸਲੇ ਅਨੁਸਾਰ ਕਈ ਦੇਸ਼ਾਂ ਨੇ ਪਹਿਲੀ ਮਈ ਨੂੰ ਮਜ਼ਦੂਰ ਦਿਵਸ ਵਜੋਂ ਮਨਾਉਣਾ ਸ਼ੁਰੂ ਕਰ ਦਿੱਤਾ ਸੀ। ਇਸ ਤਰ੍ਹਾਂ ਦੁਨੀਆਂ ਅੰਦਰ ਪਹਿਲੀ ਮਈ ਨੂੰ ਲੜਾਕੂ ਕਿਰਤੀ-ਰਵਾਇਤਾਂ ਨੂੰ, ਸਦਾ ਹੀ ਕਿਰਤੀਆਂ ਦੇ ਸਮਾਜਿਕ-ਆਰਥਿਕ ਅਤੇ ਰਾਜਸੀ ਹਿਤਾਂ ਲਈ ਉਪਜੇ ਸੰਘਰਸ਼ਾਂ ਦੀ ਪੂਰਤੀ ਵਜੋਂ ਅੱਗੇ ਵਧਾਉਣ ਲਈ ਅੱਜ ਵੀ ਇਨ੍ਹਾਂ ਨੂੰ ਯਕੀਨੀ ਤੇ ਸਦੀਵੀ ਤੌਰ 'ਤੇ ਹੱਕਾਂ ਲਈ ਯਾਦ ਕੀਤਾ ਜਾਂਦਾ ਹੈ।

ਮਨੁੱਖੀ ਸੰਸਾਰ ਅੰਦਰ ਅਨਿਆਏ, ਸੀਨਾ-ਜੋਰੀ ਅਤੇ ਜ਼ਬਰ ਵਿਰੁੱਧ ਸੰਘਰਸ਼ ਲਗਾਤਾਰ ਪਨਪਦਾ ਅਤੇ ਉਪਜਦਾ ਰਹਿੰਦਾ ਹੈ। ਆਦਿ ਤੋਂ ਹੀ ਉਜ਼ਰਤੀ-ਗੁਲਾਮੀ ਅਤੇ ਕਿਰਤੀ ਸ਼ੋਸ਼ਣ ਮਾਲਕ ਅਤੇ ਕਿਰਤੀ-ਵਰਗ ਵਿਚਕਾਰ ਮੁੱਢ-ਕਦੀਮ ਤੋਂ ਇਕ ਸਦੀਵੀਂ ਵਤੀਰਾ ਤੇ ਅੰਦੋਲਨ ਚਲਿਆ ਜਾ ਰਿਹਾ ਹੈ। ਭਾਵੇਂ ਇਹ ਅੰਦੋਲਨ ਕਈ ਵਾਰੀ ਅਚੇਤ ਹੁੰਦਾ ਹੈ ਅਤੇ ਕਈ ਵਾਰ ਸੁਚੇਤ ਰੂਪ ਰਾਹੀ ਸਾਹਮਣੇ ਵੀ ਆਉਂਦਾ ਹੈ। ਪਰ ਪਹਿਲੀ ਵਾਰ ਅਮਰੀਕਾ ਅੰਦਰ, ਦੱਖਣੀ ਰਾਜਾਂ ਦੇ ਵੱਡੇ ਭੂਮੀਪਤੀਆਂ ਵਲੋਂ ਸਿਆਹ-ਫ਼ਾਮ ਗੁਲਾਮਾਂ (ਕਾਲੇ ਲੋਕਾਂ) 'ਤੇ ਜਬਰ ਅਤੇ ਉਤਰੀ ਰਾਜਾਂ ਦੇ ਸਨਅਤਾਂ ਦੇ ਮਾਲਕ ਪੂੰਜੀਪਤੀਆਂ ਵੱਲੋਂ ਆਪਣੀ ਲੁੱਟ ਲਈ ਉਜ਼ਰਤੀ-ਕਿਰਤੀਆਂ ਦੀ ਗੁਲਾਮੀ ਨੂੰ ਸਦੀਵੀ ਬਣਾਉਣ 'ਤੇ ਕਾਇਮ ਰੱਖਣ ਲਈ ਇਹ ਇਕ ਆਪਣੀ ਵਰਗੀ-ਸੰਘਰਸ਼ ਦੇ ਰੂਪ ਵਿਚ ਅਜਿਹੀ ਟੱਕਰ ਸੀ। ਕਿਰਤੀ-ਵਰਗ ਦੇ ਸ਼ੋਸ਼ਣ ਲਈ, ਭੂਮੀਪਤੀਆਂ ਅਤੇ ਪੂੰਜੀਪਤੀਆਂ ਵਿਚਕਾਰ ਕਿਰਤੀ ਦੀ ਲੁੱਟ ਕਰਨ ਲਈ ਅਜਿਹੀ ਖਹਿ-ਬਾਜ਼ੀ ਦਾ ਉਤਪੰਨ ਹੋਣਾ ਵੀ ਇਕ ਹਾਂ-ਪੱਖੀ ਲਾਜ਼ਮੀ ਤਬਦੀਲੀ ਸੀ, ਜਿਸ ਨੇ ਚਾਲਕ ਸ਼ਕਤੀ ਨੂੰ ਵੀ ਜਨਮ ਦਿੱਤਾ। ਇਹ ਗੁਣਾਂਤਮਕ ਤਬਦੀਲੀ ਹੀ ਅੱਗੋਂ ਉਜ਼ਰਤੀ-ਕਿਰਤੀਆਂ ਦੇ ਚੰਗੇ ਜੀਵਨ ਲਈ, ਇਤਿਹਾਸਕ ਬਰਾਬਤਾ ਦੇ ਨਿਆਂ ਅਧੀਨ ਸਮਾਜਿਕ, ਆਰਥਿਕ ਤੇ ਰਾਜਨੀਤਿਕ ਖੇਤਰ ਅੰਦਰ, ਬਰਾਬਰਤਾ ਦੇ ਮਿਸ਼ਨ ਨੂੰ ਅੱਗੇ ਵਧਾਉਣ ਲਈ ਕਿਰਤੀ ਅੰਦੋਲਨਾਂ ਨੂੰ ਜਨਮ ਦੇਣ ਲਈ ਹੀ ਸਹਾਇਕ ਬਣੀ। ਜੋ ਆਰਥਿਕ ਗੁਲਾਮੀ ਵਿਰੁੱਧ ਇਹ ਇਕ ਪਹਿਲਾ ਇਨਕਲਾਬੀ ਕਦਮ ਸੀ, ਜਿਸ ਨੇ ਵਰਗ ਸੰਘਰਸ਼ ਨੂੰ ਤੇਜ਼ ਕੀਤਾ ਸੀ।

ਉਨ੍ਹੀਵੀਂ ਸਦੀ ਦੇ ਨੌਂਵੇਂ ਦਹਾਕੇ ਦੌਰਾਨ ਅਮਰੀਕਾ ਅੰਦਰ ਵਿਕਸਿਤ ਹੋ ਰਹੇ ਪੂੰਜੀਵਾਦੀ ਸਮਾਜ ਦੇ ਗਰਭ ਅੰਦਰ ਕਿਰਤੀ ਜਮਾਤ ਦੀਆਂ ਆਰਥਿਕ ਹਾਲਤਾਂ ਦਾ ਖਰਾਬ ਹੋਣਾ ਕੇਵਲ ਬੇਰੁਜ਼ਗਾਰੀ ਦਾ ਕਾਰਨ ਹੀ ਨਹੀਂ ਸੀ, ਸਗੋਂ ਹੋਰ ਕਾਰਨ ਵੀ ਸਨ। ਜਿਵੇਂ ਉਜਰਤਾਂ ਵਿਚ ਕਟੌਤੀ, ਕੰਮ ਦੀਆਂ ਹਾਲਤਾਂ ਦਾ ਖਰਾਬ ਹੋਣਾ, ਵਧੇਰੇ ਕਿਰਾਏ, ਮਾੜੀਆਂ ਰਿਹਾਇਸ਼ੀ ਹਾਲਤਾਂ, ਰੁਜ਼ਗਾਰ ਦੀ ਅਸਥਿਰਤਾ 'ਤੇ ਅਸਹਿ ਤੌਰ ਉਤੇ ਲੰਮੀਆਂ ਕੰਮ ਦੀਆਂ ਘੜੀਆਂ ਦਾ ਹੋਣਾ। ਉਸ ਸਮੇਂ ਨਾ ਤਾਂ ਸਮਾਜਵਾਦੀ ਲਹਿਰ ਏਨੀ ਤਕੜੀ ਸੀ, ਨਾ ਹੀ ਵਿਚਾਰਧਾਰਕ ਤੌਰ 'ਤੇ ਅਤੇ ਨਾ ਹੀ ਜੱਥੇਬੰਦਕ ਤੌਰ 'ਤੇ ਹੀ ਇਕ ਜਾਨ ਲਹਿਰ ਸੀ। ਕਿਰਤੀ ਤੇ ਟਰੇਡ ਯੂਨੀਅਨ ਲਹਿਰ ਨਾਲੋਂ ਨਿਖੜਕੇ ਸਮਾਜਵਾਦੀ ਲੇਬਰ ਪਾਰਟੀ ਕਿਰਤੀਆਂ ਨੂੰ ਰਾਜਸੀ ਤੌਰ ਉਤੇ ਸਿੱਖਿਆ ਦੇਣ ਅਤੇ ਉਨ੍ਹਾਂ ਵਿਚ ਸਮਾਜਵਾਦੀ ਚੇਤਨਾ ਭਰਨ ਲਈ ਵੀ ਬਹੁਤ ਕੁਝ ਵੀ ਨਾ ਕਰ ਸਕੀ। ਇਸ ਦਾ ਹਵਾਲਾ ਅਲਬਰਟ ਪਾਰਸਨਜ਼ ਵੱਲੋਂ ਜੀਵਨ ਦੇ ਆਖਰੀ ਵਰ੍ਹੇ ਲਿਖੀ "ਅਰਾਜਕਤਾਵਾਦ" ਇਸ ਦਾ ਸਿਧਾਂਤ 'ਤੇ ਇਸ ਦਾ ਵਿਗਿਆਨਕ ਅਧਾਰ ਜੋ 27 ਅਕਤੂਬਰ, 1887 ਨੂੰ ਜੇਲ੍ਹ ਦੌਰਾਨ ਲਿਖੀ ਅਮਰੀਕਾ ਅੰਦਰ ਪੂੰਜੀਵਾਦ ਦਾ ਵਿਕਾਸ ਅਤੇ ਸਨਅਤੀ ਕਿਰਤੀ ਜਮਾਤ ਦੇ ਪਸਾਰ ਨੂੰ ਦਵੰਦਾਤਮਕ ਪਦਾਰਥਵਾਦ ਦੀ ਦ੍ਰਿਸ਼ਟੀ ਵਜੋਂ ਰੂਪਮਾਨ ਕਰਦੇ ਹੋਏ ਪੇਸ਼ ਕੀਤਾ ਗਿਆ ਸੀ। ਉਸ ਸਮੇਂ ਕਿਰਤੀ ਲਹਿਰਾਂ ਤੇ ਰੋਸ ਸਾਰੇ ਅਮਰੀਕਾ ਅੰਦਰ ਫੈਲ ਰਿਹਾ ਸੀ।

ਸ਼ਿਕਾਗੋ, ਮਈ 1886 ਦੇ ਕਾਂਡ ਤੋਂ ਪਹਿਲਾ ਅਪ੍ਰੈਲ ਦੇ ਅਖੀਰ ਤੱਕ ਬਹੁਤ ਸਾਰੀਆਂ ਕਿਰਤੀ ਜੱਥੇਬੰਦੀਆਂ ਨੇ 8 ਘੰਟੇ ਕੰਮ-ਦਿਨ ਜਾਂ ਆਮ ਤੌਰ 'ਤੇ ਕੰਮ-ਦਿਨ ਨੂੰ ਛੋਟਾ ਕਰਨ ਦੀ ਮੰਗ ਉਠਾਈ। ਪਹਿਲੀ ਮਈ ਨੂੰ ਹੀ ਦਸ-ਹਜ਼ਾਰ ਤੋਂ ਵੱਧ ਕਿਰਤੀਆਂ ਨੇ ਹੜਤਾਲ ਕਰ ਦਿੱਤੀ। ਕੁਝ ਕੰਪਨੀਆਂ ਨੇ ਰਿਆਇਤਾਂ ਵੀ ਦਿੱਤੀਆਂ, ਪਰ ਸੰਘਰਸ਼ ਜਾਰੀ ਰਿਹਾ। 3 ਮਈ ਨੂੰ ਸ਼ਹਿਰ ਵਿਆਪੀ ਮੁਜ਼ਾਹਰਾ ਹੋਣ ਵਾਲਾ ਸੀ। ਮੁਜ਼ਾਹਰੇ ਸਮੇਂ ਪੁਲਿਸ ਨੇ ਹਥਿਆਰਾਂ ਦੀ ਵਰਤੋਂ ਕੀਤੀ। ਕਈ ਕਿਰਤੀ ਸ਼ਹੀਦ ਹੋ ਗਏ। ਅਗਲੇ ਦਿਨ ਰੋਸ ਵਜੋਂ ਕਿਰਤੀ ਗੁੱਸੇ 'ਚ ਆਮ-ਹੜਤਾਲ ਦੀ ਤਿਆਰੀ ਕਰ ਰਹੇ ਸਨ। ਪੁਲਿਸ ਨੇ ਕਿਰਤੀਆਂ 'ਤੇ ਹਮਲਾ ਕਰ ਦਿੱਤਾ ਤੇ ਫੌਜ ਨੇ ਗੋਲੀ ਚਲਾ ਦਿੱਤੀ। ਕਈ ਕਿਰਤੀ ਸ਼ਹੀਦ ਹੋ ਗਏ। ਚਾਰ ਮਈ, 1886 ਨੂੰ ਸ਼ਾਮ ਦੇ 7 ਵਜੇ ਦੋ-ਤਿੰਨ ਹਜ਼ਾਰ ਦੇ ਵਿਚਕਾਰ ਕਿਰਤੀ "ਹੇਅ ਮਾਰਕਿਟ ਚੌਂਕ" ਵਿਚ ਇਕੱਠੇ ਹੋਏ। ਕਿਰਤੀ ਆਗੂ ਸਪਾਈਜ਼, ਪਾਰਸਨਜ਼ ਤੇ ਫੀਲਡਨ ਨੇ ਅਧਿਕਾਰੀਆਂ 'ਤੇ ਮਿਲ ਮਾਲਕਾਂ ਦੀ ਬਰਾਬਰਤਾ ਅਤੇ ਕਿਰਤੀ ਵਿਰੋਧੀ ਕਾਰਵਾਈ ਦੀ ਸਖ਼ਤ ਨਿਖੇਧੀ ਕੀਤੀ। ਉਸ ਵੇਲੇ ਨਾ ਤਾਂ ਕਿਰਤੀ ਹਥਿਆਰਬੰਦ ਸਨ ਤੇ ਨਾ ਹੀ ਕੋਈ ਮੁਕਾਬਲੇ ਦਾ ਡਰ ਸੀ। ਰੈਲੀ ਦੌਰਾਨ ਮੀਂਹ ਪੈਣ ਲੱਗ ਪਿਆ ਤੇ ਕਿਰਤੀ ਘਰਾਂ ਵੱਲ ਜਾ ਰਹੇ ਹਨ, ਆਖਰੀ ਬੁਲਾਰਾ ਫੀਲਡਨ ਸੀ। ਵੱਡੀ ਗਿਣਤੀ ਵਿਚ ਮਿਲਟਰੀ (ਪੁਲਿਸ) ਨੇ ਸਟੇਜ ਦੇ ਲਾਗੇ ਜਾ ਕੇ ਪੁਜ਼ੀਸ਼ਨਾਂ ਲੈ ਲਈਆ। ਪੁਰਅਮਨ ਰੈਲੀ ਖਤਮ ਹੋ ਰਹੀ ਸੀ ਤੇ ਇਕ ਬੰਬ ਉਥੇ ਸੁੱਟਿਆ ਗਿਆ। ਇਕ ਪੁਲਿਸ ਕਰਮਚਾਰੀ ਮਾਰਿਆ ਗਿਆ ਤੇ ਕੁਝ ਲੋਕ ਜ਼ਖਮੀ ਹੋ ਗਏ। 4 ਮਈ ਦੀ ਬਰਬਰਤਾ, ਬਸ! ਫਿਰ ਕੀ ਸੀ, ਜਿਵੇਂ ਪੂੰਜੀਪਤੀ ਮਾਲਕਾਂ ਅਤੇ ਪੁਲਿਸ ਦੀ ਯੋਜਨਾਬੰਦੀ ਸੀ, ਪੁਲਿਸ ਵਲੋਂ ਅੰਧਾਧੁੰਦ ਬੜੀ ਬੇਕਿਰਕੀ ਨਾਲ ਕਿਰਤੀਆਂ 'ਤੇ ਗੋਲੀਆਂ ਦਾ ਮੀਂਹ ਵਰਾਹ ਦਿੱਤਾ। ਬਹੁਤ ਸਾਰੇ ਕਿਰਤੀ-ਮਰਦ, ਇਸਤਰੀਆਂ ਅਤੇ ਬੱਚੇ ਸ਼ਹੀਦ ਹੋ ਗਏ ਤੇ ਜ਼ਖ਼ਮੀ ਹੋ ਗਏ। ਪੁਲਿਸ ਨੇ ਨਿੱਠ-ਕੇ ਕਿਰਤੀਆਂ ਦਾ ਪਿੱਛਾ ਕੀਤਾ। ਜਮਹੂਰੀ ਦੇਸ਼ ਕਹਾਉਣ ਵਾਲੇ ਅਮਰੀਕਾ ਅੰਦਰ ਪੁਲਿਸ ਜਬਰ, ਬਰਬਰਤਾ ਅਤੇ ਮਨਮਰਜ਼ੀ ਦੇ ਤਸ਼ੱਦਦ ਨੇ "ਹੇਅ-ਮਾਰਕਿਟ ਦੇ ਕਾਂਡ" ਨੂੰ ਸ਼ਹੀਦ ਕਿਰਤੀਆਂ ਦੀ ਯਾਦ ਵਿਚ ਮਈ ਦਿਵਸ ਨੂੰ ਕੌਮਾਂਤਰੀ ਕਿਰਤੀ-ਜਮਾਤ ਨਾਲ ਇਕਮੁੱਠਤਾ ਵਜੋਂ ਅਮਰ ਬਣਾ ਦਿੱਤਾ। ਕਿਰਤੀਆਂ ਦੇ ਡੁੱਲ੍ਹੇ ਖ਼ੂਨ ਨਾਲ ਉਨ੍ਹਾਂ ਦੇ ਸਬਰ ਨੇ, ਚਿੱਟੇ ਝੰਡੇ ਨੂੰ ਖ਼ੂਨ ਦੇ ਕੇ ਲਾਲ ਸੁਰਖ਼ ਬਣਾ ਦਿੱਤਾ। ਜੋ ਸ਼ਿਕਾਗੋ ਹੀ ਨਹੀਂ, ਅੱਜ ਸਾਰੀ ਦੁਨੀਆਂ ਅੰਦਰ ਕਿਰਤੀ-ਜਮਾਤ ਦੀ ਪ੍ਰਤੀਨਿਧਤਾ ਕਰਕੇ ਕਿਰਤੀ ਕੁਰਬਾਨੀ ਦਾ ਇਹ 'ਲਾਲ ਝੰਡਾ' ਇਕ ਪ੍ਰਤੀਕ ਬਣ ਗਿਆ। ਪਾਰਸਨਜ਼ ਨੇ "ਹੇਅ-ਮਾਰਕਿਟ ਗੋਲੀ ਕਾਂਡ" ਦੇ ਦੁਖਾਂਤ ਨੂੰ ਨੰਗਾ ਕੀਤਾ, ਜਿਹੜੇ ਅਦਾਲਤ ਵਿਚ ਝੂਠੇ ਗਵਾਹ, ਇਸਤਗਾਸਾ ਅਤੇ ਜੱਜ ਖੇਡ ਰਹੇ ਸਨ। ਉਸ ਨੇ ਹਾਕਮੀ ਸਾਜ਼ਿਸ਼ ਨੂੰ ਨੰਗਾ ਕਰਦੇ ਦੱਸਿਆ ਕਿ ਇਹ ਮੁਕੱਦਮਾ ਕਿਰਤੀ ਜਮਾਤ ਦੀ ਆਜ਼ਾਦੀ ਵਿਰੁੱਧ ਇਕ ਸਾਜ਼ਿਸ਼ ਸੀ, ਜਿਸ ਲਈ ਸ਼ਿਕਾਗੋ ਦੇ ਕਰੋੜਾਂਪਤੀ ਕਾਰਖਾਨੇਦਾਰਾਂ ਨੇ ਧਨ ਦਿੱਤਾ ਸੀ। ਫਾਂਸੀ ਲੱਗਣ ਤੋਂ ਥੋੜੀ ਦੇਰ ਪਹਿਲਾ ਜੇਲ੍ਹ ਵਿਚ ਪਾਰਸਨਜ਼ ਨੇ ਆਪਣੀ ਪੁਸਤਕ ਖਤਮ ਕੀਤੀ, ਜਿਸ ਵਿਚ ਉਸਨੇ ਸਮਾਜ ਦੇ ਵਿਕਾਸ ਬਾਰੇ ਆਪਣੇ ਵਿਚਾਰ ਦੱਸੇ ਸਨ। ਉਸ ਦੀ ਪਤਨੀ ਲੂਸੀ ਪਾਰਸਨਜ਼ ਨੇ, ਜਿਹੜੀ ਕਿ ਇਨਕਲਾਬੀਆਂ ਦੀ ਮਿੱਤਰ ਤੇ ਸਾਥੀ ਸੀ, ਨੇ ਅਦਾਲਤ ਵਿਚ ਲੋਕਾਂ ਦੇ ਬਿਆਨਾਂ, ਮੁਕੱਦਮੇ ਦੀ ਤਫ਼ਤੀਸ ਤੇ ਰਿਕਾਰਡ ਪ੍ਰਕਾਸ਼ ਕਰਾਏ।

ਸ਼ਿਕਾਗੋ ਦੀਆਂ ਦੁੱਖਦਾਈ ਘਟਨਾਵਾਂ ਦੀ ਖਬਰ ਸਾਰੀ ਦੁਨੀਆਂ ਵਿਚ ਫੈਲ ਗਈ। ਕਿਰਤ ਅਤੇ ਆਜ਼ਾਦੀ ਲਈ ਸੰਘਰਸ਼ ਦਾ ਸ਼ਿਕਾਰ ਹੋਏ ਕਿਰਤੀਆਂ ਲਈ ਵਿਆਪਕ ਤੌਰ 'ਤੇ ਹਮਦਰਦੀ ਦੀ ਲਹਿਰ ਉਠ ਖੜ੍ਹੀ ਹੋ ਗਈ। ਇਲੀਨੋਇਜ਼ ਦੇ ਗਵਰਨਰ ਨੂੰ ਕਿਰਤੀਆਂ ਨੂੰ ਦਿੱਤੀ ਸਜ਼ਾਅ ਦੀ ਮਨਸੂਖੀ ਕਰਨ ਦੀਆਂ ਦਰਖਾਸਤਾਂ ਕਈ ਦੇਸ਼ਾਂ ਦੀਆਂ ਸ਼ਖਸੀਅਤਾਂ ਤੇ ਜੱਥੇਬੰਦੀਆਂ ਵੱਲੋਂ ਭੇਜੀਆਂ ਗਈਆਂ, ਜਿਨ੍ਹਾਂ ਵਿਚ ਜਾਰਜ ਬਰਨਾਰਡ ਸ਼ਾਅ, ਫਰਾਂਸ ਦੇ ਡਿਪਟੀਆਂ ਦੀ ਚੈਂਬਰ, ਪੈਰਿਸ ਦੀ ਮਿਊਂਸਪਲ ਕੌਂਸਲ, ਸੇਈਨ ਦੇ ਕੌਂਸਲ, ਫਰਾਂਸ, ਰੂਸ, ਇਟਲੀ ਤੇ ਸਪੇਨ ਦੇ ਮਜ਼ਦੂਰਾਂ ਦੀਆਂ ਜੱਥੇਬੰਦੀਆਂ ਸ਼ਾਮਲ ਸਨ। ਖੁਦ ਅਮਰੀਕਾ ਵਿਚ ਉਘੇ ਕਾਨੂੰਨੀ ਮਾਹਿਰਾਂ, ਜਨਤਕ ਆਗੂ, ਹੈਨਰੀ ਡੇਮਾਰਿਸਟ ਲਾਇਡ, ਸੈਨੇਟਰ ਈਮਾਨ ਟਰਨਬੁਲ, ਸਟੀਫਨ ਐੱਸ, ਗਰੀਗੋਰੀ, ਲੀਮਾਨ ਗੇਜ, ਆਰ.ਜੀ. ਇਨਗਰ ਸੋਲ ਆਦਿ ਸ਼ਾਮਲ ਸਨ। 11 ਨਵੰਬਰ, 1887 ਨੂੰ ਅਲਬਰਟ ਪਾਰਸਨਜ਼, ਅਗਸਤ ਸਪਾਈਸ, ਅਡਾਲਫ਼ ਫਿਸ਼ਰ ਅਤੇ ਜਾਰਜ ਏਂਗਲ ਨੂੰ ਫਾਂਸੀ ਲਾਈ ਗਈ। ਇਨ੍ਹਾਂ ਸੂਰਮਿਆਂ ਨੇ ਆਪਣੇ ਆਖਰੀ ਸ਼ਬਦਾਂ ਰਾਹੀਂ ਕਿਰਤੀ ਜਮਾਤ ਨੂੰ ਸੰਘਰਸ਼ ਜਾਰੀ ਰੱਖਣ ਲਈ ਜੋਸ਼ੀਲੇ ਸੁਨੇਹੇ ਰਾਹੀ ਯਾਦ ਕੀਤਾ।

ਪਹਿਲੀ ਮਈ ਦੇ ਖ਼ੂਨੀ ਕਾਂਡ ਅੰਦਰ ਜਾਬਰ ਹਾਕਮਾਂ ਨੂੰ ਸੰਸਾਰ ਦਬਾਅ ਅਧੀਨ ਸੈਮੂਐਲ ਫੀਲਡਨ ਤੇ ਮਾਈਕਲ ਸ਼ਾਅਬ ਦੀਆਂ ਮੌਤ ਦੀਆਂ ਸਜ਼ਾਵਾਂ ਨੂੰ ਉਮਰ ਕੈਦ ਵਿਚ ਤਬਦੀਲ ਕਰਨਾ ਪਿਆ। ਜੇਲ੍ਹ ਅੰਦਰ ਸ਼ਹੀਦ ਹੋਏ ਲੂਈ ਅਤੇ ਫਾਂਸੀ ਲੱਗੇ ਸ਼ਹੀਦ ਆਗੂਆਂ ਨੂੰ ਸ਼ਿਕਾਗੋ ਵਿਖੇ ਵਾਲਧਾਈਮ ਕਬਰਸਤਾਨ ਵਿਚ ਪੂਰੇ ਸਨਮਾਨਾਂ ਨਾਲ ਦਫ਼ਨਾਅ ਦਿੱਤਾ ਗਿਆ। ਮਈ ਦੇ ਸ਼ਹੀਦ ਕਿਰਤੀ ਜਮਾਤ ਦੇ ਆਗੂਆਂ ਦੇ ਜਨਾਜ਼ੇ ਵਿਚ ਮਜ਼ਦੂਰ ਜਮਾਤ ਨਾਲ ਯਕਜਿਹਤੀ ਪ੍ਰਗਟ ਕਰਨ ਲਈ 25 ਹਜ਼ਾਰ ਤੋਂ ਵੱਧ ਕਿਰਤੀ ਲੋਕਾਂ ਦੇ ਹਜੂਮ ਨੇ ਸਤਿਕਾਰ ਵਜੋਂ ਹਿੱਸਾ ਲਿਆ ਅਤੇ ਆਪਣੇ ਜਮਾਤੀ ਭਰਾਵਾਂ ਤੇ ਸਾਥੀਆਂ ਨੂੰ ਆਖਰੀ ਅਲਵਿਦਾ ਕਹੀ। ਬਹੁਤ ਸਾਰੇ ਕਿਰਤੀ ਲੋਕਾਂ ਅਤੇ ਜਮਹੂਰੀ-ਸੋਚ ਵਾਲੇ ਅਮਰੀਕੀ ਇਸ ਗਲ 'ਤੇ ਬਜ਼ਿੱਦ ਰਹੇ ਕਿ ਮਈ 'ਹੇਅ-ਮਾਰਕਿਟ' ਦੇ ਖ਼ੂਨੀ-ਕਾਂਡ 'ਤੇ ਮੁੜ ਕੇਸ ਨਵੇਂ ਸਿਰਿਓਂ ਚਲਾਇਆ ਜਾਵੇ। ਲੋਕ ਦਬਾਅ ਅਧੀਨ 26 ਜੁਲਾਈ, 1893 ਨੂੰ ਇਲੀਨੋਇਜ਼ ਦੇ ਨਵੇਂ ਚੁਣੇ ਗਵਰਨਰ ਜਾਹਨ ਪੀ. ਐਟਗੈਲਡ ਨੇ ਫੀਲਡਨ, ਸ਼ਾਅਬ ਤੇ ਨੀਬ ਨੂੰ ਮੁਆਫੀ ਦੇ ਦਿੱਤੀ। ਆਪਣੇ ਐਲਾਨ ਵਿਚ ਗਵਰਨਰ ਨੇ ਕਿਹਾ, ਇਹ ਲੋਕ ਆਪਣੇ ਸਾਥੀਆਂ ਵਾਂਗ ਨਿਰਦੋਸ਼ ਸਨ ਤੇ ਉਨ੍ਹਾਂ ਉਤੇ ਮੁਕੱਦਮੇ ਚਲਾਉਣਾ ਅਦਾਲਤੀ ਜ਼ਾਬਤੇ ਦੀ ਭੱਦੀ ਉਲੰਘਣਾ ਸੀ।

ਹੇਅ ਮਾਰਕਿਟ ਦੇ ਖ਼ੂਨੀ ਕਾਂਡ ਵੇਲੇ ਜਦੋਂ ਕਿਰਤੀ ਪੁਰਅਮਨ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਸਨ, ਤਾਂ ਅਮਰੀਕਾ ਦੇ ਹੰਕਾਰੀ ਪੂੰਜੀਪਤੀ ਮਿਲ ਮਾਲਕ ਤੇ ਰਾਜਤੰਤਰ ਮਨਮਰਜ਼ੀ ਦੀਆਂ ਕਾਰਵਾਈਆਂ ਰਾਹੀਂ ਹੜਤਾਲੀ ਕਿਰਤੀਆ ਅੰਦਰ ਭੜਕਾਹਟ ਪੈਦਾ ਕਰਕੇ ਵੱਡੇ ਪੱਧਰ 'ਤੇ ਤਸ਼ੱਦਦ ਕਰਨ ਲਈ ਬਹਾਨੇ ਲੱਭ ਰਿਹਾ ਸੀ। 3 ਮਈ 1886 ਨੂੰ ਮੈਕਾਰਮਿਕ ਫੈਕਟਰੀ ਦੇ ਕਿਰਤੀਆਂ 'ਤੇ ਪੁਲਿਸ ਵਲੋਂ ਚਲਾਈ ਗੋਲੀ ਕਾਰਨ 6 ਕਿਰਤੀ ਸ਼ਹੀਦ ਹੋ ਗਏ ਸਨ। ਇਸੇ ਤਰ੍ਹਾਂ ਰੋਸ ਪ੍ਰਗਟ ਕਰਦੇ ਕਿਰਤੀਆਂ 'ਤੇ 4 ਮਈ ਨੂੰ ਚੱਲੀ ਗੋਲੀ ਦੌਰਾਨ ਜਿਹੜੇ ਵੀ ਕਿਰਤੀ ਸ਼ਹੀਦ ਹੋਏ ਸਨ, ਉਨ੍ਹਾਂ ਲਈ ਵੀ ਹਾਕਮ ਤੇ ਉਸ ਦੀ ਪੁਲਿਸ ਹੀ ਜ਼ਿੰਮੇਵਾਰ ਸੀ। ਉਸ ਸੰਬੰਧੀ ਉਸ ਵੇਲੇ ਦਾ ਪ੍ਰੈੱਸ ਕਿਵੇਂ ਮਾਲਕਾਂ ਪੱਖੀ ਰੋਲ ਅਦਾ ਕਰ ਰਿਹਾ ਸੀ, ਸ਼ਿਕਾਗੋ ਟ੍ਰਿਬਿਊਨ ਨੇ ਕਿਰਤੀਆਂ ਦੀ ਮੀਟਿੰਗ ਨੂੰ "ਅਵਾਰਾ ਹਜੂਮ" ਕਹਿੰਦੇ ਹੋਏ ਲਿਖਿਆ, ਕਿ ਜੇ ਅਰਾਜਕਤਾਵਾਦ ਅਤੇ ਕਮਿਊਨਿਜ਼ਮ ਨੂੰ ਛੇਤੀ ਤੇ ਪੂਰੀ ਤਰ੍ਹਾਂ ਦਰੜਿਆ ਨਾ ਗਿਆ, ਤਾਂ ਸਾਡਾ ਅਮਰੀਕਨ ਸਮਾਜ ਖਤਰੇ 'ਚ ਪੈ ਜਾਵੇਗਾ। ਇਸ ਤੋਂ ਸਪੱਸ਼ਟ ਜ਼ਾਹਰ ਹੈ ਕਿ ਅਮਰੀਕੀ ਰਾਜਸੱਤਾ ਅੰਦਰ ਉਸ ਵੇਲੇ ਹਾਕਮ, ਮਿਲ ਮਾਲਕ ਅਤੇ ਰਾਜਤੰਤਰ ਪੂਰੀ ਤਰ੍ਹਾਂ ਇਕ-ਮਿਕ ਤੇ ਕਿਰਤੀਆਂ ਵਿਰੋਧੀ ਸੀ। ਪਰ ਸ਼ਿਕਾਗੋ ਸ਼ਹਿਰ ਦੇ ਹੇਅ-ਮਾਰਕਿਟ 'ਚ ਡੁੱਲ੍ਹੇ ਕਿਰਤੀਆਂ ਦੇ ਖ਼ੂਨ ਕਾਰਨ, ਜੋ ਇਤਿਹਾਸ ਉਸਰਿਆ ਹੈ, ਉਸ ਨੇ ਸਾਰੀ ਦੁਨੀਆਂ ਅੰਦਰ ਇਕ ਨਿਰਣਾਇਕ ਅਸੂਲਾਂ ਨੂੰ ਉਜਾਗਰ ਕਰਦੇ ਹੋਏ ਕਿਰਤ ਦੀ ਲੁੱਟ ਕਰਨ ਵਾਲੇ ਪੂੰਜੀਪਤੀ ਵਰਗ ਨੂੰ ਵੰਗਾਰਿਆ। 1893 ਨੂੰ ਸ਼ਿਕਾਗੋ ਦੇ ਕਿਰਤੀਆਂ ਨੇ ਹੇਅ ਮਾਰਕਿਟ ਦੇ ਸੂਰਮਿਆਂ ਦੀਆਂ ਕਬਰਾਂ ਉਤੇ ਇਕ ਯਾਦਗਾਰੀ ਸਿਲ ਲਾ ਦਿੱਤੀ, ਜੋ ਨਿਆਂ ਲਈ ਆਵਾਜ਼ ਨੂੰ ਸਦੀਵੀ ਬੁਲੰਦ ਕਰਦੀ ਰਹੇਗੀ। "ਉਹ ਸਵੇਰਾ (ਦਿਨ) ਜ਼ਰੂਰ ਆਵੇਗਾ, ਜਦੋਂ ਸਾਡੀ ਚੁੱਪ (ਜਬਰ ਨਾਲ ਬੰਦ ਕੀਤੀ ਜ਼ੁਬਾਨ) ਹੋਰ ਵੀ ਸ਼ਕਤੀਸ਼ਾਲੀ ਹੋਵੇਗੀ। ਸਾਡੀ ਆਵਾਜ਼ ਜਿਸ ਨੂੰ ਤੁਸੀ ਬੰਦ ਕਰ ਰਹੇ ਹੋ, ਇਕ ਭਾਂਬੜ ਬਣ ਕੇ ਹਰ ਪਾਸੇ ਮੱਚਣਗੇ।"

ਕਦੀ ਜਾਗ੍ਰਿਤੀ ਅਤੇ ਪੁਨਰ-ਨਿਰਮਾਣ ਦੀਆਂ ਲਹਿਰਾਂ ਜੋ ਪੱਛਮ ਵੱਲੋਂ ਪੈਦਾ ਹੋ ਕੇ ਸੰਸਾਰ ਨੂੰ ਰੁਸ਼ਨਾਉਂਦੀਆਂ ਸਨ। ਪਰ ਪਹਿਲੀ ਮਈ, 1886 ਦੇ ਇਤਿਹਾਸਕ ਮਜ਼ਦੂਰ ਦਿਵਸ ਨੇ ਅਮਰੀਕਾ ਤੋਂ ਤੁਰ ਕੇ ਯੂਰਪ, ਏਸ਼ੀਆ, ਅਫਰੀਕਾ ਤੇ ਆਸਟ੍ਰੇਲੀਆ ਅਤੇ ਸਾਰੀ ਦੁਨੀਆਂ ਦੇ ਕਿਰਤੀਆਂ ਨੂੰ ਜਾਗ੍ਰਿਤ ਕੀਤਾ। ਇਸ ਮਹਾਨ ਘੋਲ ਨੇ ਦੁਨੀਆਂ ਅੰਦਰ ਪੂੰਜੀਪਤੀ ਵਰਗ ਦੀ ਲੁੱਟ-ਖਸੁੱਟ ਵਿਰੁਧ, ਲੁੱਟੀ ਜਾਣ ਵਾਲੀ ਸ਼ੋਸ਼ਤ ਕਿਰਤੀ-ਜਮਾਤ ਨੂੰ, ਹੱਕਾਂ ਲਈ ਤੇ ਅਨਿਆਏ ਵਿਰੁੱਧ ਮਾਲਕਾਂ ਦੇ ਆਹਮੋ-ਸਾਹਮਣੇ ਖੜ੍ਹਾ ਕਰ ਦਿੱਤਾ। ਦੁਨੀਆਂ ਭਰ 'ਚ ਕਿਰਤੀ-ਜਮਾਤ ਅੰਦਰ ਮਈ ਦਿਵਸ ਤੋਂ ਬਾਅਦ ਆਈ ਜਮਾਤੀ-ਜਾਗ੍ਰਿਤੀ ਵਾਲੀ ਚੇਤਨਤਾ ਨੇ ਮਨੁੱਖ ਹੱਥੋਂ ਮਨੁੱਖ ਦੀ ਹੁੰਦੀ ਲੁੱਟ-ਖਸੁੱਟ ਨੂੰ ਖਤਮ ਕਰਨ, ਹਰ ਜ਼ੁਲਮ, ਜਬਰ ਤੇ ਜ਼ਹਾਲਤ ਤੋਂ ਮੁਕਤੀ ਦਿਵਾਉਣ ਲਈ ਕਿਰਤੀ-ਵਰਗ ਨੂੰ ਇਕ ਤਕੜਾ ਝੰਜੋੜਾ ਦਿੱਤਾ। ਸ਼ਿਕਾਗੋ ਦੇ ਇਸ ਇਤਿਹਾਸਕ ਵਰਤਾਰੇ ਨੇ ਦੋ-ਸੰਸਾਰ, ਮਾਲਕ ਤੇ ਮਜ਼ਦੂਰ ਅਤੇ ਦੋਨਾਂ-ਵਿਚਕਾਰ ਲੁੱਟ-ਖਸੁੱਟ ਵਿਰੁਧ ਸ਼ੋਸ਼ਣ ਵਾਲੇ ਰਾਜ ਦੇ ਖਾਤਮੇ ਵਿਰੁੱਧ ਸੰਘਰਸ਼ਾਂ ਤੇ ਖੁਸ਼ਹਾਲੀ ਵਾਲਾ ਰਾਜ, ਗੁਲਾਮੀ ਦੀ ਥਾਂ ਭਰੱਪਣ ਵਾਲੇ ਸੰਸਾਰ ਦੀ ਸਥਾਪਤੀ ਵੱਲ ਇਕ ਨਾ ਮਿਟਣ ਵਾਲਾ ਸੰਕਲਪ ਅਤੇ ਮੁਕਤੀ ਵਾਲਾ ਅਸਲੀ ਰਾਹ ਸਾਹਮਣੇ ਲਿਆਂਦਾ। ਇਸ ਵਰਗ-ਸੰਘਰਸ਼ ਵਾਲੇ ਵਰਤਾਰੇ ਨੇ ਹੀ ਪਹਿਲੀ ਵਾਰ ਰੂਸ ਅੰਦਰ (ਸੋਵੀਅਤ ਯੂਨੀਅਨ) ਹੋਏ ਮਹਾਨ ਸਮਾਜਵਾਦੀ ਅਕਤੂਬਰ ਇਨਕਲਾਬ, 1917 ਨੂੰ ਅਮਲੀ ਜਾਮਾ ਪਹਿਨਾਉਂਦੇ ਹੋਏ, ਨੇ ਸੱਚ ਕਰ ਦਿਖਾਇਆ ਕਿ ਕਿਰਤੀ ਹੀ ਇਸ ਸੰਸਾਰ ਦੇ ਮਾਲਕ ਹਨ।

ਭਾਵੇਂ ਪਹਿਲੇ ਸਮਾਜਵਾਦੀ ਰਾਜ ਪ੍ਰਬੰਧ ਵਾਲਾ ਸੋਵੀਅਤ ਰੂਸ (1917-1991) ਢਹਿ-ਢੇਰੀ ਹੋ ਚੁੱਕਾ ਹੈ। ਪਰ ਜੋ ਪ੍ਰਾਪਤੀਆਂ ਸਮਾਜਵਾਦੀ ਪ੍ਰਭਾਵ ਹੇਠ ਪ੍ਰਾਪਤ ਹੋਈਆਂ, ਉਹ ਸੀ ਸਭ ਤੋਂ ਵੱਡੀ ਕਿਰਤੀ-ਵਰਗ ਅੰਦਰ ਆਈ ਜਾਗ੍ਰਿਤੀ। ਗੁਲਾਮ ਕੌਮਾਂ ਤੇ ਦੇਸ਼ਾਂ ਦੀ ਆਜ਼ਾਦੀ, ਸੰਸਾਰ-ਅਮਨ, ਵਿਗਿਆਨ ਅਤੇ ਟੈਕਨਾਲੋਜੀ ਖੇਤਰ ਅੰਦਰ ਹੋਈਆਂ ਅਥਾਹ ਪ੍ਰਾਪਤੀਆਂ ਵੀ ਸਭ ਵਰਣਨਯੋਗ ਹਨ। ਇਹ ਚੜ੍ਹਤ ਸਮਾਜਵਾਦੀ ਵਿਚਾਰਾਂ, ਅਮਲਾਂ ਤੇ ਪ੍ਰਭਾਵਾਂ ਦਾ ਹੀ ਸਿੱਟਾ ਸੀ। ਇਸ ਇਨਕਲਾਬੀ ਮਿਸ਼ਨ ਲਈ 1886 ਦੇ ਸ਼ਿਕਾਗੋ ਦੇ ਕਿਰਤੀਆਂ ਵੱਲੋ ਅਪਣਾਇਆ ਕੁਰਬਾਨੀ ਭਰਿਆ ਕਦਮ ਅਤੇ ਏਕਾ ਹੀ ਸੀ, ਜਿਸ ਨੇ ਸਮਾਜ ਦੀ ਇਤਿਹਾਸਕ ਅਤੇ ਗੁਣਾਂਤਮਿਕ ਤਾਸੀਰ ਹੀ ਬਦਲ ਦਿੱਤੀ। ਅੱਜ ਭਾਵੇਂ ਦੁਨੀਆਂ ਅੰਦਰ ਪੂੰਜੀਵਾਦ ਕਈ ਰੂਪਾਂ ਰਾਹੀ ਕਿਰਤੀ ਦੀ ਲੁੱਟ ਕਰਨ ਲਈ ਕਈ ਢੰਗ ਤਰੀਕੇ ਵਰਤ ਰਿਹਾ ਹੈ, ਪਰ ਸਮਾਜਵਾਦੀ ਬਲਾਕ ਇਕਜੁੱਟ ਨਾ ਹੋਣ ਦੇ ਬਾਵਜੂਦ ਵੀ ਦੁਨੀਆਂ ਅੰਦਰ ਵਰਗੀ-ਸੰਘਰਸ਼ ਵੀ ਕਈ ਰੂਪਾਂ 'ਚ ਅੱਗੇ ਵਧ ਰਹੇ ਹਨ। ਸੱਜ-ਪਿਛਾਖੜੀ ਰਾਜਨੀਤਿਕ ਪ੍ਰਭਾਵ ਦੇ ਵਿਰੁਧ ਸਮਾਜਵਾਦੀ ਚੇਤਨਾ ਅਤੇ ਵਰਗ ਸੰਘਰਸ਼ ਵੀ ਅੱਗੇ ਵੱਧ ਰਹੇ ਹਨ। ਨਵੇਂ-ਨਵੇਂ ਰੂਪਾਂ ਵਿਚ ਲੋਕ ਸੰਘਰਸ਼ ਵੀ ਪਣਪ ਰਹੇ ਹਨ ਅਤੇ ਹੋ ਰਹੇ ਕਿਰਤੀ ਸ਼ੋਸ਼ਣ ਨੂੰ ਵੰਗਾਰ ਰਹੇ ਹਨ। ਪਹਿਲੀ ਮਈ ਮਨੁੱਖੀ ਸਮਾਜ ਅੰਦਰ ਮਨੁੱਖ ਦੀ ਮਨੁੱਖ ਹੱਥੋਂ ਹੋ ਰਹੀ ਲੁੱਟ-ਖਸੁੱਟ ਵਿਰੁੱਧ ਸੰਘਰਸ਼ ਦੇ ਸੰਕਲਪ ਦਾ ਦਿਨ ਹੈ। ਮਈ ਦਿਵਸ ਦੀ ਵਿਰਾਸਤ ਦੀ ਮਜ਼ਬੂਤੀ, ਮਨੁੱਖਤਾ ਦੀ ਖੁਸ਼ਹਾਲੀ ਅਤੇ ਸੰਸਾਰ ਅਮਨ ਦੀ ਸਥਾਪਤੀ ਕਰਨ ਲਈ ਇਹ ਦਿਨ ਹੈ। ਸਦੀਆਂ ਤੋਂ ਗਰੀਬੀ-ਗੁਰਬੱਤ ਦਾ ਹਨ੍ਹੇਰਾ ਢੋਣ ਵਾਲਿਆਂ ਦੀ ਬੰਦ-ਖਲਾਸੀ ਦਾ ਦਿਨ ਹੈ। ਜੋ ਕਿਰਤੀਆਂ ਦੀ ਮੁਕਤੀ ਦੇ ਰਾਹ 'ਚ ਸੂਹੀ-ਸਵੇਰ ਦੀ ਰੌਸ਼ਨੀ ਲੈ ਕੇ ਪਹਿਲੀ ਮਈ ਦਾ ਦਿਨ ਹਰ ਸਾਲ ਸਾਡੇ ਲਈ ਆਉਂਦਾ ਹੈ, ਜਗਾਉਂਦਾ ਹੈ ਅਤੇ ਇਨਕਲਾਬੀ ਸੰਕਲਪ ਨੂੰ ਮਜ਼ਬੂਤ ਕਰਦਾ ਹੈ ਕਿ ਦੁਨੀਆਂ ਭਰ ਦੇ ਕਿਰਤੀਓ, ਇਕ ਹੋ ਜਾਵੋ। ਮਨੁੱਖੀ ਕਿਰਤ ਦੀ ਰਾਖੀ ਤਾਂ ਹੀ ਹੋ ਸਕਦੀ ਹੈ, ਜੇ ਅਮਨ ਹੋਵੇਗਾ। ਜੰਗ ਦੌਰਾਨ ਸਭ ਤੋਂ ਵੱਧ ਮਾਰ ਕਿਰਤੀ-ਵਰਗ ਨੂੰ ਹੀ ਪੈਂਦੀ ਹੈ। ਅੱਜ ਅਮਰੀਕੀ-ਸਾਮਰਾਜ ਜੋ ਦੁਨੀਆਂ ਅੰਦਰ ਜੰਗ ਵੰਡ ਰਿਹਾ ਹੈ, ਉਸ ਵਿਰੁੱਧ ਕਿਰਤੀ ਵਰਗ ਨੂੰ ਵੀ ਆਪਣੇ ਹੱਕਾਂ ਲਈ ਕੀਤੇ ਜਾਂਦੇ ਸੰਘਰਸ਼ਾਂ ਨੂੰ ਇਕ ਦਵੰਦਾਤਮਕ ਹਿੱਸਾ ਬਣਾ ਕੇ, ਜੰਗ ਦਾ ਘੋਰ ਵਿਰੋਧ ਕਰਨਾ ਚਾਹੀਦਾ ਹੈ। ਅਸੀਂ ਅਮਨ ਚਾਹੁੰਦੇ ਹਾਂ, ਜੋ ਸਮਾਜਵਾਦ ਲਈ ਇਕ ਬੁਨਿਆਦੀ ਪੌੜੀ ਹੈ, ਜੰਗ ਨਹੀਂ।



# "ਉਮਰ ਦੇ ਇਸ ਮੋੜ ਤੀਕ"...

## ਸੁਖਵਿੰਦਰ ਕੰਬੋਜ ਦੀ ਸਿਰਜਣਾ ਦਾ ਖ਼ੂਬਸੂਰਤ ਲੇਖਾ-ਜੋਖਾ!!

ਕੁਲਵਿੰਦਰ ਸਿੰਘ ਬਾਠ
ਕੈਲੀਫੋਰਨੀਆ (ਯੂ.ਐੱਸ.ਏ.)
209-600-2897
ਪੰਜਾਬ ਮੇਲUSA



ਦੋਸਤੋ, ਜਦ ਕਦੇ ਵੀ ਨਾਰਥ ਅਮਰੀਕਾ ਦੇ ਪੰਜਾਬੀ ਸਾਹਿਤ ਅਤੇ ਸਾਹਿਤ ਨੂੰ ਸਿਰਜਣ ਵਾਲੇ ਲੇਖਕਾਂ ਦੀ ਗੱਲ ਛਿੜਦੀ ਹੈ, ਤਾਂ ਨਿਰਸੰਦੇਹ ਸੁਖਵਿੰਦਰ ਕੰਬੋਜ ਦਾ ਨਾਮ ਖ਼ੁਦ-ਬ-ਖ਼ੁਦ ਉੱਭਰ ਆਉਂਦਾ ਹੈ। ਆਕਾਸ਼ ਵਿਚ ਚਮਕਦੇ ਵੰਨ-ਸੁਵੰਨੇ ਸਿਤਾਰਿਆਂ ਦੇ ਦਰਮਿਆਨ ਇੱਕ ਅਲੌਕਿਕ ਖਿੱਚ ਵਾਲੇ 'ਧਰੂ ਤਾਰੇ' ਦੀ ਤਰ੍ਹਾਂ। ਸੁਖਵਿੰਦਰ ਇੱਕ ਬਹੁ-ਪੱਖੀ ਅਤੇ ਬਹੁ-ਪਰਤੀ ਲੇਖਣੀ ਵਾਲਾ ਸੰਵੇਦਨਸ਼ੀਲ ਅਤੇ ਬੇਬਾਕ ਲੇਖਕ ਹੈ!

ਖ਼ੂਬਸੂਰਤ ਕੈਲੀਫ਼ੋਰਨੀਆ ਦੇ ਬੇ-ਏਰੀਏ ਨਾਲ ਸਬੰਧਿਤ ਸੁਖਵਿੰਦਰ ਕੰਬੋਜ ਦੀ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਪਰਵਾਸੀ ਪੰਜਾਬੀ ਸਾਹਿਤ ਨੂੰ ਵੱਡਮੁੱਲੀ ਦੇਣ ਦੀ ਗੱਲ ਸਿਰਫ਼ ਸੰਖੇਪ ਵਿਚ ਹੀ ਕਰੀਏ ਤਾਂ ਉਸ ਨੇ 4 ਕਾਵਿ-ਸੰਗ੍ਰਹਿ ਅਤੇ 2 ਅਮਰੀਕੀ ਪੰਜਾਬੀ ਕਾਵਿ-ਸੰਗ੍ਰਹਿ ਸੰਪਾਦਨ ਕੀਤੇ ਹਨ। ਉਸ ਦੀ ਵਿਲੱਖਣਤਾ ਇਹ ਵੀ ਹੈ ਕਿ ਉਹ ਥੋਕ ਦੇ ਹਿਸਾਬ ਕਿਤਾਬਾਂ ਨਹੀਂ ਲਿਖਦਾ। ਕਦੇ-ਕਦੇ ਤਾਂ ਇੰਜ ਵੀ ਮਹਿਸੂਸ ਹੁੰਦਾ ਹੈ ਕਿ ਉਹਦੇ ਮਨ ਦੇ ਅਹਿਸਾਸ ਸ਼ਬਦਾਂ ਦਾ ਰੂਪ ਲੈਣ ਤੋਂ ਚਿਰ ਪਹਿਲਾਂ ਸਹਿਜੇ-ਸਹਿਜੇ ਰਿੱਝਦੇ ਹਨ ਅਤੇ ਫਿਰ ਇਕ ਸੁਹਜਮਈ ਅੰਦਾਜ਼ ਵਿਚ ਪਾਠਕਾਂ ਨਾਲ ਸੰਵਾਦ ਰਚਾਉਂਦੇ ਹਨ ਤੇ ਕਿੱਕਲੀਆਂ ਪਾਉਂਦੇ ਹਨ।

ਸਾਹਿਤ ਪ੍ਰੇਮੀ ਜਾਣਦੇ ਹਨ ਕਿ ਚੰਗੀਆਂ ਸਾਹਿਤ ਸਭਾਵਾਂ ਸਾਹਿਤ ਦੀ ਬੇਹਤਰੀ ਲਈ ਮਹੱਤਵਪੂਰਨ ਰੋਲ ਅਦਾ ਕਰਦੀਆਂ ਹਨ। ਸਾਹਿਤ ਸਿਰਜਣਾ ਦੇ ਨਾਲ਼ ਨਾਲ਼ ਸੁਖਵਿੰਦਰ ਕੰਬੋਜ ਕੈਲੀਫੋਰਨੀਆ ਦੀਆਂ ਪੰਜਾਬੀ ਸਾਹਿਤ ਸਭਾਵਾਂ ਦਾ ਮੋਢੀ ਵੀ ਹੈ। ਪੰਜਾਬੀ ਸਾਹਿਤ ਦੀਆਂ ਜਾਣੀਆਂ ਪਛਾਣੀਆਂ ਸ਼ਖ਼ਸੀਅਤਾਂ ਡਾ. ਗੁਰੂਮੇਲ ਸਿੱਧੂ ਅਤੇ ਸੁਰਿੰਦਰ ਸੀਰਤ ਦੇ ਮੋਢਿਆਂ ਨਾਲ਼ ਮੋਢਾ ਲਾਉਂਦਿਆਂ ਸੁਖਵਿੰਦਰ ਨੇ 'ਪੰਜਾਬੀ ਸਾਹਿਤ ਸਭਾ ਕੈਲੀਫੋਰਨੀਆ' ਅਤੇ ਫਿਰ ਸਿਰਮੌਰ ਸੰਸਥਾ 'ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ)' ਕੈਲੀਫ਼ੋਰਨੀਆ ਦੀ ਸਥਾਪਨਾ ਕੀਤੀ।

ਇਹ ਕੌੜਾ ਸੱਚ ਹੈ ਕਿ ਅਜੋਕੇ ਸਮੇਂ ਦਾ ਲੇਖਕ ਸਮਾਜ ਨਾਲੋਂ ਟੁੱਟ ਕੇ ਦੂਰ ਹੁੰਦਾ ਜਾ ਰਿਹਾ ਹੈ। ਇਨਕਲਾਬੀ ਰੂਹ ਵਾਲੀ ਕਵਿਤਾ ਦਾ ਸਿਰਜਕ ਸੁਖਵਿੰਦਰ ਕੰਬੋਜ ਜਿੱਥੇ ਲੋਕਾਂ ਦੇ ਹਿਤਾਂ ਦੀ ਗੱਲ ਕਰਦਾ ਹੈ, ਬੇਇਨਸਾਫ਼ੀਆਂ ਖਿਲਾਫ਼ ਝੰਡਾ ਚੁੱਕਦਾ ਹੈ, ਉੱਥੇ ਹੀ ਉਸ ਦੀ ਸਿਰਜਣਾ ਵਿਚ ਵੰਨ-ਸੁਵੰਨਤਾ ਵੀ ਨਜ਼ਰੀਂ ਪੈਂਦੀ ਹੈ। ਉਸ ਨੂੰ ਸਮਾਜਿਕ, ਆਰਥਿਕ, ਸਿਆਸੀ ਤੇ ਸੱਭਿਆਚਾਰਕ ਤਾਣਿਆ-ਬਾਣਿਆਂ ਦੀਆਂ ਗੁੰਝਲਦਾਰ ਤੰਦਾਂ ਦੀ ਸਮਝ ਹੈ। ਕਵਿਤਾ ਮਾਨਵਤਾ ਵਿਰੋਧੀ ਵਰਤਾਰਿਆਂ ਦੀ ਚਿੰਤਾ, ਚਿੰਤਨ ਅਤੇ ਚੇਤਨ ਦਾ ਸੰਵਾਦ ਛੇੜਦੀ ਹੈ। ਉਸ ਦੇ ਸ਼ਬਦਾਂ ਦੇ ਬੋਲਾਂ ਵਿਚ ਦੇਸ ਅਤੇ ਪਰਦੇਸ ਦੀ ਜ਼ਿੰਦਗੀ ਦੇ ਅਨੁਭਵ ਤੇ ਅਹਿਸਾਸ ਬੋਲਦੇ ਹਨ। ਇਹ ਵੰਨਗੀ ਉਸ ਦੇ ਸੰਵੇਦਨਸ਼ੀਲ ਕਾਵਿ-ਮਨ ਨੂੰ ਪ੍ਰਗਟਾਉਂਦਿਆਂ ਉਸ ਦੀ ਸਿਰਜਣਾ ਨੂੰ ਚਾਰ ਚੰਨ ਲਗਾਉਂਦੀ ਹੈ। ਸੰਵੇਦਨਸ਼ੀਲ ਅਤੇ ਕਾਵਿ ਮਨ ਵਾਲੇ ਨੇਤਰ ਦਾ ਕਮਾਲ ਸੁਖਵਿੰਦਰ ਕੰਬੋਜ ਦੀ ਲਿਖਤ 'ਚ ਸਾਫ਼ ਝਲਕਦਾ ਹੈ। ਸੁਖਵਿੰਦਰ ਨੂੰ ਗੱਲ ਕਹਿਣ ਦੀ ਜਾਚ ਹੈ ਅਤੇ ਉਹਦੀ ਕਵਿਤਾ ਉਸ ਦੇ ਮਨ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ ਹੈ। ਸ਼ਾਇਰੀ ਵਿਚਲਾ ਰੰਗ, ਰਾਗ ਅਤੇ ਰਸ ਨਿਰਸੰਦੇਹ ਸੁਹਿਰਦ ਪਾਠਕ ਦੀ ਰੂਹ ਨੂੰ ਧੂਹ ਪਾਉਂਦਾ ਹੈ।

ਆਮ ਲੋਕਾਂ ਦੀਆਂ ਜੜ੍ਹਾਂ ਨਾਲ਼ ਜੁੜੇ, ਨਿਰੋਲ ਤੇ ਨਿਰਸਵਾਰਥ ਸੋਚ ਦੇ ਧਾਰਨੀ ਸੁਖਵਿੰਦਰ ਕੰਬੋਜ ਦੀ ਇਹ ਖ਼ਾਸੀਅਤ ਵੀ ਪਾਠਕਾਂ ਨਾਲ ਸਾਂਝੀ ਕਰਨੀ ਬਣਦੀ ਹੈ ਕਿ ਉਹ 'ਜੁਝਾਰੂ ਕਵਿਤਾ ਦਾ ਸਿਰਨਾਵਾਂ' ਹੁੰਦਿਆਂ ਵੀ ਖ਼ੁਦ ਨੂੰ ਨਿਮਾਣਾ ਸਮਝਦਾ ਹੈ। ਨਵੇਂ ਪੁੰਗਰਦੇ ਲੇਖਕਾਂ ਦੇ ਹੌਂਸਲੇ ਬੁਲੰਦ ਕਰਦਾ ਰਹਿੰਦਾ ਹੈ। ਉਸ ਦੀ ਇਹ ਵਿਲੱਖਣਤਾ ਨਿਰਸੰਦੇਹ ਉਸ ਨੂੰ 'ਜ਼ਿੰਦਗੀ ਦੀ ਕਿਤਾਬ' ਦਾ ਸਮਰੱਥ ਲੇਖਕ ਬਣਾ ਦਿੰਦੀ ਹੈ। ਇਹ ਵਿਸ਼ੇਸ਼ਤਾ ਅਕਸਰ 'ਵੱਡੇ ਲੇਖਕਾਂ' ਵਿਚ ਗਾਇਬ ਹੁੰਦੀ ਹੈ। ਸੁਖਵਿੰਦਰ ਦੀ ਸ਼ਖ਼ਸੀਅਤ ਅਤੇ ਸਾਹਿਤਕ ਸਫ਼ਰ ਉੱਪਰ ਲੰਮਾ-ਚੌੜਾ ਲੇਖ ਹੀ ਨਹੀਂ, ਬਲਕਿ, ਪੂਰੀ ਕਿਤਾਬ ਲਿਖੀ ਜਾ ਸਕਦੀ ਹੈ। ਫਿਲਹਾਲ ਗੱਲ ਉਸ ਦੇ ਕਾਵਿ ਸੰਗ੍ਰਹਿ "ਉਮਰ ਦੇ ਇਸ ਮੋੜ ਤੀਕ" 'ਤੇ ਹੀ ਕੇਂਦ੍ਰਿਤ ਰੱਖਦੇ ਹਾਂ।

**"ਉਮਰ ਦੇ ਇਸ ਮੋੜ ਤੀਕ"...**

**ਸੁਖਵਿੰਦਰ ਕੰਬੋਜ ਦੀ ਸਿਰਜਣਾ ਦਾ ਖ਼ੂਬਸੂਰਤ ਲੇਖਾ-ਜੋਖਾ!!**






ਆਪਣੇ ਲੰਮੇ ਸਾਹਿਤਕ ਸਫ਼ਰ ਦੇ ਪੈਂਡਿਆਂ 'ਤੇ ਚੱਲਦਿਆਂ-ਚੱਲਦਿਆਂ ਜਦ ਸੁਖਵਿੰਦਰ ਕੰਬੋਜ ਜ਼ਰਾ ਕੁ ਖੜ੍ਹ ਕੇ 'ਦਮ ਭਰਦਾ' ਹੈ... ਤਾਂ ਪੰਜਾਬੀ ਸਾਹਿਤ ਦਾ ਜਾਣਿਆ-ਪਛਾਣਿਆ ਸ਼ਖ਼ਸ 'ਸੁਰਜੀਤ ਜੱਜ' ਉਸ ਨਾਲ਼ ਆ ਰਲ਼ਦਾ ਹੈ। "ਉਮਰ ਦੇ ਇਸ ਮੋੜ ਤੀਕ"... ਇਨ੍ਹਾਂ ਦੋਹਾਂ ਸੱਜਣਾਂ ਦੀ 'ਸੁਖਵਿੰਦਰ ਕੰਬੋਜ ਦੇ ਸਾਹਿਤਕ ਸਫ਼ਰ' ਉੱਪਰ ਪਿਛਲ-ਝਾਤ ਹੈ, ਲੇਖਾ-ਜੋਖਾ ਹੈ ਅਤੇ ਰਚਨਾਤਮਿਕ ਪ੍ਰਕਿਰਿਆ ਦੇ ਇਸ ਮੀਲ-ਪੱਥਰ ਤੀਕਰ ਦਾ ਸਵੈ-ਮੁਲਾਂਕਣ ਹੈ। ਪਾਠਕਾਂ ਨਾਲ਼ ਇਹ ਵੀ ਸਾਂਝਾ ਕਰਨਾ ਬਣਦਾ ਹੈ ਕਿ ਸੁਖਵਿੰਦਰ ਕੰਬੋਜ ਦੀ ਸਾਹਿਤਕ ਸਿਰਜਣਾ ਦਾ ਸਫ਼ਰ ਅੱਜ ਵੀ ਨਿਰੰਤਰ ਜਾਰੀ ਹੈ। ਉਸ ਦੀ ਸਾਹਿਤਕ ਪਰਵਾਜ਼ ਨਿਰਸੰਦੇਹ ਉੱਚੀ ਤੇ ਲੰਮੀ ਹੈ। ਸੰਵੇਦਨਸ਼ੀਲਤਾ, ਉੱਚੀ ਸੋਚ ਅਤੇ ਸਮਾਜਿਕ ਸਰੋਕਾਰਾਂ ਦੀ ਗਹਿਰਾਈ ਉਸ ਦੀ ਸ਼ਾਇਰੀ ਦੀ ਡੂੰਘੀ ਨੀਂਹ ਬਣਦੇ ਹਨ।

ਆਪਣੇ ਘਰ-ਪਰਿਵਾਰ ਦੇ ਮੈਂਬਰਾਂ ਨੂੰ ਸਮਰਪਿਤ, 416 ਪੰਨਿਆਂ ਦੀ ਇਸ ਵੱਡਆਕਾਰੀ ਪੁਸਤਕ ਨੂੰ ਸੁਰਜੀਤ ਜੱਜ ਨੇ ਸੰਪਾਦਿਤ ਕੀਤਾ ਹੈ, ਜਿਸ ਵਿਚ ਸੁਖਵਿੰਦਰ ਕੰਬੋਜ ਦੇ 3 ਵਿਭਿੰਨ ਵਿਸ਼ਿਆਂ ਵਾਲੇ ਕਾਵਿ ਸੰਗ੍ਰਹਿ - 'ਜਾਗਦੇ ਅੱਖਰ, 'ਇੱਕੋ ਜਿਹਾ ਦੁੱਖ' ਅਤੇ 'ਨਵੇਂ ਸੂਰਜ', ਸ਼ਾਮਲ ਕੀਤੇ ਗਏ ਹਨ। ਚੇਤਨਾ ਪ੍ਰਕਾਸ਼ਨ ਵੱਲੋਂ ਪ੍ਰਕਾਸ਼ਿਤ ਇਸ ਪੁਸਤਕ ਵਿਚ ਵਿਭਿੰਨ ਰੰਗਾਂ ਰੂਪਾਂ ਤੇ ਸਾਰਥਿਕ ਸੁਨੇਹਿਆਂ ਨਾਲ ਲਬਰੇਜ਼ 172 ਕਵਿਤਾਵਾਂ ਪਾਠਕ ਨੂੰ ਸੁਖਵਿੰਦਰ ਕੰਬੋਜ ਦੀ ਸਾਧਨਾ ਅਤੇ ਸਿਰਜਾਣਤਮਿਕ ਸਮਰੱਥਾ ਦਾ ਕਾਇਲ ਬਣਾਉਂਦੀਆਂ ਹਨ।

ਅਜੋਕੇ ਸਮੇਂ 'ਚ ਪੰਜਾਬੀਆਂ ਦੇ ਪਰਵਾਸ ਦਾ ਹੜ੍ਹ ਸਭ ਹੱਦਾਂ ਕੰਢੇ ਪਾਰ ਗਿਆ ਹੈ। ਪੁਸਤਕ ਦੇ ਪਹਿਲੇ ਭਾਗ ਦੀ ਪਹਿਲੀ ਕਵਿਤਾ ਪਰਵਾਸੀ ਅਤੇ ਪਰਵਾਸ ਦੀ ਤ੍ਰਾਸਦੀ 'ਤੇ ਕੇਂਦ੍ਰਿਤ ਹੈ। ਪਰਦੇਸੀਆਂ ਦਾ ਤਨ ਪਰਦੇਸ ਵਿਚ ਹੁੰਦਿਆਂ ਹੋਇਆਂ ਵੀ ਮਨ ਆਪਣੇ ਦੇਸ ਪੰਜਾਬ ਵਿਚ ਗੁਆਚਾ ਰਹਿੰਦਾ ਹੈ। "ਇੱਕੋ ਜਿਹਾ ਦੁੱਖ" ਕਵਿਤਾ ਵਿਚ ਸੁਖਵਿੰਦਰ ਨੇ 'ਪਰਦੇਸ ਦਾ ਉਹਲਾ' ਅਤੇ 'ਪਰਦੇਸੀਆਂ ਦੀ ਮਨੋਦਸ਼ਾ' ਨੂੰ ਬਾਖ਼ੂਬੀ ਨਾਲ਼ ਪਾਠਕਾਂ ਦੇ ਸਨਮੁੱਖ ਕੀਤਾ ਹੈ...

ਮਿਤਰੋ...
ਤੁਹਾਡੇ ਕੋਲ ਘੱਟੋ ਘੱਟ ਸਮਾਂ ਤਾਂ ਹੈ
ਤਰੇਲ ਧੋਤੀਆਂ ਕਣਕਾਂ ਨੂੰ ਨਿਹਾਰਨ ਦਾ
ਤੇ ਸ਼ਾਮਾਂ ਨੂੰ ਪਤਾ ਨਹੀਂ ਕਿਹੜੇ ਕਿਹੜੇ ਘਰਾਂ ਨੂੰ ਜਾਂਦੇ
ਪੰਛੀਆਂ ਦੀਆਂ ਡਾਰਾਂ ਨੂੰ ਤੱਕਣ ਦਾ
ਅਤੇ ਸਾਡੇ ਕੋਲ ਇੱਥੇ
ਤਾਂ ਮਰਨ ਦਾ ਵਿਹਲ ਨਹੀਂ

"ਪਿਤਾ ਤੇ ਮੈਂ" ਅਤੇ "ਤੇਰਾ ਗੁੱਸਾ" ਕਵਿਤਾਵਾਂ ਵਿਚ ਸੁਖਵਿੰਦਰ ਕੰਬੋਜ ਦੀ ਲੋਕ ਹਿਤਾਂ ਦੀ ਖ਼ਾਤਰ ਜੁਝਾਰੂ ਅਤੇ ਇਨਕਲਾਬੀ ਸੋਚ ਦਾ ਪ੍ਰਗਟਾਵਾ ਹੈ। ਇਸ ਦੇ ਨਾਲ਼ ਹੀ ਦੂਸਰੇ ਵਿਦਵਾਨਾਂ ਅਤੇ ਲੀਡਰਾਂ ਵਾਸਤੇ ਵੰਗਾਰ ਵੀ...

ਕਿਸਾਨ ਖ਼ੁਦਕੁਸ਼ੀਆਂ ਕਰ ਰਹੇ ਨੇ ਅੱਜ ਕੱਲ੍ਹ
ਤੇ ਅਸੀਂ ਹਾਂ ਕਿ ਹਾਲੇ ਤੱਕ
ਇਹ ਨਿਰਣਾ ਨਹੀਂ ਕਰ ਸਕੇ
ਕਿ ਖੱਬਾ ਪੈਰ ਚੰਗਾ ਹੈ ਜਾਂ ਸੱਜਾ ਪੈਰ
ਜਦੋਂ ਕਿ ਤੁਰਨ ਲਈ ਤਾਂ ਯਾਰੋ
ਦੋਹਾਂ ਹੀ ਪੈਰਾਂ ਦੀ ਜ਼ਰੂਰਤ ਹੈ।

ਇਹ ਕਹਿੰਦੇ ਨੇ
ਇਹ ਕਵਿਤਾ ਨਹੀਂ, ਇਹ ਤਾਂ ਸਿੱਧਾ ਨਾਹਰਾ ਹੈ
ਮੈਂ ਪੁੱਛਦਾ ਹਾਂ, ਉਨ੍ਹਾਂ ਚਿੰਤਕਾਂ, ਆਲੋਚਕਾਂ ਤੋਂ
ਕੀ ਜੀਵਨ ਸਿਰਫ ਸਹਿਜਤਾ ਦਾ ਹੀ ਨਾਮ ਹੈ?
ਕੀ ਦੇਹ ਤੋਂ ਪਰੇ ਕਵਿਤਾ ਖ਼ਤਮ ਹੈ?

ਆਪਣੀ ਜੀਵਨ ਸਾਥਣ 'ਨਵਦੀਪ' ਨੂੰ ਸਮਰਪਿਤ ਕੀਤੀਆਂ ਰਚਨਾਵਾਂ "ਸਮਰਪਣ" ਅਤੇ "ਤੂੰ ਮੇਰੇ ਕੋਲ ਹੈਂ" ਵਿਚ ਸੁਖਵਿੰਦਰ ਕੰਬੋਜ ਦੇ ਕਾਵਿ ਮਨ ਦੇ ਇਸ ਰੰਗ-ਰੂਪ-ਰਸ ਨੂੰ ਵੀ ਜਾਣੋ ਅਤੇ ਮਾਣੋ...

ਮੈਨੂੰ ਲੱਗਦਾ
ਮੈਂ ਉਹਦੇ ਪਿਆਰ 'ਚ
ਉਸ ਤਰ੍ਹਾਂ ਨਹੀਂ ਡੁੱਬਿਆ
ਜਿਵੇਂ ਉਹ ਡੁੱਬੀ ਹੈ...

ਤੂੰ ਕੋਈ ਆਈਫ਼ਲ ਟਾਵਰ 'ਤੇ ਤਾਂ ਨਹੀਂ ਹੈ
ਨਵਦੀਪ!
ਤੂੰ ਕਿਤੇ ਵੀ ਜਾ...
...ਤੂੰ ਮੇਰੇ ਕੋਲੋਂ ਭੱਜ ਹੀ ਨਹੀਂ ਸਕਦੀ

ਜ਼ਿੰਦਗੀ ਬਹੁਤਾ ਕਰਕੇ ਇਕਸਾਰ ਨਹੀਂ ਚੱਲਦੀ। ਇਸ ਉਤਰਾਅ-ਚੜ੍ਹਾਅ ਵਿਚ ਕੁਝ ਸੱਜਣ ਪਿਆਰੇ ਸਦਾ ਲਈ ਵਿੱਛੜ ਜਾਂਦੇ ਹਨ, ਕੁਝ ਜਿਉਂਦੇ ਜੀਅ ਛੱਡ ਜਾਂਦੇ ਨੇ, ਕੁਝ ਕੁ ਤੋਂ ਅਸਾਂ ਆਪ ਪਰ੍ਹੇ ਹੋ ਜਾਂਦੇ ਹਾਂ ਅਤੇ ਕੁਛ ਇੱਕ ਤੋਂ ਸਾਨੂੰ ਪਰ੍ਹੇ ਧੱਕ ਦਿੱਤਾ ਜਾਂਦਾ ਹੈ। ਕਾਰਨ ਕੋਈ ਵੀ ਹੋਵੇ ਪਰ ਮਨ ਵਿਚ ਕਿਤੇ ਨਾ ਕਿਤੇ ਪਛਤਾਵਾ ਜ਼ਰੂਰ ਰਹਿੰਦਾ ਹੈ। ਵਕਤ-ਬੇਵਕਤ ਮਨ ਦੇ ਕੈਨਵਸ 'ਤੇ ਉੱਕਰੀਆਂ ਅਜਿਹੀਆਂ ਕੌੜੀਆਂ-ਮਿੱਠੀਆਂ ਯਾਦਾਂ ਮਨ ਨਾਲ਼ ਹੀ ਸੰਵਾਦ ਰਚਾਉਂਦੀਆਂ ਹਨ।

ਮੰਨਿਆ ਜਾਂਦਾ ਹੈ ਕਿ ਰਿਸ਼ਤਿਆਂ ਦੇ ਤਾਣਿਆਂ-ਬਾਣਿਆਂ ਵਿਚ ਮਾਂ ਦਾ ਰਿਸ਼ਤਾ ਬੜਾ ਨਾਜ਼ੁਕ ਹੁੰਦਾ ਹੈ। ਯਕੀਨਨ ਹੀ 'ਨਾੜੂ ਦੀ ਸਾਂਝ' ਕਾਰਨ। ਮਾਂ ਅਤੇ ਬਾਪ ਤੁਰ ਜਾਣ ਤੋਂ ਚਿਰ ਬਾਅਦ ਵੀ ਸਾਡੇ ਮਨਾਂ ਵਿਚ ਵੱਸਦੇ ਰਹਿੰਦੇ ਹਨ। "ਮਾਂ ਲਈ" ਅਤੇ "ਪਿਤਾ" ਕਵਿਤਾਵਾਂ ਸੁਖਵਿੰਦਰ ਦੇ ਮਨ ਦੇ ਵਲਵਲਿਆਂ ਨੂੰ ਪ੍ਰਗਟਾਉਂਦੀਆਂ ਹਨ...

ਤੁਰ ਗਈ ਏ ਮਾਂ
ਲੰਮੀ ਮੁਗ਼ਲ ਬਿਮਾਰੀ ਨਾਲ ਯੁੱਧ ਕਰਕੇ
ਛੱਡ ਗਈ ਏ ਪਿੱਛੇ
ਮੋਹ ਭਰੀਆਂ ਯਾਦਾਂ...

ਮੇਰੇ ਪਿਤਾ ਦੇ ਚਿਹਰੇ 'ਤੇ
ਸਿਰਫ਼ ਇਕ ਉਹਦਾ ਹੀ ਚਿਹਰਾ ਸੀ
ਮੇਰੇ ਵਾਂਗ ਅਨੇਕਾਂ ਚਿਹਰਿਆਂ ਦਾ
ਕੋਲਾਜ਼ ਨਹੀਂ ਸੀ...

ਸਮਾਜ ਨੂੰ ਬਦਲਣ ਲਈ ਮਨੁੱਖ ਨੂੰ ਖ਼ੁਦ ਅੰਦਰੋਂ ਬਦਲਣਾ ਪਵੇਗਾ। ਇਨਕਲਾਬੀ ਸੋਚ ਵਾਲਾ ਕੰਬੋਜ ਕਰ ਰਿਹਾ "ਮਾਰਕਸ ਦੀ ਵਾਪਸੀ" ਦੀ ਗੱਲ ਆਪਣੇ ਹੀ ਅੰਦਾਜ਼ ਵਿਚ...

ਮੈਂ ਆਵਾਂਗਾ
ਕਿ ਆਉਣ ਤੋਂ ਬਿਨਾਂ
ਕੋਈ ਚਾਰਾ ਨਹੀਂ ਹੈ
ਕਿੱਥੇ ਲੁਕਾਵਾਂਗਾ ਮੈਂ
ਆਪਣੇ ਲੋਕਾਂ ਦਾ ਦਰਦ...

ਪੁਸਤਕ ਦਾ ਦੂਸਰਾ ਭਾਗ ਸੁਖਵਿੰਦਰ ਨੇ ਆਪਣੇ ਸਨੇਹੀ ਪਾਸ਼ ਅਤੇ ਗੁਰਦੀਪ ਸਿੰਘ ਨੂੰ ਸਮਰਪਿਤ ਕੀਤਾ ਹੈ। ਕੈਲੀਫ਼ੋਰਨੀਆ ਦੀ "ਸੈਨਹੋਜ਼ੇ ਸ਼ਹਿਰ ਦੀ ਰਾਤ" ਵਿਚੋਂ ਦੁਆਬੇ ਦੇ ਆਪਣੇ ਪਿੰਡ ਦੀ ਰਾਤ ਜਿਹੀ ਰਾਤ ਭਾਲਦਾ ਹੈ...

ਇਹ ਸ਼ਹਿਰ ਮੇਰੇ ਪਿੰਡ ਵਾਂਗ ਕਿਉਂ ਨਹੀਂ ਸੌਂਦਾ
ਜਾਗਦਾ ਰਹਿੰਦਾ ਹੈ ਸਾਰੀ ਰਾਤ, ਇਹ ਸ਼ਹਿਰ
ਇਸ ਸ਼ਹਿਰ ਨੂੰ ਜਾਗਣਾ ਦਾ ਸਰਾਪ ਹੈ।

"ਸਰਘੀ ਦਾ ਤਾਰਾ" ਵੀ ਇੱਕ ਭਾਵਪੂਰਤ ਕਵਿਤਾ ਹੈ...

ਕੋਈ ਤਾਂ ਬਾਤ ਪਾ
ਕੋਈ ਤਾਂ ਛੇੜ ਕਥਾ...
ਕਿ ਹਵਾਵਾਂ ਦੇ ਸਫ਼ੇ ਅਰਥਾਂ ਨਾਲ਼ ਭਰ ਜਾਣ

ਸੱਤ੍ਹਾਧਾਰੀਆਂ ਦੀਆਂ ਪ੍ਰੰਪਰਾਵਾਂ ਸਮੇਂ ਨਾਲ ਵੀ ਨਹੀਂ ਬਦਲਦੀਆਂ। ਸੱਤ੍ਹਾਧਾਰੀ ਆਪਣੀ ਬਿਸਾਤ ਵਿਛਾਉਂਦਿਆਂ ਇਹ ਖ਼ਿਆਲ ਰੱਖਦੇ ਹਨ ਕਿ ਤਾਕਤਵਰ ਮੋਹਰੇ ਉਨ੍ਹਾਂ ਦੀਆਂ ਉਂਗਲੀਆਂ 'ਤੇ ਨੱਚਣ, ਪੁਤਲੀਆਂ ਦੇ ਨਾਚ ਵਾਂਗ। ਆਮ ਲੋਕ ਤਾਂ ਸਿਰਫ਼ ਪਿਆਦੇ ਹਨ, ਜੋ ਵਰਤੇ ਜਾਂਦੇ ਹਨ। ਇਤਿਹਾਸ ਫਰੋਲਦਿਆਂ ਇਹ ਵਰਤਾਰੇ ਵਾਰ-ਵਾਰ ਅਤੇ ਹਰ ਵਾਰ ਰਲਦੇ ਮਿਲਦੇ ਜਾਪਦੇ ਹਨ। ਲੋਕਾਂ ਨੂੰ ਉਕਸਾਉਣ, ਲੜਾਉਣ, ਮਰਨ-ਮਰਾਉਣ ਦੇ ਪਿੱਛੇ ਕੁਰਸੀ ਅਤੇ ਚੌਧਰ ਨੂੰ ਬਚਾਉਣਾ ਹੀ ਹੁੰਦਾ ਹੈ। "ਹਨੇਰਿਆਂ ਲਈ" ਰਚਨਾ ਵਿਚ ਸੁਖਵਿੰਦਰ ਭਟਕੇ ਹੋਏ ਲੋਕਾਂ ਨਾਲ਼ ਮਨ ਦੀ ਗੱਲ ਕਰ ਰਿਹਾ ਹੈ...

..ਕੁਰਸੀ ਦਾ ਤਾਂ ਇਕ ਹੀ ਧਰਮ ਹੁੰਦਾ ਹੈ
ਸੱਤ੍ਹਾ ਤੇ ਪ੍ਰਬੰਧ ਦੇ ਮੋਏ ਘੋੜਿਆਂ ਨੂੰ
ਸਮੇਂ ਦਾ ਸੱਚ ਕਹਿੰਦੇ ਹੋਏ ਨਸ਼ਰ ਕਰਨਾ
ਤੇ ਕੁਰਸੀ ਤਾਂ ਕੁਰਸੀ ਹੈ...

ਪਾਸ਼ (ਅਵਤਾਰ ਸਿੰਘ ਸੰਧੂ) ਸਿਰਫ਼ ਇਨਕਲਾਬੀ ਕਵੀ ਹੀ ਨਹੀਂ ਸੀ! ਉਹ ਤਾਂ ਇੱਕ ਸੋਚ ਹੈ। ਪਾਸ਼ ਨੂੰ ਜਿਸਮਾਨੀ ਤੌਰ 'ਤੇ ਤੁਰ ਗਿਆਂ ਤਾਂ ਹੁਣ ਦਹਾਕੇ ਬੀਤ ਗਏ ਨੇ, ਪਰ ਅਸਲ ਵਿਚ ਉਹ ਜਾ ਕੇ ਵੀ ਨਹੀਂ ਗਿਆ। ਅੱਜ ਵੀ ਜਿਉਂਦਾ ਹੈ ਆਪਣੀ ਜੁਝਾਰੂ ਸਿਰਜਣਾ ਦੀ ਰੂਹ ਦੇ ਧੁਰ ਅੰਦਰ। ਪਾਸ਼ ਨੂੰ ਸਮਰਪਿਤ ਬਾਕਮਾਲ ਕਵਿਤਾਵਾਂ "ਜਾਗਦੇ ਅੱਖਰ", "ਪਾਸ਼ ਨੂੰ ਯਾਦ ਕਰਦਿਆਂ" ਅਤੇ "ਪਾਸ਼ ਦੀ ਯਾਦ 'ਚ" ਵਿਚ ਸੁਖਵਿੰਦਰ ਨੇ ਆਪਣੀ ਅਤੇ ਪਾਸ਼ ਦੀ ਰੂਹ ਦੇ ਅਹਿਸਾਸਾਂ ਨੂੰ ਵਿਲੱਖਣ ਰੰਗਾਂ ਵਿਚ ਇੰਜ ਰੰਗਿਆ ਹੈ...

ਉਹਨਾਂ ਲਈ ਭਲਾ ਕਿੰਨਾ ਕੁ ਔਖਾ ਸੀ
ਬੰਦੂਕ ਦਾ ਘੋੜਾ ਦਬਾਉਣਾ
ਇਹ ਤਾਂ ਜਣੇ ਦੀ
ਹਿੱਕ ਵਿਚਲਾ ਜੋਸ਼ ਸੀ
ਜੋ ਏਨਾ ਸਿੱਕਾ
ਜਿਸਮ ਤੇ ਜਰ ਕੇ ਵੀ
ਮਰ ਨਹੀਂ ਸਕਿਆ...

ਉਨ੍ਹਾਂ ਤਾਂ ਸਿਰਫ਼ ਹਵਾਵਾਂ 'ਤੇ ਫ਼ਾਇਰ ਕੀਤੇ
ਅਤੇ ਜਿਲਦਾਂ 'ਚ ਬੰਦ ਪਏ
ਸੁੱਤੇ ਹੋਏ ਸ਼ਬਦਾਂ ਨੂੰ ਜਗਾ ਦਿੱਤਾ
ਸਗੋਂ ਘਰ ਘਰ ਪਹੁੰਚਾ ਦਿੱਤਾ।

ਉਨ੍ਹਾਂ ਸੂਰਜ ਕਤਲ ਕੀਤਾ ਹਰ ਵਾਰ ਹੀ ਹਨੇਰੇ ਹਨੇਰੇ
ਚੰਦਰੇ ਸੁਪਨੇ ਦੀ ਪੈੜ ਜਾਗਦੀ ਹਨੇਰੇ ਹਨੇਰੇ...

ਪਰ ਅਸੀਂ ਭੁੱਲਾਂਗੇ ਨਹੀਂ
ਹਨੇਰੇ ਦੀ ਪਰਿਕਰਮਾ ਕਰਦੇ ਉਨ੍ਹਾਂ ਲੇਖਕਾਂ ਨੂੰ
ਜੋ ਤੇਰੇ ਕਤਲ ਦੀ ਸਾਜ਼ਿਸ਼ 'ਚ ਸ਼ਾਮਲ ਹੋਏ...

ਕਵਿਤਾ ਕੀ ਹੈ? ਇਸ ਬਾਰੇ ਪੁਸਤਕਾਂ ਲਿਖੀਆਂ ਗਈਆਂ, ਪਰ ਫਿਰ ਵੀ ਕਵਿਤਾ ਦੀ ਅਸਲ ਪਰਿਭਾਸ਼ਾ ਬਾਰੇ ਵੱਖ-ਵੱਖ ਵਿਚਾਰ ਹਨ। ਕਵਿਤਾ ਬਾਰੇ "ਕਵਿਤਾ" ਨਾਮ ਦੀ ਕਵਿਤਾ ਵਿਚ ਸੁਖਵਿੰਦਰ ਦੀ ਵਿਲੱਖਣ ਸੋਚ ਇੰਜ ਕਹਿ ਰਹੀ ਹੈ...

ਇਸ ਦੁਨੀਆਂ ਦਾ ਅੱਜ ਕਵਿਤਾ ਹੈ
ਕੱਲ੍ਹ ਕਵਿਤਾ ਸੀ, ਪਰਸੋਂ ਵੀ ਕਵਿਤਾ ਹੈ
ਇੱਥੇ, ਉੱਥੇ, ਇਧਰ, ਉਧਰ
ਜਿੱਥੇ ਵੀ ਚੇਤਨ ਦਾ ਆਰੰਭ ਹੈ ਹੋਇਆ
ਸਭ ਕਵਿਤਾ ਹੈ।

ਸੁਖਵਿੰਦਰ ਕੰਬੋਜ ਗ਼ਜ਼ਲ ਵੀ ਕਮਾਲ ਦੀ ਲਿਖਦਾ ਹੈ ਅਤੇ ਇਹਦੇ ਗੀਤ ਵੀ ਪਾਠਕ ਦੀ ਰੂਹ ਨੂੰ ਛੂਹ ਜਾਂਦੇ ਹਨ... ਇਸ ਵੰਨਗੀ ਨੂੰ ਪਾਠਕਾਂ ਨਾਲ਼ ਸਾਂਝਿਆਂ ਕਰਨਾ ਬਣਦਾ ਹੈ...

ਕਦੇ ਬਿਨ ਮੁਖੌਟੇ ਵੀ ਹੋ ਆਪੇ ਸਾਹ੍ਵੇਂ,
ਕਦੋ ਤੱਕ ਰਹੇਂਗਾ ਤੂੰ ਸ਼ੀਸ਼ੇ ਨੂੰ ਛਲ਼ਦਾ ।

ਤੇਰਾ ਸੁਖਵਿੰਦਰ ਨਹੀਂ ਸੁੱਖ ਦਾ ਇੰਦਰ,
ਰਹੇ ਤਾਹੀਓਂ ਸੁਣਨੋਂ, ਨਾਂ ਆਪਣਾ ਇਹ ਟਲ਼ਦਾ ।

ਇਹ ਫ਼ਸਲ ਮੇਰੀ ਧੀ ਜੋ ਫਿਰ ਇਸ ਸਾਲ ਰੁੜ੍ਹ ਗਈ,
ਕੀਤੀ ਕੀ ਮੇਰੇ ਸੰਗ, ਮੇਰੇ ਆਪਣੇ ਹੀ ਪਾਣੀਆਂ ।

ਪਰਦੇਸੀਆ! ਪਰਦੇਸੀਆ! ਓਹ ਮੇਰੇ ਦਿਲ ਜਾਨੀਆਂ
ਉਮਰਾਂ ਤਾਂ ਬੀਤ ਚੱਲੀਆਂ, ਇਹ ਕਾਹਦੀਆਂ ਜ਼ਿੰਦਗਾਨੀਆਂ
ਪਰਦੇਸੀਆ! ਪਰਦੇਸੀਆ!...

ਨਾਰੀ ਦਾ ਦਿਲ ਅੰਬਰ ਵਰਗਾ, ਸਾਗਰ ਵਰਗਾ ਜੇਰਾ ਹੈ
ਸਹਿ ਜਾਵੇ ਤਾਂ ਫ਼ੱਟ ਸਹੇ ਇਹ, ਨਾਰੀ ਸਬਰ ਇਹ ਤੇਰਾ ਹੈ...

ਮਾਤਾ ਸਵਰਨ ਕੌਰ ਨੂੰ ਸਮਰਪਿਤ ਪੁਸਤਕ ਦੇ ਤੀਸਰੇ ਭਾਗ "ਨਵੇਂ ਸੂਰਜ" ਦੀਆਂ ਕਵਿਤਾਵਾਂ ਵੀ ਪੜ੍ਹਨ ਅਤੇ ਸਲਾਹੁਣਯੋਗ ਹਨ। ਕੋਈ ਵੀ ਇਨਸਾਨ ਆਪਣੀ ਮਾਂ ਤੇ ਮਾਂ-ਭੋਇੰ ਤੋਂ ਦੂਰ ਨਹੀਂ ਜਾਣਾ ਚਾਹੁੰਦਾ। ਪਰਵਾਸ ਚਾਹੇ ਦੇਸ਼ ਵਿਚ ਹੋਵੇ ਜਾਂ ਸੱਤ ਸਮੁੰਦਰੋਂ ਪਾਰ, ਪਰ ਪਰਵਾਸੀਆਂ ਦਾ ਮਨ ਆਪਣੀ ਮਾਂ ਭੂਮੀ ਅਤੇ ਵਿੱਛੜ ਗਏ ਪਰਿਵਾਰ ਵਿਚ ਹੀ ਰਹਿੰਦਾ ਹੈ। ਮਜ਼ਦੂਰ ਸਿਰ ਸੁੱਟ ਮਜ਼ਦੂਰੀ ਕਰਦਾ ਹੈ ਪਰ ਫਿਰ ਵੀ ਜ਼ਿੰਦਗੀ ਦੇ ਫ਼ਿਕਰਾਂ ਦੀ ਆਰੀ ਉਸ ਨੂੰ ਜਰਨੀ ਪੈਂਦੀ ਹੈ। ਨਵਾਂ ਸੂਰਜ ਤਾਂ ਉਸ ਦਿਨ ਹੀ ਚੜ੍ਹੇਗਾ, ਜਦੋਂ ਮਜ਼ਦੂਰ ਜਾਗਰੂਕ ਹੋਵੇਗਾ। "ਨਵੇਂ ਸੂਰਜ" ਕਵਿਤਾ ਦੀਆਂ ਸਤਰਾਂ ਵੀ ਇਹੀ ਕਹਿ ਰਹੀਆਂ ਹਨ।

"ਤਲਖ ਮੌਸਮਾਂ ਦਾ ਹਿਸਾਬ" ਤੇ "ਲੋਕ ਰਾਜ" ਕਵਿਤਾਵਾਂ ਵਿਚ ਸੁਖਵਿੰਦਰ ਦੀ ਜੁਝਾਰੂ ਸੋਚ ਰਾਜਨੀਤੀ ਨੂੰ ਲੰਮੇ ਹੱਥੀਂ ਲੈਂਦੀ ਹੈ। "ਇੱਕ ਸੰਵਾਦ" ਦੇ ਬੋਲ ਖ਼ੁਦ ਬ ਖ਼ੁਦ ਬੋਲ ਰਹੇ ਹਨ...

ਰਾਜਨੀਤੀ ਬਹੁਤ ਚਲਾਕ ਲੂੰਬੜੀ ਹੈ
ਜੋ ਹਰ ਵਾਰ ਸਾਡੇ ਅੰਗੂਰ ਖਾ ਕੇ ਵੀ
ਖੱਟੇ ਦੱਸਦੀ ਹੈ...

ਸਾਡੇ ਇੱਥੇ ਲੋਕ ਰਾਜ,
ਲੋਕਾਂ ਦਾ ਰਾਜ ਨਹੀਂ
ਸਗੋਂ ਲੋਕਾਂ ਉੱਤੇ ਰਾਜ ਹੈ

ਹਵਾ ਨੂੰ ਕਹੋ
ਸਾਡੇ ਘਰਾਂ 'ਤੇ ਮਿਹਰਬਾਨ ਰਹੇ
ਨਹੀਂ ਤਾਂ ਤਪਦੇ ਪਿੰਡ ਗ਼ਰਕ ਹੋ ਜਾਣਗੇ...

"ਮੱਧ ਵਰਗ" ਇੱਕ ਸੰਵੇਦਨਸ਼ੀਲ ਰਚਨਾ ਹੈ, ਜਿਸ ਵਿਚ ਮੱਧ ਵਰਗ ਦੀ ਜ਼ਿੰਦਗੀ ਦੇ ਸੰਘਰਸ਼ ਨੂੰ ਉਭਾਰਿਆ ਗਿਆ ਹੈ...

ਅਸੀਂ ਬੇਜਾਨ ਸੜਕਾਂ ਹਾਂ
ਜਿਨ੍ਹਾਂ 'ਤੋਂ ਲੰਘ ਜਾਂਦੀਆਂ ਨੇ
ਫ਼ਰਜ਼ਾਂ ਦੀਆਂ ਮੋਟਰਾਂ ਚੁੱਪਚਾਪ...

ਦੋਸਤੋ, ਭਾਵੇਂ ਇਸ ਵੱਡੇ ਕਾਵਿ ਸੰਗ੍ਰਹਿ ਵਿਚ ਸ਼ਾਮਲ ਸਾਰੀਆਂ ਰਚਨਾਵਾਂ ਨੂੰ ਪਾਠਕਾਂ ਨਾਲ਼ ਸਾਂਝਿਆਂ ਕਰਨਾ ਮੁਮਕਿਨ ਨਹੀਂ, ਪਰੰਤੂ ਹੈ ਸਾਰੀਆਂ ਹੀ ਪੜ੍ਹਨ, ਮਾਨਣਯੋਗ! ਕੋਈ ਵੀ ਰਚਨਾ ਪਾਠਕ ਦਾ ਮਨ ਨਹੀਂ ਉਕਾਉਂਦੀ, ਬਲਕਿ, ਉਸ ਨੂੰ ਆਪਣੇ ਨਾਲ਼ ਤੋਰੀ ਰੱਖਦੀ ਹੈ। ਇਸ ਖ਼ੂਬਸੂਰਤ ਸੰਗ੍ਰਹਿ ਲਈ ਸੁਖਵਿੰਦਰ ਕੰਬੋਜ ਅਤੇ ਸੁਰਜੀਤ ਜੱਜ ਦੋਵੇਂ ਹੀ ਵਧਾਈ ਦੇ ਹੱਕਦਾਰ ਹਨ!

-ਡਾ. ਸੁਖਦੇਵ ਸਿੰਘ ਝੰਡ
ਫ਼ੋਨ: +1-647-567-9128
ਪੰਜਾਬ ਮੇਲ USA



# 10 ਕਿਲੋਮੀਟਰ ਦੌੜ ਦਾ ਤੇਜ਼ ਦੌੜਾਕ - ਬਚਿੱਤਰ ਕੰਗ ਉਰਫ਼ 'ਸੋਢੀ ਕੰਗ'

ਸੋਢੀ ਕੰਗ ਦਾ ਅਸਲੀ ਨਾਂ ਹੈ, ਬਚਿੱਤਰ ਸਿੰਘ। 'ਸੋਢੀ' ਤੇ 'ਕੰਗ' ਆਮ ਤੌਰ 'ਤੇ ਵਿਅਕਤੀਗ਼ਤ ਨਾਵਾਂ ਦੇ 'ਪਿਛਲੇ ਪਾਸੇ ਲੱਗਣ ਵਾਲੇ ਨਾਂ' (Surnames) ਹਨ, ਜੋ ਦੋ ਪਰਿਵਾਰਕ 'ਗੋਤਰਾਂ' ਨੂੰ ਦਰਸਾਉਂਦੇ ਹਨ। ਟੀ.ਪੀ.ਏ.ਆਰ. ਕਲੱਬ ਦੇ 10 ਕਿਲੋਮੀਟਰ ਦੇ ਦੌੜਾਕ ਸੋਢੀ ਕੰਗ ਨਾਲ ਗੱਲਬਾਤ ਸ਼ੁਰੂ ਕਰਨ ਤੋਂ ਪਹਿਲਾਂ ਜਦੋਂ ਉਸਦੇ ਨਾਂ ਵਿਚ ਆਏ ਦੋ ਗੋਤਰਾਂ 'ਸੋਢੀ' ਅਤੇ 'ਕੰਗ' ਦੇ ਨਿਵੇਕਲੀ ਕਿਸਮ ਦੇ 'ਸੁਮੇਲ' ਬਾਰੇ ਉਸਦੇ ਕੋਲੋਂ ਜਾਣਨਾ ਚਾਹਿਆ, ਤਾਂ ਉਸਨੇ ਦੱਸਿਆ ਕਿ ਉਸਦੇ ਦਾਦਾ ਜੀ ਪੱਕੇ 'ਅੰਮ੍ਰਿਤਧਾਰੀ ਸਿੱਖ' ਸਨ ਅਤੇ ਉਹ ਪਾਠ ਕਰਦੇ ਸਮੇਂ ਹਰ ਵੇਲੇ ਚੌਥੇ ਗੁਰੂ ਸੋਢੀ ਰਾਮਦਾਸ ਜੀ ਦਾ ਨਾਂ ਧਿਆਉਂਦੇ ਰਹਿੰਦੇ ਸਨ। ਉਹ ਅਕਸਰ ਕਿਹਾ ਕਰਦੇ ਸਨ ਕਿ ਸੋਢੀ ਪਾਤਸ਼ਾਹ ਦੀ ਮਿਹਰ ਨਾਲ ਉਨ੍ਹਾਂ ਦੇ ਘਰ ਜੇਕਰ ਪੋਤਰਾ ਪੈਦਾ ਹੋਇਆ, ਤਾਂ ਉਹ ਆਪਣੇ ਉਸ 'ਜੇਠੇ ਪੋਤਰੇ' ਦੇ ਨਾਂ ਨਾਲ ਸੋਢੀ ਜ਼ਰੂਰ ਲਗਾਉਣਗੇ। ਪਰਿਵਾਰਕ ਮੈਂਬਰਾਂ ਵੱਲੋਂ ਬੱਚੇ ਦਾ ਨਾਂ 'ਬਚਿੱਤਰ' ਚੁਣਿਆ ਗਿਆ ਪਰ ਦਾਦਾ ਜੀ ਦੀ ਇੱਛਾ ਅਨੁਸਾਰ ਉਸਦਾ ਨਾਂ 'ਸੋਢੀ ਬਚਿੱਤਰ ਸਿੰਘ' ਰੱਖਿਆ ਗਿਆ। 'ਕੰਗ' ਉਨ੍ਹਾਂ ਦਾ ਪਰਿਵਾਰਕ ਗੋਤਰ ਹੈ ਅਤੇ ਨਾਂ ਵਿਚ ਇਹ ਵੀ ਸ਼ਾਮਲ ਹੋਣ ਨਾਲ ਉਸਦਾ ਨਾਂ 'ਸੋਢੀ ਬਚਿੱਤਰ ਸਿੰਘ ਕੰਗ' ਬੜਾ ਲੰਮਾ ਹੋ ਗਿਆ, ਜੋ ਹਰੇਕ ਨੂੰ ਲੈਣਾ ਬੜਾ ਮੁਸ਼ਕਲ ਲੱਗਦਾ ਸੀ। ਹੌਲ਼ੀ-ਹੌਲ਼ੀ ਇਸ ਵਿਚਲਾ ਅਸਲੀ ਨਾਂ 'ਬਚਿੱਤਰ ਸਿੰਘ' ਬੋਲਚਾਲ ਵਿਚ ਗਾਇਬ ਹੁੰਦਾ ਗਿਆ ਅਤੇ ਉਸਦਾ ਨਾਂ 'ਸੋਢੀ ਕੰਗ' ਹੀ ਪੱਕ ਗਿਆ। ਸਾਰੇ ਹੁਣ ਉਸਨੂੰ ਸੋਢੀ ਕੰਗ ਕਰਕੇ ਹੀ ਜਾਣਦੇ ਹਨ। ਕਾਗਜ਼ਾਂ ਵਿਚ ਬੇਸ਼ਕ ਉਸਦਾ ਪੂਰਾ ਨਾਂ ਦਰਜ ਹੈ ਪਰ ਬੋਲਣ-ਚਾਲਣ ਵਿਚ ਉਹ ਹੁਣ 'ਸੋਢੀ ਕੰਗ' ਹੀ ਹੈ।









ਸੋਢੀ ਕੰਗ ਦਾ ਜਨਮ ਜਲੰਧਰ ਜ਼ਿਲ੍ਹੇ ਦੇ ਪਿੰਡ 'ਲੱਲੀਆਂ ਕਲਾਂ' ਵਿਚ 21 ਮਾਰਚ, 1978 ਨੂੰ ਸ. ਹਰਜੀਤ ਸਿੰਘ ਕੰਗ ਅਤੇ ਮਾਤਾ ਹਰਜਿੰਦਰ ਕੌਰ ਦੇ ਘਰ ਹੋਇਆ। ਪ੍ਰਾਇਮਰੀ ਅਤੇ ਹਾਈ ਸਕੂਲ ਦੀ ਪੜ੍ਹਾਈ ਪਿੰਡ ਦੇ ਸਰਕਾਰੀ ਸਕੂਲਾਂ ਤੋਂ ਕੀਤੀ। ਹਾਈ ਸਕੂਲ ਦੀ ਪੜ੍ਹਾਈ ਦੌਰਾਨ ਉਸਨੂੰ ਕਬੱਡੀ ਖੇਡਣ ਦਾ ਬੜਾ ਸ਼ੌਕ ਸੀ। ਉਹ ਭਾਵੇਂ ਸਕੂਲ ਦੀ ਟੀਮ ਵਿਚ ਸ਼ਾਮਲ ਨਹੀਂ ਸੀ ਪਰ ਆਪਣੇ ਪਿੰਡ ਦੀ ਕਬੱਡੀ ਦੀ ਟੀਮ ਦਾ ਵਧੀਆ ਜਾਫ਼ੀ ਸੀ। 55 ਕਿਲੋਗ੍ਰਾਮ ਤੱਕ ਦੇ ਭਾਰ-ਵਰਗ ਵਿਚ ਉਸਨੇ ਪਿੰਡਾਂ ਦੇ ਬਲਾਕ-ਪੱਧਰ ਟੂਰਨਾਮੈਂਟਾਂ ਵਿਚ ਕਈ ਵਾਰ ਹਿੱਸਾ ਲਿਆ ਅਤੇ ਆਪਣੀ ਟੀਮ ਨੂੰ ਜਿਤਾਉਣ ਵਿਚ ਭਰਵਾਂ ਯੋਗਦਾਨ ਪਾਇਆ। 1992 ਵਿਚ ਦਸਵੀਂ ਜਮਾਤ ਪਾਸ ਕਰਨ ਤੋਂ ਬਾਅਦ ਅਗਲੇ ਸਾਲ ਡੀ.ਏ.ਵੀ. ਕਾਲਜ ਨਕੋਦਰ ਤੋਂ ਗਿਆਰਵੀਂ ਜਮਾਤ ਪਾਸ ਕੀਤੀ ਅਤੇ ਬਾਰ੍ਹਵੀ ਐੱਨ.ਡੀ. ਵੈੱਕਟਰ ਸਕੂਲ ਜਲੰਧਰ ਤੋਂ ਕੀਤੀ। ਇਸ ਤੋਂ ਅੱਗੇ ਪੜ੍ਹਨ ਲਈ ਉਸਦਾ ਮਨ ਨਾ ਮੰਨਿਆ ਅਤੇ ਉਸਨੇ ਆਪਣੇ ਘਰਦਿਆਂ ਦੇ ਨਾਲ ਖੇਤੀਬਾੜੀ ਦੇ ਕੰਮਾਂ ਵਿਚ ਹੱਥ ਵਟਾਉਣਾ ਸ਼ੁਰੂ ਕਰ ਦਿੱਤਾ, ਕਿਉਂਕਿ ਉਸ ਨੂੰ ਟਰੈੱਕਟਰ ਚਲਾਉਣ ਅਤੇ ਘਰ ਦੇ 'ਫੇਰੇ-ਤੋਰੇ' ਵਾਲੇ ਉੱਪਰਲੇ ਕੰਮ ਕਰਨ ਦਾ ਵਧੇਰੇ ਸ਼ੌਕ ਸੀ।

29 ਅਕਤੂਬਰ 1999 ਨੂੰ ਉਹ 'ਮੈਰਿਜ-ਬੇਸ' 'ਤੇ ਕੈਨੇਡਾ ਪਹੁੰਚ ਗਿਆ। ਇੱਥੇ ਬਰੈਂਪਟਨ ਆ ਕੇ ਇੱਕ ਫ਼ੈਕਟਰੀ ਵਿਚ ਕੁਝ ਸਾਲ ਕੰਮ ਕਰਨ ਦੇ ਦੌਰਾਨ ਟਰੱਕ ਡਰਾਈਵਿੰਗ ਦਾ ਲਾਇਸੈਂਸ ਲੈ ਲਿਆ ਅਤੇ ਆਪਣੇ ਇੱਕ ਰਿਸ਼ਤੇਦਾਰ ਜੋਗਾ ਸੰਧਰ ਨਾਲ ਟਰੱਕ ਚਲਾਉਣਾ ਸ਼ੁਰੂ ਕਰ ਦਿੱਤਾ। ਲਗਭਗ ਤਿੰਨ ਸਾਲ ਉਸਨੇ ਜੋਗਾ ਸੰਧਰ ਨਾਲ ਡਰਾਈਵਰੀ ਕੀਤੀ ਅਤੇ ਫਿਰ 2004 ਵਿਚ ਆਪਣਾ ਟਰੱਕ ਲੈ ਲਿਆ। ਅਗਲੇ ਸਾਲ ਛੋਟੇ ਭਰਾ ਨੂੰ ਵੀ ਟਰੱਕ ਲੈ ਦਿੱਤਾ। ਪ੍ਰਮਾਤਮਾ ਦੀ ਬਖ਼ਸ਼ਿਸ਼ ਨਾਲ ਹੌਲ਼ੀ-ਹੌਲ਼ੀ ਉਨ੍ਹਾਂ ਦੇ ਪਰਿਵਾਰ ਦੇ ਇਸ ਕੰਮ 'ਚ ਵਾਧਾ ਹੁੰਦਾ ਗਿਆ ਅਤੇ ਉਸਦੇ ਪਰਿਵਾਰ ਨੇ 2011 ਵਿਚ ਆਪਣੀ ਟਰੱਕ ਕੰਪਨੀ 'ਰੈੱਡ ਰੌਕ ਹੌਲੇਜ' ਬਣਾ ਲਈ, ਜਿਸ ਵਿਚ ਹੁਣ ਉਨ੍ਹਾਂ ਦੇ 45 ਟਰੱਕ ਚੱਲ ਰਹੇ ਹਨ। ਸੋਢੀ ਕੰਗ ਇਸ ਕੰਪਨੀ ਵਿਚ 'ਡਿਸਪੈਚਰ' ਦਾ ਕੰਮ ਕਰਦਾ ਹੈ ਅਤੇ ਉਸਦਾ ਛੋਟਾ ਭਰਾ ਟਰੱਕਾਂ ਦੀ ਦੇਖ-ਰੇਖ, ਮੁਰੰਮਤ ਅਤੇ ਹੋਰ ਲੋੜੀਂਦਾ ਕੰਮ ਸੰਭਾਲ ਰਿਹਾ ਹੈ। ਕੰਪਨੀ ਦੇ ਦਫ਼ਤਰ ਵਿਚ ਦੋ ਕਰਮਚਾਰੀ ਮਨਜੋਤ ਸਿੰਘ ਤੇ ਹਰਿੰਦਰ ਗਿੱਲ ਕੰਮ ਕਰ ਰਹੇ ਹਨ ਅਤੇ ਸੋਢੀ ਕੰਗ ਦੀ ਛੋਟੀ ਭੈਣ ਇਸ ਕੰਮ ਵਿਚ ਉਨ੍ਹਾਂ ਦੀ ਸਹਾਇਤਾ ਅਤੇ ਅਗਵਾਈ ਕਰ ਰਹੀ ਹੈ।

ਦੌੜਨ-ਭੱਜਣ ਬਾਰੇ ਜਦੋਂ ਸੋਢੀ ਕੰਗ ਨੂੰ ਪੁੱਛਿਆ ਗਿਆ ਕਿ ਟਰੱਕ ਡਰਾਈਵਿੰਗ ਨਾਲ ਇਹ ਕੰਮ ਕਦੋਂ ਆਰੰਭ ਹੋਇਆ ਤਾਂ ਉਸਦਾ ਕਹਿਣਾ ਸੀ ਕਿ ਟਰੱਕ ਡਰਾਈਵਰੀ ਦੌਰਾਨ ਲੰਮਾਂ ਸਮਾਂ ਬੈਠਕ ਹੋਣ ਨਾਲ ਉਸਦਾ ਭਾਰ 230 ਪੌਂਡ ਹੋ ਗਿਆ। ਉਂਜ ਤਾਂ ਉਸਨੂੰ ਆਪ ਵੀ ਇਹ ਮੋਟਾਪਾ ਮਹਿਸੂਸ ਹੋਣ ਲੱਗ ਪਿਆ ਪਰ ਇੱਕ ਦਿਨ ਉਸਦਾ 'ਪੇਂਡੂ ਬਾਈ' ਕਬੱਡੀ ਦਾ ਮਸ਼ਹੂਰ ਖਿਡਾਰੀ ਸੰਦੀਪ ਲੱਲੀਆਂ ਜਦੋਂ ਉਸ ਨੂੰ ਮਿਲਿਆ, ਤਾਂ ਉਹ ਮਖ਼ੌਲ ਦੇ ਲਹਿਜ਼ੇ ਵਿਚ ਬੋਲਿਆ, "ਓਏ, ਸੋਢੀ ਕੰਗਾ, ਆਹ ਕੀ ਹੁਲੀਆ ਬਣਾ ਰੱਖਿਐ ਤੂੰ ਆਪਣਾ, ਕੁਝ ਹੋਸ਼ ਕਰ"। ਸੰਦੀਪ ਲੱਲੀਆਂ ਦੀ ਇਹ ਗੱਲ ਉਸਦੇ ਗਿੱਟਿਉਂ-ਗੋਡੇ ਹੁੰਦੀ ਹੋਈ ਦਿਲ ਨੂੰ ਜਾ ਵੱਜੀ। ਫਿਰ ਕੀ ਸੀ, ਉਸ ਤੋਂ ਅਗਲੇ ਦਿਨ ਹੀ ਉਸਨੇ ਜਿੰਮ ਜਾਣਾ ਸ਼ੁਰੂ ਕਰ ਦਿੱਤਾ। ਨਾਲ ਹੀ ਦੌੜਨਾ ਅਤੇ ਵਰਜਿਸ਼ ਕਰਨੀ ਵੀ ਆਰੰਭ ਦਿੱਤੀ। ਇਸ ਕੰਮ ਲਈ ਕਬੱਡੀ ਦੇ ਸ਼ੌਕੀਨ ਪੰਮੇ ਵੱਲੋਂ ਵੀ ਉਸਨੂੰ ਕਾਫ਼ੀ ਪ੍ਰੇਰਨਾ ਤੇ ਹੱਲਾਸ਼ੇਰੀ ਮਿਲੀ। ਹੌਲ਼ੀ-ਹੌਲ਼ੀ ਸਰੀਰਕ 'ਗੱਡੀ' ਰਵਾਂ ਹੋ ਗਈ ਅਤੇ ਉਸਦਾ ਭਾਰ ਵੀ ਘੱਟਣਾ ਸ਼ੁਰੂ ਹੋ ਗਿਆ। ਨਾਲ ਹੀ ਉਸਨੇ ਖਾਣ-ਪੀਣ ਦਾ ਵੀ ਕੁਝ ਖ਼ਿਆਲ ਰੱਖਿਆ ਤੇ ਕੁਝ ਮਹੀਨਿਆਂ ਵਿਚ ਹੀ ਉਸਦਾ ਸਰੀਰ ਆਮ ਵਰਗਾ ਵਿਖਾਈ ਦੇਣ ਲੱਗ ਪਿਆ। ਸੋਢੀ ਕੰਗ ਦਾ ਮੰਨਣਾ ਹੈ ਕਿ ਬੰਦਾ ਜੇਕਰ ਹਿੰਮਤ ਕਰੇ, ਤਾਂ ਉਹ ਕੀ ਨਹੀਂ ਕਰ ਸਕਦਾ।





ਨਿਯਮਤ ਤੌਰ 'ਤੇ ਦੌੜਾਂ ਵੱਲ ਆਉਣ ਬਾਰੇ ਪੁੱਛਣ 'ਤੇ ਸੋਢੀ ਕੰਗ ਨੇ ਦੱਸਿਆ ਕਿ ਟੀ.ਪੀ.ਏ.ਆਰ. ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਨਾਲ ਉਸਦੀ ਮੇਲ਼ 2018 ਵਿਚ ਬਰੈਂਪਟਨ ਦੇ 'ਐੱਲ.ਏ. ਫਿੱਟਨੈੱਸ ਸੈਂਟਰ' ਵਿਚ ਹੋਇਆ। ਉਸ ਤੋਂ ਬਾਅਦ ਜਲਦੀ ਹੀ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ ਵੱਲੋਂ 'ਇੰਸਪੀਰੇਸ਼ਨ ਸਟੈੱਪਸ-2018' ਕਰਵਾਏ ਜਾਣ ਦਾ ਦਿਨ ਨੇੜੇ ਆ ਰਿਹਾ ਸੀ। ਆਪਣੇ ਰੋਜ਼ਾਨਾ ਅਭਿਆਸ ਤੋਂ ਸੋਢੀ ਕੰਗ ਨੂੰ ਲੱਗਿਆ ਕਿ ਉਹ ਹੁਣ ਲੰਮੀ ਦੌੜ ਵਿਚ ਹਿੱਸਾ ਲੈ ਸਕਦਾ ਹੈ ਅਤੇ ਸੰਧੂਰਾ ਬਰਾੜ ਨਾਲ ਸਲਾਹ ਕਰਕੇ ਉਸਨੇ ਇਸ ਈਵੈਂਟ ਵਿਚ 42 ਕਿਲੋਮੀਟਰ 'ਫੁੱਲ-ਮੈਰਾਥਨ' ਲਈ ਆਪਣਾ ਨਾਂ ਰਜਿਸਟਰ ਕਰਵਾ ਲਿਆ। ਨਾਲ ਹੀ ਉਸਨੂੰ ਕਿਹਾ ਕਿ ਉਹ ਟੀ.ਪੀ.ਏ.ਆਰ. ਕਲੱਬ ਦੇ ਕਿਸੇ ਚੰਗੇ ਜਿਹੇ ਦੌੜਾਕ ਨਾਲ ਉਸਦਾ ਮੇਲ਼ ਕਰਵਾ ਦੇਵੇ, ਤਾਂ ਜੋ ਉਹ ਉਸਦੇ ਨਾਲ-ਨਾਲ ਦੌੜ ਸਕੇ।

ਬਰਾੜ ਨੇ ਉਸਨੂੰ ਮੈਰਾਥਨ ਦੌੜਾਕ ਸੂਰਤ ਸਿੰਘ ਚਾਹਲ ਨਾਲ ਮਿਲਵਾ ਦਿੱਤਾ ਅਤੇ ਸਕਾਰਬਰੋ ਦੇ ਗੁਰਦੁਆਰਾ ਸਾਹਿਬ ਤੋਂ ਆਰੰਭ ਹੋਣ ਵਾਲੀ ਫੁੱਲ-ਮੈਰਾਥਨ ਲਈ ਬਾਕੀ ਦੌੜਾਕਾਂ ਨਾਲ ਉਹ ਇਕੱਠੇ ਚੱਲ ਪਏ। 16-17 ਕਿਲੋਮੀਟਰ ਉਹ ਦੋਵੇਂ ਅੱਗੜ-ਪਿੱਛੜ ਦੌੜੇ। ਕਦੇ ਸੋਢੀ ਕੰਗ ਅਤੇ ਕਦੇ ਸੂਰਤ ਚਾਹਲ ਅੱਗੇ। ਮਾਲਟਨ ਗੁਰੂਘਰ ਦੇ ਨੇੜੇ ਆ ਕੇ ਸੋਢੀ ਕੰਗ ਦੀਆਂ ਲੱਤਾਂ ਫੁੱਲਣ ਲੱਗ ਪਈਆਂ ਅਤੇ ਉਸਨੇ ਹੌਂਸਲਾ ਹਾਰਨਾ ਸ਼ੁਰੂ ਕਰ ਦਿੱਤਾ। ਰਸਤੇ ਵਿਚ ਇੱਕ-ਦੋ ਥਾਵਾਂ 'ਤੇ ਤਾਂ ਉਸਨੇ ਇਹ ਦੌੜ ਵਿਚਾਲੇ ਹੀ ਛੱਡਣ ਦਾ ਫ਼ੈਸਲਾ ਕਰ ਲਿਆ ਪਰ ਸੂਰਤ ਚਾਹਲ ਵੱਲੋਂ ਮਿਲੀ ਹੌਂਸਲਾ-ਅਫ਼ਜ਼ਾਈ ਅਤੇ ਪ੍ਰੇਰਨਾ ਨਾਲ ਉਹ ਮਸਾਂ ਹੀ 4 ਘੰਟੇ 40 ਮਿੰਟ ਵਿਚ ਡਿਕਸੀ ਗੁਰੂਘਰ ਵਿਖੇ 'ਫਿਨਿਸ਼ ਪੋਆਇੰਟ' 'ਤੇ ਪਹੁੰਚਿਆ। ਇਸਦੇ ਨਾਲ ਹੀ ਉਸਨੇ ਉਦੋਂ 'ਫੁੱਲ-ਮੈਰਾਥਨ' ਤੋਂ ਤੌਬਾ ਕਰ ਲਈ ਅਤੇ ਆਪਣਾ ਧਿਆਨ 10 ਕਿਲੋਮੀਟਰ ਅਤੇ ਹਾਫ਼-ਮੈਰਾਥਨ ਵੱਲ ਲਗਾਉਣਾ ਸ਼ੁਰੂ ਕਰ ਦਿੱਤਾ। ਏਸੇ ਸਾਲ 2018 ਵਿਚ ਉਹ ਟੀ.ਪੀ.ਏ.ਆਰ. ਕਲੱਬ ਦੇ ਮੈਂਬਰਾਂ ਨਾਲ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਵੀ 15 ਮਿੰਟ 53 ਸਕਿੰਟਾਂ ਵਿਚ ਚੜ੍ਹਿਆ।

2019 ਵਿਚ ਉਸਨੇ ਟੀ.ਪੀ.ਏ.ਆਰ. ਕਲੱਬ ਦੇ ਸਾਥੀਆਂ ਨਾਲ 'ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ' ਈਵੈਂਟ ਵਿਚ ਹਾਫ਼-ਮੈਰਾਥਨ ਦੌੜ ਵਿਚ ਭਾਗ ਲਿਆ। ਇਸ ਸਾਲ ਉਹ 'ਪੀਟਰਬੋਰੋ ਬਟਰਫਲਾਈ 10 ਕਿਲੋਮੀਟਰ ਰਨ' ਦੌੜ ਵੀ ਦੌੜਿਆ ਅਤੇ 'ਇੰਸਪੀਰੇਸ਼ਨਲ ਸਟੈੱਪਸ-2019' ਵਿਚ ਉਸਨੇ ਹਾਫ਼-ਮੈਰਾਥਨ ਲਗਾਈ। ਇਸਦੇ ਨਾਲ ਹੀ ਕਲੱਬ ਦੇ ਮੈਂਬਰਾਂ ਨਾਲ ਉਸਨੇ ਪੀਲ ਪੋਲੀਸ ਵੱਲੋਂ ਕਰਵਾਈ ਜਾਂਦੀ 'ਰੇਸ ਅਗੇਨਸਟ ਰੇਸਿਜ਼ਮ' ਅਤੇ ਟੋਰਾਂਟੋ ਵਿਚ ਡਾਊਨ ਟਾਊਨ ਵਿਚ ਰਾਤ ਨੂੰ ਹੋਣ ਵਾਲੀ 'ਬਰੀਟਾ ਰਨ' ਵਿਚ ਵੀ ਹਿੱਸਾ ਲਿਆ। 2020 ਅਤੇ 2021 ਦੌਰਾਨ 'ਕੋਵਿਡ-19' ਮਹਾਂਮਾਰੀ ਕਾਰਨ ਖੇਡਾਂ ਦਾ ਕੋਈ ਵੀ ਈਵੈਂਟ ਨਾ ਹੋ ਸਕਿਆ। 2022 ਵਿੱਚ ਸਕੋਸ਼ੀਆਬੈਂਕ ਵਾਟਰਫ਼ਰੰਟ ਮੈਰਾਥਨ ਦੇ ਪ੍ਰਬੰਧਕਾਂ ਵੱਲੋਂ ਦੌੜਾਕਾਂ ਨੂੰ 'ਵਰਚੂਅਲ ਮੈਰਾਥਨ' ਲਗਾਉਣ ਦਾ ਸੱਦਾ ਦਿੱਤਾ ਗਿਆ ਸੀ, ਜਿਸ ਨੂੰ ਮੁੱਖ ਰੱਖਦਿਆਂ ਹੋਰ ਦੌੜਾਕਾਂ ਵਾਂਗ ਟੀ.ਪੀ.ਏ.ਆਰ. ਕਲੱਬ ਦੇ ਕਈ ਦੌੜਾਕਾਂ ਨੇ ਨਿੱਜੀ ਤੌਰ 'ਤੇ ਇਹ 42 ਕਿਲੋਮੀਟਰ ਦੌੜ ਉਦੋਂ 'ਕਿਸ਼ਤਾਂ' ਵਿਚ ਲਾਈ ਅਤੇ ਉਨ੍ਹਾਂ ਵਿਚ ਸੋਢੀ ਕੰਗ ਵੀ ਸ਼ਾਮਲ ਸੀ।





2023 ਵਿਚ ਸੋਢੀ ਕੰਗ ਨੇ ਸਾਰੀਆਂ ਦੌੜਾਂ ਵਿਚ ਬਾਕਾਇਦਾ ਭਾਗ ਲਿਆ। 2024 ਵਿਚ ਉਹ 'ਬਰੈਂਪਟਨ ਹਾਫ਼ ਮੈਰਾਥਨ' ਈਵੈਂਟ ਵਿਚ ਹਿੱਸਾ ਨਹੀਂ ਲੈ ਸਕਿਆ ਸੀ, ਪਰ ਬਾਕੀ ਸਾਰੀਆਂ ਦੌੜਾਂ ਵਿਚ ਉਸਨੇ ਟੀ.ਪੀ.ਏ.ਆਰ. ਕਲੱਬ ਦੇ ਸਾਥੀਆਂ ਨਾਲ ਭਾਗ ਲਿਆ। 2025 ਵਿਚ ਉਸਨੇ ਮੈਰਾਥਨ ਦੌੜਾਕ ਬਾਬਾ ਫ਼ੌਜਾ ਸਿੰਘ ਦੀ ਯਾਦ ਵਿਚ ਕਰਵਾਏ ਗਏ ਦੌੜ ਦੇ ਈਵੈਂਟ ਵਿਚ 10 ਕਿਲੋਮੀਟਰ ਦੌੜ ਵਿਚ ਹਿੱਸਾ ਲਿਆ ਅਤੇ ਫਿਰ ਬਰੈਂਪਟਨ ਹਾਫ਼ ਮੈਰਾਥਨ ਅਤੇ ਮਿਸੀਸਾਗਾ ਮੈਰਾਥਨ ਈਵੈਂਟਾਂ ਵਿਚ ਹਾਫ਼-ਮੈਰਾਥਨ ਦੌੜਿਆ। ਪਿਛਲੇ ਹਫ਼ਤੇ 18 ਅਪ੍ਰੈਲ 2026 ਨੂੰ ਕੈਨੇਡਾ ਦੇ ਸਾਬਕਾ ਫ਼ੌਜੀਆਂ ਨੂੰ ਯਾਦ ਕਰਦਿਆਂ ਕਰਵਾਈ ਗਈ ਅੱਠਵੀਂ 'ਰਨ ਫ਼ਾਰ ਵੈਟਰਨ' ਵਿਚ ਹਿੱਸਾ ਲੈਂਦਿਆਂ ਹੋਇਆਂ ਉਸਨੇ ਇਹ ਦੌੜ 10 ਕਿਲੋਮੀਟਰ 54 ਮਿੰਟ 59 ਸਕਿੰਟਾਂ ਵਿਚ ਲਗਾਈ। ਹੁਣ 2 ਮਈ ਨੂੰ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਈਵੈਂਟ ਵਿਚ ਹਿੱਸਾ ਲੈਣ ਲਈ ਉਸਦੀ ਪੂਰੀ ਤਿਆਰੀ ਕਰ ਰਿਹਾ ਹੈ।

ਇਸ ਤਰ੍ਹਾਂ ਸੋਢੀ ਕੰਗ ਨੇ ਹੁਣ ਤੱਕ ਫੁੱਲ-ਮੈਰਾਥਨ ਭਾਵੇਂ ਇੱਕ ਵਾਰ ਹੀ ਲਗਾਈ ਹੈ, ਪਰ ਹਾਫ਼-ਮੈਰਾਥਨ ਉਹ ਚਾਰ ਵਾਰ ਅਤੇ 10 ਕਿਲੋਮੀਟਰ ਦੌੜ 8-10 ਵਾਰ ਲਗਾ ਚੁੱਕਾ ਹੈ। 10 ਕਿਲੋਮੀਟਰ ਉਸਦੀ ਮਨਪਸੰਦ ਦੌੜ ਹੈ ਪਰ ਇਸਦੇ ਨਾਲ ਹੀ 21 ਕਿਲੋਮੀਟਰ ਹਾਫ਼-ਮੈਰਾਥਨ ਤਾਂ ਉਹ ਆਰਾਮ ਨਾਲ ਲਗਾ ਲੈਂਦਾ ਹੈ ਪਰ 'ਫੁੱਲ-ਮੈਰਾਥਨ' ਲਈ ਅਜੇ ਉਸਦਾ ਮਨ ਨਹੀਂ ਮੰਨ ਰਿਹਾ। ਉਂਜ, ਇਸਦੇ ਲਈ ਇੱਛਾ ਜ਼ਰੂਰ ਉਸਦੇ ਮਨ ਦੀ ਕਿਸੇ ਨੁੱਕਰੇ ਛੁਪੀ ਬੈਠੀ ਹੈ ਅਤੇ ਉਸਦਾ ਕਹਿਣਾ ਕਿ ਆਉਂਦੇ ਇੱਕ-ਦੋ ਸਾਲਾਂ ਵਿਚ ਉਸਨੇ ਇਸਦਾ ਅਭਿਆਸ ਕਰਕੇ ਫਿਰ 'ਬੋਸਟਨ ਮੈਰਾਥਨ' ਲਈ ਜਾਣ ਦੀ ਵੀ ਤਿਆਰੀ ਕਰੇਗਾ, ਜੋ ਬੜੀ ਚੰਗੀ ਗੱਲ ਹੈ।

ਖ਼ੁਰਾਕ ਬਾਰੇ ਪੁੱਛੇ ਜਾਣ 'ਤੇ ਸੋਢੀ ਕੰਗ ਨੇ ਦੱਸਿਆ ਕਿ ਖ਼ੁਰਾਕ ਤਾਂ ਆਮ ਤੌਰ 'ਤੇ ਉਸਦੀ ਆਮ ਪੰਜਾਬੀਆਂ ਵਾਲੀ 'ਸ਼ਾਕਾਹਾਰੀ' ਹੀ ਹੈ ਪਰ ਦੌੜਨ ਲਈ ਪ੍ਰੋਟੀਨ ਦੀ ਜ਼ਰੂਰਤ ਪੂਰੀ ਕਰਨ ਲਈ ਉਹ ਮੀਟ, ਮੱਛੀ ਅਤੇ ਅੰਡੇ ਖਾ ਲੈਂਦਾ ਹੈ। ਸਵੇਰ ਸਮੇਂ ਬਰੇਕ-ਫ਼ਾਸਟ ਵਿਚ ਉਹ ਆਪਣੀ ਸਮੂਦੀ ਵਿਚ 10-12 ਅੰਡੇ ਪਾਉਂਦਾ ਹੈ। ਲੰਚ ਵਿਚ ਚਿਕਨ ਬਰੈੱਸਟ ਤੇ ਬਰੌਕਲੀ ਲੈਣਾ ਪਸੰਦ ਕਰਦਾ ਹੈ ਅਤੇ ਰਾਤ ਦਾ ਖਾਣਾ ਘੱਟ-ਵੱਧ ਹੀ ਖਾਂਦਾ ਹੈ। ਕਦੇ ਕਦਾਈਂ ਜੇਕਰ ਦਿਲ ਕਰੇ ਤਾਂ ਦਾਲ਼/ਸਬਜ਼ੀ ਨਾਲ ਇੱਕ-ਅੱਧਾ ਫੁਲਕਾ ਖਾ ਲੈਂਦਾ ਹੈ, ਵਰਨਾ ਬਹੁਤੀ ਵਾਰ ਇਹ ਮਿੱਸ ਹੀ ਕਰਦਾ ਹੈ।

ਘਰ-ਪਰਿਵਾਰ ਬਾਰੇ ਪੁੱਛਣ 'ਤੇ ਉਸਨੇ ਦੱਸਿਆ ਕਿ ਉਨ੍ਹਾਂ ਦਾ 'ਸਾਂਝਾ ਪਰਿਵਾਰ' ਹੈ। ਉਹ ਦੋਵੇਂ ਭਰਾ ਆਪਣੇ ਮਾਤਾ ਪਿਤਾ ਅਤੇ ਬੱਚਿਆਂ ਨਾਲ ਇਕੱਠੇ ਰਹਿੰਦੇ ਹਨ। ਭੈਣਾਂ ਦੋਵੇਂ ਵਿਆਹੀਆਂ ਹੋਈਆਂ ਆਪਣੇ ਘਰੀਂ ਖ਼ੁਸ਼ੀ-ਖ਼ੁਸ਼ਹਾਲੀ ਵੱਸ ਰਹੀਆਂ ਹਨ। ਵੱਡੀ ਭੈਣ ਸਰਬਜੀਤ ਬਰਾੜ ਜਿਸਨੇ ਉਸਨੂੰ ਕੈਨੇਡਾ ਆਉਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ, ਪੂਰੇ ਧਾਰਮਿਕ ਸੰਸਕਾਰਾਂ ਵਾਲੀ 'ਅੰਮ੍ਰਿਤਧਾਰੀ' ਹੈ ਅਤੇ ਉਸਦਾ ਧਿਆਨ ਬਹੁਤਾ ਪਾਠ-ਪੂਜਾ ਵੱਲ ਹੀ ਹੈ। ਉਸਦੇ ਸਹੁਰੇ ਪਰਿਵਾਰ ਦੇ ਮੈਂਬਰ ਵੀ ਅੰਮ੍ਰਿਤਧਾਰੀ ਹਨ। ਛੋਟੀ ਭੈਣ ਕੁਲਵਿੰਦਰ ਢਿੱਲੋਂ ਨੂੰ ਦੌੜਨ ਹੁਣ ਏਨਾ ਸ਼ੌਕ ਨਹੀਂ ਰਿਹਾ, ਪਰ ਸੀ.ਐੱਨ. ਟਾਵਰ ਦੀਆਂ ਪੌੜੀਆਂ ਚੜ੍ਹਨ ਦੇ ਈਵੈਂਟ ਵਿਚ ਉਹ ਦੋ ਵਾਰ ਹਿੱਸਾ ਲੈ ਚੁੱਕੀ ਹੈ ਅਤੇ ਇਸ ਵਾਰੀ ਵੀ ਜਾਣ ਦੀ ਇੱਛੁਕ ਹੈ। ਛੋਟਾ ਭਰਾ ਬਲਜਿੰਦਰ ਕੰਗ 5 ਅਤੇ 10 ਕਿਲੋਮੀਟਰ ਦੌੜਾਂ ਵਿਚ ਹਿੱਸਾ ਲੈਂਦਾ ਹੈ।

ਸੋਢੀ ਕੰਗ ਦੇ ਮਾਤਾ-ਪਿਤਾ ਵੀ ਅੰਮ੍ਰਿਤਧਾਰੀ ਹਨ। ਪਿਤਾ ਜੀ ਹਰਜੀਤ ਸਿੰਘ ਕੰਗ ਨੂੰ ਜਿੱਥੇ ਘਰ ਦੀ ਬਗੀਚੀ ਵਿਚ ਫ਼ੁੱਲ-ਬੂਟੇ ਅਤੇ ਸਬਜ਼ੀਆਂ, ਵਗ਼ੈਰਾ ਉਗਾਉਣ ਦਾ ਸ਼ੌਕ ਹੈ, ਉੱਥੇ ਉਨ੍ਹਾਂ ਦੇ ਜੇਠਾ-ਪੁੱਤਰ ਸੋਢੀ ਕੰਗ ਕਬੂਤਰ ਪਾਲਣ ਦਾ ਸ਼ੌਕੀਨ ਹੈ। ਆਪਣੇ ਦੋ ਏਕੜ ਦੇ 'ਫ਼ਾਰਮ ਹਾਊਸ' ਵਿਚ ਸੋਢੀ ਕੰਗ ਨੇ ਲਗਭਗ 500 ਕਬੂਤਰ ਰੱਖੇ ਹੋਏ ਹਨ, ਜੋ ਪਰਿਵਾਰ ਦੇ ਸਾਰੇ ਜੀਆਂ ਦਾ ਦਿਲ ਲਾਈ ਰੱਖਦੇ ਹਨ। ਉਨ੍ਹਾਂ ਨੂੰ ਚੋਗਾ ਪਾਉਣਾ ਅਤੇ ਉਨ੍ਹਾਂ ਦੇ ਵੱਖ-ਵੱਖ ਤਰ੍ਹਾਂ ਦੇ ਕਰਤਬਾਂ ਨੂੰ ਵੇਖਣਾ ਉਨ੍ਹਾਂ ਦਾ ਮਨਭਾਉਂਦਾ ਸ਼ੌਕ ਹੈ। ਆਪਣੇ ਖੁੱਲ੍ਹੇ-ਡੁੱਲ੍ਹੇ ਫ਼ਾਰਮ-ਹਾਊਸ ਵਿਚ ਉਨ੍ਹਾਂ ਨੇ 60-70 ਕੁੱਕੜ/ਕੁੱਕੜੀਆਂ ਵੀ ਪਾਲ਼ ਰੱਖੀਆਂ ਹੋਈਆਂ ਹਨ, ਜਿਸ ਕਰਕੇ ਦੇਸੀ ਅੰਡੇ ਘਰ 'ਚ ਹੀ ਉਪਲੱਬਧ ਹੋ ਜਾਂਦੇ ਹਨ ਅਤੇ ਇਹ ਖੁੱਲ੍ਹੇ ਖਾਣ ਦੀ ਪਰਿਵਾਰ ਨੂੰ ਮੌਜ ਲੱਗੀ ਰਹਿੰਦੀ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਦੋ ਕੁੱਤੇ ਵੀ ਰੱਖੇ ਹੋਏ ਹਨ।

ਗੱਲ ਕੀ, ਕੰਗ ਪਰਿਵਾਰ ਨੇ ਹਰ ਤਰ੍ਹਾਂ ਦਾ ਸ਼ੌਕ ਪਾਲ਼ਿਆ ਹੋਇਆ ਹੈ ਅਤੇ ਉਹ ਇਸ ਦੇ ਨਾਲ ਸਾਰਾ ਦਿਨ ਕਾਫ਼ੀ ਰੁੱਝਿਆ ਰਹਿੰਦਾ ਹੈ। ਸੋਢੀ ਕੰਗ ਦੀ ਪਤਨੀ ਦਲਵੀਰ ਕੌਰ ਨੇ ਪਹਿਲਾਂ ਤਾਂ ਇੱਥੇ ਫ਼ੈਕਟਰੀਆਂ ਵਿਚ ਬਥੇਰਾ ਕੰਮ ਕੀਤਾ ਹੈ, ਪਰ ਹੁਣ ਉਹ ਘਰ ਦੇ ਕੰਮਾਂ ਅਤੇ ਬੱਚਿਆਂ ਦੀ ਪਰਵਰਿਸ਼ ਵਿਚ ਰੁਝੀ ਰਹਿੰਦੀ ਹੈ। ਉਨ੍ਹਾਂ ਦੇ ਤਿੰਨ ਬੱਚੇ ਹਨ। ਵੱਡਾ ਬੇਟਾ ਵਾਟਰਲੂ ਯੂਨੀਵਰਸਿਟੀ ਵਿਚ 'ਹਿਊਮਨ ਰੀਸੋਰਸਿਜ਼' (ਐੱਚ.ਆਰ.) ਵਿਚ ਡਿਗਰੀ ਕੋਰਸ ਕਰ ਰਿਹਾ ਹੈ, ਛੋਟਾ ਬੇਟਾ ਸੈਂਟੇਨੀਅਲ ਕਾਲਜ ਵਿਚ ਡੀਜ਼ਲ ਮਕੈਨਕੀ ਦਾ ਡਿਪਲੋਮਾ ਕਰ ਰਿਹਾ ਹੈ ਤੇ ਬੇਟੀ ਅਜੇ ਸਕੂਲ ਵਿਦਿਆਰਥਣ ਹੈ। ਘਰ-ਗ੍ਰਹਿਸਤੀ ਬੜੇ ਆਰਾਮ ਨਾਲ ਆਪਣੀ ਚਾਲੇ ਚੱਲਦੀ ਜਾ ਰਹੀ ਹੈ। ਘਰ ਦੇ ਸਾਰੇ ਜੀਅ ਉਸ ਮਾਲਕ-ਪ੍ਰਮਾਤਮਾ ਦਾ ਸ਼ੁਕਰਾਨਾ ਕਰਦੇ ਹਨ, ਜਿਸਦੀ ਮਿਹਰ ਨਾਲ ਘਰ-ਪਰਿਵਾਰ ਤੇ ਬਿਜ਼ਨੈੱਸ, ਸਾਰਾ ਕੁਝ ਬੜਾ ਵਧੀਆ ਚੱਲ ਰਿਹਾ ਹੈ।

# ਕ੍ਰੀਏਟਿਨ ਦਾ ਭੇਤ

ਸੁਰਿੰਦਰਪਾਲ ਸਿੰਘ
ਵਿਗਿਆਨ ਅਧਿਆਪਕ
ਸ੍ਰੀ ਅੰਮ੍ਰਿਤਸਰ ਸਾਹਿਬ, ਪੰਜਾਬ।
ਪੰਜਾਬ ਮੇਲUSA





ਕ੍ਰੀਏਟਿਨ, ਜਿਸਨੂੰ ਪਹਿਲਾਂ ਸਿਰਫ਼ ਬਾਡੀ ਬਿਲਡਿੰਗ ਸਪਲੀਮੈਂਟ ਵਜੋਂ ਦੇਖਿਆ ਜਾਂਦਾ ਸੀ, ਹੁਣ ਸਮੁੱਚੀ ਸਿਹਤ ਲਈ ਇੱਕ ਮਹੱਤਵਪੂਰਨ ਸਾਧਨ ਵਜੋਂ ਸਾਹਮਣੇ ਆ ਰਿਹਾ ਹੈ, ਖਾਸ ਕਰਕੇ ਵੱਧਦੀ ਉਮਰ ਦੇ ਲੋਕਾਂ ਵਿਚ ਇਸ ਦੀ ਵਰਤੋਂ ਜ਼ਰੂਰੀ ਹੋ ਗਈ ਹੈ।

## ਕ੍ਰੀਏਟਿਨ ਕੀ ਹੈ ?

ਕ੍ਰੀਏਟਿਨ ਇੱਕ ਕੁਦਰਤੀ ਪਦਾਰਥ ਹੈ, ਜੋ ਸਾਡੇ ਮਾਸਪੇਸ਼ੀਆਂ ਵਿਚ ਪਾਇਆ ਜਾਂਦਾ ਹੈ ਅਤੇ ਤੇਜ਼ ਸਰਗਰਮੀ ਦੌਰਾਨ ਊਰਜਾ ਪੈਦਾ ਕਰਨ ਵਿਚ ਮਦਦ ਕਰਦਾ ਹੈ। ਇਹ ਇੱਕ ਪ੍ਰਸਿੱਧ ਸਪਲੀਮੈਂਟ ਵਜੋਂ ਵੀ ਉਪਲਬਧ ਹੈ।

## ਕਸਰਤ ਕਰਨ ਵਾਲੇ ਇਸਨੂੰ ਕਿਉਂ ਪਸੰਦ ਕਰਦੇ ਹਨ ?

ਇਹ ਵੱਧ ਭਾਰ ਉਠਾਉਣ ਵਿਚ ਮਦਦ ਕਰਦਾ ਹੈ ਅਤੇ ਸਰੀਰ ਨੂੰ ਮੁੜ ਸਰਗਰਮ ਕਰਕੇ ਉਸ ਦੇ ਊਰਜਾ ਪੱਧਰ ਨੂੰ ਸੁਧਾਰਦਾ ਹੈ। ਇਸ ਨਾਲ ਮਾਸਪੇਸ਼ੀਆਂ ਭਰੀਆਂ ਅਤੇ ਵੱਡੀਆਂ ਦਿਖਾਈ ਦਿੰਦੀਆਂ ਹਨ। ਇਸੇ ਲਈ ਇਹ ਦੁਨੀਆਂ ਭਰ ਵਿਚ ਸਭ ਤੋਂ ਵੱਧ ਵਰਤੇ ਜਾਣ ਵਾਲੇ ਫਿਟਨੈੱਸ ਸਪਲੀਮੈਂਟਾਂ ਵਿਚੋਂ ਇੱਕ ਹੈ।

## ਕੀ ਇਹ ਸਟੀਰਾਇਡ ਹੈ ?

ਨਹੀਂ, ਇਹ ਕਥਨ ਸਹੀ ਅਤੇ ਢੁੱਕਵਾਂ ਨਹੀਂ ਹੈ। ਬਾਡੀ ਬਿਲਡਿੰਗ ਵਿਚ ਇਸਦੀ ਪ੍ਰਸਿੱਧੀ ਦੇ ਬਾਵਜੂਦ, ਕ੍ਰੀਏਟਿਨ ਸਟੀਰਾਇਡ ਨਹੀਂ ਹੈ। ਇਹ ਹਾਰਮੋਨਜ਼ 'ਤੇ ਅਸਰ ਨਹੀਂ ਪਾਂਦਾ — ਇਹ ਸਿਰਫ਼ ਮਾਸਪੇਸ਼ੀਆਂ ਨੂੰ ਤੇਜ਼ੀ ਨਾਲ ਊਰਜਾ ਪ੍ਰਦਾਨ ਕਰਨ ਵਿਚ ਮਦਦ ਕਰਦਾ ਹੈ।

## ਸਿਹਤਮੰਦ ਬੁੱਢਾਪੇ ਵਿਚ ਮਦਦਗਾਰ

ਵਿਗਿਆਨੀ ਹੁਣ ਕਸਰਤ ਤੋਂ ਇਲਾਵਾ ਕ੍ਰੀਏਟਿਨ ਦੇ ਹੋਰ ਫਾਇਦਿਆਂ ਦੀ ਵੀ ਜਾਂਚ ਕਰ ਰਹੇ ਹਨ। ਹਾਲੀਆ ਅਧਿਐਨਾਂ ਤੋਂ ਪਤਾ ਲੱਗਦਾ ਹੈ ਕਿ ਇਹ ਵਧੀਕ ਉਮਰ ਵਾਲੇ ਲੋਕਾਂ ਵਿਚ ਮਾਸਪੇਸ਼ੀਆਂ ਦੇ ਭਾਰ ਨੂੰ ਕਾਇਮ ਰੱਖਣ ਵਿਚ ਮਦਦ ਕਰ ਸਕਦਾ ਹੈ, ਜਿਸ ਨਾਲ ਤਾਕਤ ਅਤੇ ਚਲਣ-ਫਿਰਣ ਦੀ ਸਮਰੱਥਾ ਵਿਚ ਸੁਧਾਰ ਆ ਸਕਦਾ ਹੈ।

ਇਹ ਦਿਮਾਗੀ ਕਾਰਗੁਜ਼ਾਰੀ ਨੂੰ ਵੀ ਸਹਾਇਤਾ ਦੇ ਸਕਦਾ ਹੈ — ਪਰ ਇੱਕ ਗੱਲ ਮਹੱਤਵਪੂਰਨ ਹੈ:

ਇਹ ਇਕੱਲੇ ਨਹੀਂ, ਬਲਕਿ ਕਸਰਤ ਨਾਲ ਮਿਲ ਕੇ ਹੀ ਸਭ ਤੋਂ ਵਧੀਆ ਕੰਮ ਕਰਦਾ ਹੈ।

## ਕੀ ਇਹ ਸੁਰੱਖਿਅਤ ਹੈ ?

ਹਾਂ ਜੀ, ਸਿਹਤਮੰਦ ਲੋਕਾਂ ਲਈ ਕ੍ਰੀਏਟਿਨ ਦੀ ਵਰਤੋਂ ਸੁਰੱਖਿਅਤ ਮੰਨੀ ਜਾਂਦੀ ਹੈ, ਜੇਕਰ ਇਸਨੂੰ ਨਿਰਧਾਰਿਤ ਮਾਤਰਾ (3-5 ਗ੍ਰਾਮ ਪ੍ਰਤੀ ਦਿਨ) ਵਿਚ ਲਿਆ ਜਾਵੇ। ਇਸਦੇ ਮਾੜੂ ਪ੍ਰਭਾਵ ਆਮ ਤੌਰ 'ਤੇ ਹਲਕੇ ਹੁੰਦੇ ਹਨ। ਜਿਨ੍ਹਾਂ ਲੋਕਾਂ ਦੀ ਜੀਵਨ ਸ਼ੈਲੀ ਘੱਟ ਸਰਗਰਮੀ ਵਾਲੀ ਹੈ ਜਾਂ ਜੋ ਗੁਰਦੇ ਦੀ ਬਿਮਾਰੀ ਨਾਲ ਪੀੜਤ ਹਨ, ਉਹ ਇਸਦੀ ਵਰਤੋਂ ਤੋਂ ਪਹਿਲਾਂ ਡਾਕਟਰ ਦੀ ਸਲਾਹ ਲੈਣ।

ਕ੍ਰੀਏਟਿਨ ਹੁਣ ਸਿਰਫ਼ ਬਾਡੀ ਬਿਲਡਰਾਂ ਲਈ ਨਹੀਂ ਰਿਹਾ। ਇਹ ਜੀਵਨ ਭਰ ਮਾਸਪੇਸ਼ੀਆਂ ਦੀ ਸਿਹਤ ਲਈ ਇੱਕ ਸੰਭਾਵੀ ਸਾਧਨ ਵਜੋਂ ਉੱਭਰ ਰਿਹਾ ਹੈ — ਖਾਸ ਕਰਕੇ ਵੱਧਦੀ ਉਮਰ ਵਿਚ — ਪਰ ਇਹ ਕੋਈ ਜਾਦੂਈ ਹੱਲ ਨਹੀਂ ਹੈ।

ਕ੍ਰੀਏਟਿਨ ਵਿਗਿਆਨਕ ਤੌਰ 'ਤੇ ਪ੍ਰਮਾਣਿਤ ਹੈ। ਇਹ ਪ੍ਰਦਰਸ਼ਨ ਨੂੰ ਸੁਧਾਰਦਾ ਹੈ, ਜਿਸ ਨਾਲ ਮਾਸਪੇਸ਼ੀਆਂ ਵਿਚ ਵਾਧਾ ਹੁੰਦਾ ਹੈ। ਇਹ ਸੁਰੱਖਿਅਤ ਹੈ ਅਤੇ ਸਟੀਰਾਇਡ ਨਹੀਂ ਹੈ। ਇਹ ਉਮਰ ਨਾਲ ਜੁੜੇ ਮਾਸਪੇਸ਼ੀਆਂ ਦੀ ਘਾਟ ਨੂੰ ਰੋਕਣ ਵਿਚ ਮਦਦ ਕਰ ਸਕਦਾ ਹੈ।

## ਹੁਣ ਸਵਾਲ ਇਹ ਹੈ ਕਿ ਕੀ ਇਹ ਮਨੁੱਖਾਂ ਲਈ ਲਾਹੇਵੰਦ ਹੋ ਸਕਦਾ ਹੈ ?

ਸਧਾਰਣ ਜਵਾਬ ਹੈ - ਹਾਂ, ਪਰ ਸਿਰਫ਼ ਉਸ ਵੇਲੇ ਜਦੋਂ ਇਸਨੂੰ ਕਸਰਤ, ਸਹੀ ਪੋਸ਼ਣ ਅਤੇ ਲਗਾਤਾਰਤਾ ਨਾਲ ਜੋੜਿਆ ਜਾਵੇ।

## ਚਾਅ ਜਨਮ ਦਿਹਾੜੇ ਦਾ

ਸਾਰਿਆਂ ਨੂੰ ਚਾਅ ਹੁੰਦਾ ਜਨਮ ਦਿਹਾੜੇ ਦਾ।
ਆ ਜਾਂਦਾ ਚੇਤਾ ਸਮੇਂ ਚੰਗੇ ਅਤੇ ਮਾੜੇ ਦਾ।

ਵੱਡਿਆਂ ਦਾ ਜਨਮ ਦਿਹਾੜਾ ਵੱਡਾ ਹੁੰਦਾ ਏ,
ਜਨਮ ਦਿਹਾੜਾ ਭਲਾ ਹੁੰਦਾ ਕਾਹਦਾ ਮਾੜੇ ਦਾ।

ਸੱਠਾਂ-ਸੱਤਰਾਂ ਤੋਂ ਬੰਦਾ ਜਦੋਂ ਟੱਪ ਜਾਂਦਾ ਏ,
ਮਿੱਤਰੋ ਸਰੀਰ ਉਦੋਂ ਹੋ ਜਾਂਦਾ ਭਾੜੇ ਦਾ।

ਰੁੱਖ਼ਸਤ ਦੁਨੀਆਂ ਤੋਂ ਛੇਤੀ ਹੀ ਹੋ ਜਾਂਦਾ ਏ,
ਭਰਿਆ ਹਮੇਸ਼ਾ ਬੰਦਾ ਰਹਿੰਦਾ ਜਿਹੜਾ ਸਾੜੇ ਦਾ।

ਸੁਣਿਆ ਮੈਂ ਬੰਦਾ ਉਹ ਉਮਰ ਲੰਬੀ ਭੋਗਦਾ,
ਹੁੰਦਾ ਏ ਸ਼ੌਕੀਨ ਜਿਹੜਾ ਇੱਕ-ਅੱਧੇ ਹਾੜੇ ਦਾ।

ਲੰਮਾ ਸਮਾਂ ਮੰਜੇ ਨਾਲ ਬੰਦਾ ਜਿਹੜਾ ਲੱਗ ਜਾਂਦਾ,
ਆਖਦੇ ਨੇ ਸਾਰੇ ਹੁਣ ਘਰ ਇਹ ਉਜਾੜੇ ਦਾ।

ਉਸਦਾ ਬੁਢਾਪਾ ਕਹਿੰਦੇ ਬੜਾ ਔਖਾ ਲੰਘਦਾ,
ਮੱਲ ਜਿਹੜਾ ਪਹਿਲਾਂ ਰਿਹਾ ਹੁੰਦਾ ਏ ਅਖਾੜੇ ਦਾ।

ਹੱਸ ਖੇਡ 'ਨਾਗਰਾ' ਲੰਘਾ ਲੈ ਰਹਿੰਦੀ ਜਿੰਦਗੀ,
ਲੱਗਦਾ ਨ੍ਹੀਂ ਪਤਾ ਹੁੰਦਾ ਵਕਤ ਆਏ ਮਾੜੇ ਦਾ।

-ਜਸਪਾਲ ਸਿੰਘ ਨਾਗਰਾ (ਮਹਿੰਦਪੁਰੀਆ),
ਪੋਰਟਲੈਂਡ, ਓਰੇਗਨ (ਅਮਰੀਕਾ)
+1-360-448-1989



ਪੰਜਾਬ ਮੇਲUSA

## ਸਰਪਟ ਦੌੜਦਾ ਬੁਢਾਪਾ

ਦੀਵਾਲੀ ਦੀ ਦਾਰੂ,
ਮਸਾਂ ਮਸਾਂ ਉੱਤਰੀ ਹੈ!

ਹੌਲੀ ਹੌਲੀ ਜਾਂਦੀ ਹੋਈ ਵੀ,
ਕੁਝ ਹੋਰ ਦੀਵੇ ਜਗਾ ਗਈ ਹੈ!

ਜ਼ਿੰਦਗੀ ਦੇ ਅੰਤਿਮ ਸ਼ੂਨਯ ਵਿਚ,
ਕੁਝ ਹੋਰ ਰੰਗ ਪਾ ਗਈ ਹੈ!!!!

ਸ਼ੂਨਯ ਨੂੰ ਵੀ ਜਿਊਣ ਜੋਗਾ ਬਣਾ ਗਈ ਹੈ!!!
ਇਸ ਉਮਰ ਵਿਚ ਵੀ,

ਹੋਂਦ ਨੂੰ,
ਆਪਣੀ ਧੁਰੀ ਦੁਆਲੇ,

ਸਰਪਟ ਦੌੜਾ ਗਈ ਹੈ!!!
ਕੁਝ ਹੋਰ ਦੀਵੇ ਜਗਾ ਗਈ ਹੈ!!!

-ਰਵਿੰਦਰ ਰਵੀ, ਕੈਨੇਡਾ
250-635-4455



ਪੰਜਾਬ ਮੇਲUSA

## ਮੇਰੇ ਦੇਸ਼ ਦੇ ਜੱਥੇਦਾਰ

ਸੁਣਿਆ ਬੰਦਾ ਭੇਖੀ ਸੁਖੀ ਰਹਿੰਦਾ।
ਕਿਸੇ ਨੂੰ ਮੂੰਹ ਤੋਂ ਵੱਧ ਨਹੀਂ ਕਹਿੰਦਾ।
ਆਪਾ ਕਦੇ ਜ਼ਾਹਿਰ ਨਹੀਂ ਕਰਦਾ।
ਦੂਜਿਆਂ ਦੇ ਮਨ ਦੀ ਗੱਲ ਕਰਦਾ।
ਦੁਨੀਆਂ ਸਦਾ ਭਰਦੀ ਹੈ ਪਾਣੀ।
ਲੋਕੀਂ ਜਾਂਦੇ ਫਿਰ ਸੁਣਨ ਕਹਾਣੀ।

ਬਾਹਰ ਪਿੰਡਾਂ ਤੋਂ ਬਣਾ ਲਏ ਡੇਰੇ।
ਕੱਪੜੇ ਸਾਧੂਆਂ ਪਰ ਦਿਲੋਂ ਲੁਟੇਰੇ।

ਲੋਕਾਂ ਨੂੰ ਆਖੇ ਪੈਸੇ ਦਾ ਨਹੀਂ ਮੋਹ।
ਆਪੂੰ ਮਿੱਠੇ ਬਣ ਕੇ ਸਭ ਲੈਂਦੇ ਖੋਹ।
ਗੱਲਾਂ ਕਰਦੇ ਨੇ ਉੱਚੀਆਂ ਸੁੱਚੀਆਂ।
ਹਰਕਤਾਂ ਕਰਦੇ ਲੁੱਚੀਆਂ ਲੁੱਚੀਆਂ।

ਧਰਮ ਥੱਲੇ ਐਬ ਛੁਪਾਈ ਰੱਖਦੇ।
ਭੰਬਲ ਭੂਸੇ ਸਭ ਨੂੰ ਪਾਈ ਰੱਖਦੇ।
ਭਗਵੇਂ ਚਿੱਟੇ ਹਰੇ ਹੋਵਣ ਕਾਲ਼ੇ।
ਸਰਦਾ ਨਹੀਂ ਬਿਨ ਘਾਲੇ ਮਾਲ਼ੇ।
ਰਲ਼ਕੇ ਸਰਕਾਰਾਂ ਚਲਾਈ ਜਾਂਦੇ।
ਜਨਤਾ ਦਾ ਘਾਣ ਕਰਾਈ ਜਾਂਦੇ।

ਕਹਾਉਂਦੇ ਚਾਹੇ ਲੋਕਾਂ ਦੇ ਸੇਵਕ।
ਉਂਝ ਚੌਧਰ ਦੀ ਭੈੜੀ ਹੈ ਚੇਟਕ।
ਸਰਕਾਰਾਂ ਤੱਕ ਪਹੁੰਚ ਹੈ ਪੂਰੀ।
ਲੋਕਾਂ ਦੀ ਗੱਲ ਕਰਨ ਅਧੂਰੀ।
ਇੰਝ ਲਾਰਾ ਲੱਪਾ ਲਾਈ ਰੱਖਦੇ।
ਕਾਲ਼ੀ ਕਰਤੂਤ ਛੁਪਾਈ ਰੱਖਦੇ।

-ਸੇਵਾ ਸਿੰਘ 'ਨੂਰਪੁਰੀ'



ਪੰਜਾਬ ਮੇਲUSA

# PUNJAB MAIL USA

TV Channel, Newspaper, Radio

24 Hours 7 Days



## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY

RE/MAX



RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**